ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

22-28 ਅਕਤੂਬਰ 2025

ਸਾਲ 16ਵਾਂ - ਅੰਕ 43

email : info@sadelok.com

Ph. : 510-706-1300

Fax : 925-373-1300

## ਨਿਹੰਗ ਸਿੰਘਾਂ ਨੇ ਬੰਦੀ ਛੋੜ ਦਿਵਸ ਮੌਕੇ ਦਿਖਾਏ ਖਾਲਸਾਈ ਜੌਹਰ

(ਦੇਖੋ ਸਫ਼ਾ 26 'ਤੇ)



## ਵਾਈਟ ਹਾਊਸ 'ਚ ਮਨਾਈ ਦੀਵਾਲੀ ਜਸ਼ਨਾਂ 'ਚ ਸ਼ਾਮਲ ਹੋਏ ਟਰੰਪ



ਵਾਸ਼ਿੰਗਟਨ, ਡੀਸੀ : ਸੰਯੁਕਤ ਰਾਜ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਵਿਨੈ ਮੋਹਨ ਕਵਾਤਰਾ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਲ ਦੀਵਾਲੀ ਦੇ ਜਸ਼ਨਾਂ ਵਿੱਚ (ਦੇਖੋ ਸਫ਼ਾ 3 'ਤੇ)

## ਕੈਲੀਫੋਰਨੀਆ ਵਿਖੇ ਟਰੱਕ ਡਰਾਈਵਰ 21 ਸਾਲਾ ਜਸ਼ਨਪ੍ਰੀਤ ਸਿੰਘ ਨੇ 3 ਨਿਰਦੋਸ਼ ਲੋਕਾਂ ਲਈ ਜਾਨ, 4 ਜ਼ਖ਼ਮੀ




(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਓਨਟਾਰੀਓ (ਕੈਲੀਫੋਰਨੀਆ): ਮੰਗਲਵਾਰ ਨੂੰ ਦੱਖਣੀ ਕੈਲੀਫੋਰਨੀਆ ਦੇ ਓਨਟਾਰੀਓ ਸ਼ਹਿਰ ਵਿੱਚ 10 ਫਰੀਵੇਅ 'ਤੇ ਹੋਏ ਇੱਕ ਭਿਆਨਕ ਹਾਦਸੇ, ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ, ਦੇ ਦੋਸ਼ੀ ਸੈਮੀ-ਟਰੱਕ ਡਰਾਈਵਰ (ਦੇਖੋ ਸਫ਼ਾ 33 'ਤੇ)

# ਬੰਦੀ ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤ ਨਤਮਸਤਕ

## ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਸਿੰਘਾਂ ਨੂੰ ਸਰਕਾਰ ਤੁਰੰਤ ਰਿਹਾਅ ਕਰੇ : ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

(ਦੇਖੋ ਸਫ਼ਾ 22 'ਤੇ)



## ਹਰਦੀਪ ਸਿੰਘ ਪੁਰੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ 'ਜੋੜੇ ਸਾਹਿਬ' ਪੰਥ ਨੂੰ ਸੌਂਪੇ



ਨਵੀਂ ਦਿੱਲੀ : ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਬੀਤੇ ਦਿਨ ਗੁਰਦੁਆਰਾ ਮੋਤੀ ਬਾਗ ਵਿਖੇ ਹੋਏ ਇੱਕ ਵਿਸ਼ੇਸ਼ ਕੀਰਤਨ ਸਮਾਗਮ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ ਜੋੜਾ ਸਾਹਿਬ (ਚਰਣ ਸੁਹਾਵੇ) ਦਿੱਲੀ ਗੁਰਦੁਆਰਾ ਕਮੇਟੀ ਨੂੰ ਸੌਂਪ ਦਿੱਤੇ। ਸੰਗਤ ਗੁਰਦੁਆਰਾ ਕੰਪਲੈਕਸ ਵਿੱਚ ਚਰਣ ਸੁਹਾਵੇ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈ। ਇਸ ਮੌਕੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਵੀ ਪਵਿੱਤਰ ਜੋੜਾ ਸਾਹਿਬ ਦੇ ਦਰਸ਼ਨ ਕੀਤੇ ਅਤੇ 'ਚਰਣ ਸੁਹਾਵੇ ਯਾਤਰਾ' ਲਈ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਦੱਸਣਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੁਦ ਇਹ ਜੋੜਾ ਸਾਹਿਬ ਕੇਂਦਰੀ ਮੰਤਰੀ ਦੇ (ਦੇਖੋ ਸਫ਼ਾ 25 'ਤੇ)

### ਗੁਰੂ ਸਾਹਿਬ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਲਈ ਵੱਡੀ ਮਿਸਾਲ

## ਯੂ.ਐਸ. ਕਾਂਗਰਸ ਨੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਦਿੱਤੀ ਮਾਨਤਾ



ਵਾਸ਼ਿੰਗਟਨ ਡੀਸੀ (ਸਾਡੇ ਲੋਕ) : ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਉਪਰਾਲਿਆਂ ਸਦਕਾ, ਸਿੱਖ ਕੌਮ ਲਈ ਅੱਜ ਦਾ ਦਿਨ ਇਤਿਹਾਸਿਕ ਬਣ ਗਿਆ ਹੈ। ਸੰਸਾਰ ਭਰ ਦੀ ਸੁਪਰੀਮ ਪਾਵਰ ਅਮਰੀਕਾ ਵਿੱਚ ਪੈਨਸਿਲਵੇਨੀਆਂ ਤੋ ਕਾਂਗਰਸਮੈਨ ਬ੍ਰੈਂਡਨ ਬਾਇਲੇ ਦੇ ਯਤਨਾਂ ਸਦਕਾ ਕਾਂਗਰਸ ਹਾਊਸ ਵਿੱਚ ਸਿੱਖਾ ਦੇ ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇ ਸ਼ਹੀਦੀ ਦਿਹਾੜੇ ਨੂੰ ਸਤਿਕਾਰ ਅਤੇ ਮਾਨਤਾ ਦਿੱਤੀ ਗਈ। ਇਸ ਮੌਕੇ ਉਨ੍ਹਾਂ ਆਪਣੇ ਸੰਦੇਸ਼ ਦੌਰਾਨ ਕਿਹਾ ਕਿ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਉਹਨਾਂ ਦੇ ਪਿਆਰੇ ਗੁਰਸਿੱਖ ਭਾਈ ਮਤੀ ਦਾਸ ਜੀ, (ਦੇਖੋ ਸਫ਼ਾ 9 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000



Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC | Lathrop URGENT CARE | Main Street URGENT CARE
https ://www.sanramonurgentcare.com | Email us at info@sanramonucc.com



ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਵਾਈਟ ਹਾਊਸ 'ਚ ਮਨਾਈ ਦੀਵਾਲੀ ਜਸ਼ਨਾਂ 'ਚ ਸ਼ਾਮਲ ਹੋਏ ਟਰੰਪ

## • ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ 'ਤੇ ਦਿੱਤੀ ਵਧਾਈ
## • ਖੇਤਰ 'ਚ ਸ਼ਾਂਤੀ ਬਾਰੇ ਕੀਤੀ ਗੱਲ

ਵਾਸ਼ਿੰਗਟਨ, ਡੀਸੀ, (ਰਾਜ ਗੋਗਨਾ) : ਸੰਯੁਕਤ ਰਾਜ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਵਿਨੈ ਮੋਹਨ ਕਵਾਤਰਾ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਲ ਦੀਵਾਲੀ ਦੇ ਜਸ਼ਨਾਂ ਵਿੱਚ ਸ਼ਾਮਲ ਹੋ ਕੇ ਉਹਨਾਂ ਨੇ 'ਬਹੁਤ ਹੀ ਸਨਮਾਨ ਮਹਿਸੂਸ ਕਰ ਰਹੇ ਹਨ ਅਤੇ ਉਹਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਭਾਰਤੀ-ਅਮਰੀਕੀ ਭਾਈਚਾਰੇ ਨੂੰ ਵੀ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਅੱਜ



ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੀਵਾਲੀ ਮਨਾਉਣ ਲਈ ਸ਼ਾਮਲ ਹੋ ਕੇ ਮੈਨੂੰ ਬਹੁਤ ਹੀ ਮਾਣ ਮਹਿਸੂਸ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੀ ਉਨ੍ਹਾਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਇਸ ਸੁੰਦਰ ਇਸ਼ਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸਾਰਿਆਂ ਨੂੰ, ਖਾਸ ਕਰਕੇ ਅਮਰੀਕਾ ਵਿੱਚ 5 ਮਿਲੀਅਨ ਦੇ ਕਰੀਬ ਭਾਰਤੀ ਪ੍ਰਵਾਸੀਆਂ ਨੂੰ ਵੀ ਦੀਵਾਲੀ ਦੀਆਂ ਨਿੱਘੀਆਂ ਸ਼ੁਭਕਾਮਨਾਵਾਂ, 'ਰਾਜਦੂਤ ਕਵਾਤਰਾ ਨੇ ਐਕਸ ਤੇ ਇੱਕ ਪੋਸਟ ਵਿੱਚ ਦਿੱਤੀਆਂ। ਇਸ ਤੋਂ ਪਹਿਲਾਂ ਰਾਸ਼ਟਰਪਤੀ ਟਰੰਪ ਨੇ ਵ੍ਹਾਈਟ ਹਾਊਸ ਵਿਖੇ ਦੀਵਾਲੀ ਦੇ ਜਸ਼ਨਾਂ ਵਿੱਚ ਹਿੱਸਾ ਲਿਆ ਅਤੇ ਇਸ ਮੌਕੇ 'ਤੇ ਭਾਰਤ ਦੇ ਲੋਕਾਂ ਅਤੇ ਭਾਰਤੀ-ਅਮਰੀਕੀਆਂ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ। ਸ਼ੁਰੂਆਤੀ ਟਿੱਪਣੀਆਂ ਦੌਰਾਨ, ਅਮਰੀਕੀ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕੀਤੀ, ਉਨ੍ਹਾਂ ਨੂੰ ਇੱਕ 'ਮਹਾਨ ਵਿਅਕਤੀ' ਅਤੇ 'ਮਹਾਨ ਦੋਸਤ' ਕਿਹਾ, ਜਦੋਂ ਕਿ ਵਪਾਰ ਅਤੇ ਖੇਤਰੀ ਸ਼ਾਂਤੀ ਵਿੱਚ ਅਮਰੀਕਾ-ਭਾਰਤ ਸਬੰਧਾਂ ਨੂੰ ਉਜਾਗਰ ਵੀ ਕੀਤਾ। ਇਸ ਤਿਉਹਾਰ ਦੇ ਮਹੱਤਵ ਨੂੰ ਉਜਾਗਰ ਕਰਦੇ ਹੋਏ, ਰਾਸ਼ਟਰਪਤੀ ਟਰੰਪ ਨੇ ਕਿਹਾ, 'ਕੁਝ ਹੀ ਪਲਾਂ ਵਿੱਚ, ਅਸੀਂ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਵਿੱਚ ਵਿਸ਼ਵਾਸ ਦੇ ਪ੍ਰਤੀਕ ਵਜੋਂ ਦੀਵਾ ਜਗਾਵਾਂਗੇ। ਜੋ ਅਗਿਆਨਤਾ ਉੱਤੇ ਗਿਆਨ ਅਤੇ ਬੁਰਾਈ ਉੱਤੇ ਚੰਗਿਆਈ ਹੈ। ਉਹਨਾਂ ਅੱਗੇ ਕਿਹਾ ਕਿ ਦੀਵੇ ਦੀ ਲਾਟ ਹਰ ਕਿਸੇ ਨੂੰ 'ਸਿਆਣਪ ਦੇ ਮਾਰਗ ਦੀ ਭਾਲ ਕਰਨ ਅਤੇ ਮਿਹਨਤ ਨਾਲ ਕੰਮ ਕਰਨ ਅਤੇ ਸਾਡੇ ਬਹੁਤ ਸਾਰੇ ਆਸ਼ੀਰਵਾਦਾਂ ਲਈ ਹਮੇਸ਼ਾ ਧੰਨਵਾਦ ਕਰਨ ਦੀ ਯਾਦ ਦਿਵਾਉਂਦੀ ਹੈ। ਆਪਣੀਆਂ ਸ਼ੁਰੂਆਤੀ ਟਿੱਪਣੀਆਂ ਤੋਂ ਬਾਅਦ, ਟਰੰਪ ਨੇ ਵ੍ਹਾਈਟ ਹਾਊਸ ਵਿਖੇ ਤਿਉਹਾਰ ਮਨਾਉਣ ਲਈ ਦੀਵੇ ਵੀ ਜਗਾਏ। ਇਸ ਸਮਾਗਮ ਦੌਰਾਨ ਟਰੰਪ ਪ੍ਰਸ਼ਾਸਨ ਦੇ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ, ਜਿਨ੍ਹਾਂ ਵਿੱਚ ਐਫਬੀਆਈ ਡਾਇਰੈਕਟਰ ਕਸ਼ ਪਟੇਲ, ਓਡੀਐਨਆਈ ਡਾਇਰੈਕਟਰ ਤੁਲਸੀ ਗੈਬਾਰਡ, ਵ੍ਹਾਈਟ ਹਾਊਸ ਦੇ ਡਿਪਟੀ ਪ੍ਰੈਸ ਸਕੱਤਰ ਕੁਸ਼ ਦੇਸਾਈ, ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਵਿਨੈ ਮੋਹਨ ਕਵਾਤਰਾ ਅਤੇ ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਸਰਜੀਓ ਗੋਰ ਸ਼ਾਮਲ ਸਨ। ਇਸ ਸਮਾਰੋਹ ਵਿੱਚ ਪ੍ਰਮੁੱਖ ਭਾਰਤੀ-ਅਮਰੀਕੀ ਕਾਰੋਬਾਰੀ ਆਗੂਆਂ ਦਾ ਇੱਕ ਵਫ਼ਦ ਵੀ ਸ਼ਾਮਲ ਹੋਇਆ, ਜੋ ਕਿ ਅਮਰੀਕਾ-ਭਾਰਤ ਸਬੰਧਾਂ ਵਿੱਚ ਭਾਰਤੀ ਪ੍ਰਵਾਸੀਆਂ ਦੀ ਵਧਦੀ ਸ਼ਮੂਲੀਅਤ ਨੂੰ ਵੀ ਦਰਸਾਉਂਦਾ ਹੈ। ਵ੍ਹਾਈਟ ਹਾਊਸ ਵਿਖੇ ਹੋਣ ਵਾਲਾ ਇਹ ਜਸ਼ਨ ਅਮਰੀਕੀ ਸਮਾਜ ਵਿੱਚ ਦੀਵਾਲੀ ਦੇ ਸੱਭਿਆਚਾਰਕ ਮਹੱਤਵ ਅਤੇ ਅਮਰੀਕਾ ਅਤੇ ਭਾਰਤ ਦੇ ਨਜ਼ਦੀਕੀ ਸਬੰਧਾਂ ਨੂੰ ਵੀ ਦਰਸਾਉਂਦਾ ਹੈ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਮਸ਼ਹੂਰ ਲੋਕ ਗਾਇਕ ਸ੍ਰੀ ਸੁਖਦੇਵ ਸਾਹਿਲ ਅਤੇ ਪ੍ਰਸਿੱਧ ਕਮੇਡੀਅਨ ਸ੍ਰ. ਵਿਜੈ ਸਿੰਘ ਨੇ ਸਰੋਤਿਆਂ ਨੂੰ ਅੱਧੀ ਰਾਤ ਤੱਕ ਕੀਲੀ ਰੱਖਿਆ











ਨਿਊਯਾਰਕ : ਕੈਲੀਫੋਰਨੀਆ ਵਿਖੇ ਪੰਜਾਬੀ ਦੇ ਪ੍ਰਸਿੱਧ ਗਾਇਕ ਸ੍ਰੀ ਸੁਖਦੇਵ ਸਾਹਿਲ ਅਤੇ ਉਨ੍ਹਾਂ ਨਾਲ ਡੀਜੇ ਮਾਸਟਰ ਅਤੇ ਪ੍ਰਸਿੱਧ ਕਮੇਡੀਅਨ ਸ੍ਰ. ਵਿਜੈ ਸਿੰਘ ਨੇ ਇਕ ਸ਼ਾਮ ਵਿਜੈ ਸਾਹਿਲ ਦੇ ਨਾਮ ਹੇਠ ਮਹਿਮਾਨ ਰੈਸਟੋਰੈਂਟ 'ਚ ਇਕ ਵਿਸ਼ੇਸ਼ ਪ੍ਰਭਾਵਸ਼ਾਲੀ ਇਕੱਠ 'ਚ ਲੋਕਾਂ ਨੂੰ ਕੀਲ ਕੇ ਰੱਖੀ ਰੱਖਿਆ। ਪਹਿਲਾਂ ਵਿਜੈ ਨੇ ਆਪਣੀ ਹਾਸਮਈ ਕਲਾ ਦੇ ਨਾਲ ਲੋਕਾਂ ਦੇ ਢਿੱਡੀਂ ਪੀੜਾ ਪਾ ਰੱਖੀਆਂ। ਵਾਰ ਵਾਰ ਤਾੜੀਆਂ ਦੀ ਗੂੰਜ 'ਚ ਲੋਕ ਅਸ਼ ਅਸ਼ ਕਰ ਉਠੇ। ਸ੍ਰ. ਵਿਜੈ ਨੇ ਵੱਖ-ਵੱਖ ਨਾਮਵਰ ਹਸਤੀਆਂ ਦੀਆਂ ਆਵਾਜ਼ਾਂ 'ਚ ਵੱਖਰੇ-ਵੱਖਰੇ ਅੰਦਾਜ਼ 'ਚ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਉਨ੍ਹਾਂ ਦੇ ਇਸ ਸਟੇਜ ਉਪਰ ਪਤਾ ਹੀ ਨਹੀਂ ਲੱਗਾ ਕਿ ਕਦੋਂ ਡੇਢ ਘੰਟਾ ਗੁਜਰ ਗਿਆ ਅਤੇ ਲੋਕ ਹੋਰ ਇਕ ਹੋਰ ਕਰਦੇ ਰਹੇ ਅਤੇ ਵਿਜੈ ਨੇ ਵੀ ਸਰੋਤਿਆਂ ਨੂੰ ਨਰਾਜ਼ ਨਹੀਂ ਕੀਤਾ। ਛੋਟੀ ਉਮਰ ਦੇ ਨੌਜਵਾਨਾਂ ਤੋਂ ਲੈ ਕੇ ਬਜ਼ੁਰਗਾਂ ਤੱਕ ਆਏ ਹੋਏ ਸਰੋਤਿਆਂ, ਮਹਿਮਾਨਾਂ ਦਾ ਰੱਜ ਕੇ ਮਨੋਰੰਜਨ ਕੀਤਾ। ਉਪਰੰਤ ਚਾਹ ਪਾਣੀ ਅਤੇ ਰੋਟੀ ਤੋਂ ਬਾਅਦ ਦੂਜੇ ਦੌਰ 'ਚ ਚੰਗੀ ਗਾਇਕੀ ਦੇ ਥੰਮ ਵਜੋਂ ਜਾਣੇ ਜਾਂਦੇ ਸ੍ਰੀ ਸੁਖਦੇਵ ਸਾਹਿਲ ਨੇ ਜਿਉਂ ਹੀ ਸੁਣੀ ਮਾਲਕਾ ਮੇਰੀ ਕੂਕ ਪਾਪੀਹੇ ਵਾਲੀ ਛੇੜੀ ਤਾਂ ਦਰਸ਼ਕ ਮੰਤਰ ਮੁਗਦ ਹੋ ਗਏ। ਉਸ ਤੋਂ ਬਾਅਦ ਪ੍ਰਸਿੱਧ ਸ਼ਾਇਰੀ ਤੇ ਕਈ ਕਿਤਾਬਾਂ ਦੀ ਲੇਖਕ ਨੀਲਮ ਸੈਣੀ ਦਾ ਕਲਾਮ 'ਮੈਂ ਅੱਖਰਾਂ ਦੀ ਲੋਅ ਨੀ ਅੰਮੜੀਏ' ਗਾਇਆ ਤਾਂ ਲੋਕ ਉਠਕੇ ਤਾੜੀਆਂ ਮਾਰਨ ਲੱਗੇ। ਉਪਰੰਤ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸ੍ਰੀ ਪੰਕਜ਼ ਆਂਸਲ ਦਾ ਕਲਾਮ ਗਾਇਆ ਤਾਂ ਸੁਣਨ ਵਾਲੇ ਅਸ਼ ਅਸ਼ ਕਰ ਉਠੇ। ਉਸ ਤੋਂ ਬਾਅਦ ਉਨ੍ਹਾਂ ਨੇ VISPA ਦੇ ਸੀਨੀਅਰ ਸੇਵਾਦਾਰ ਤੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ ਸ੍ਰ. ਜਗਜੀਤ ਨੌਸ਼ਹਿਰਵੀ ਦੀ ਗ਼ਜ਼ਲ ਗਾਈ ਤਾਂ ਦਰਸ਼ਕ ਵਾਹ ਵਾਹ ਕਰਨ ਲੱਗੇ। ਇਸ ਤਰ੍ਹਾਂ ਲਗਾਤਾਰ ਤਾਰਾ ਸਾਗਰ, ਮੱਖਣ ਲੁਹਾਰ ਅਤੇ ਹੋਰ ਸ਼ਾਇਰਾਂ ਦੇ ਗੀਤਾਂ, ਗ਼ਜ਼ਲਾਂ ਨਾਲ ਪਿੜ ਬੰਨ੍ਹ ਦਿੱਤਾ। ਸ੍ਰੀ ਸੁਖਦੇਵ ਸਾਹਿਲ ਦੀ ਜਾਦੂਮਈ ਆਵਾਜ਼ ਦਰਸ਼ਕਾਂ 'ਚ ਐਸਾ ਜਾਦੂ ਬਿਖੇਰਦੀ ਕਿ ਲੋਕ ਸ਼ਾਂਤ ਹੋ ਕੇ (Pindrod Silence) ਸੁਣਦੇ ਰਹੇ।

ਸ੍ਰੀ ਸੁਖਦੇਵ ਸਾਹਿਬ ਦੀ ਮੁੱਖ ਪਛਾਣ ਅਤੇ ਗਾਇਕੀ ਦਾ ਖੇਤਰ

ਸੁਖਦੇਵ ਸਾਹਿਲ ਇੱਕ ਪ੍ਰਸਿੱਧ ਪਰਵਾਸੀ ਪੰਜਾਬੀ ਗਾਇਕ ਹਨ ਜੋ ਕੈਲੀਫੋਰਨੀਆ, ਅਮਰੀਕਾ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਮੁੱਖ ਤੌਰ 'ਤੇ ਇੱਕ 'ਸਾਹਿਤਕ ਗਾਇਕ' (literary singer) ਵਜੋਂ ਜਾਣਿਆ ਜਾਂਦਾ ਹੈ, ਜੋ ਆਪਣੀ ਲੋਕ ਗਾਇਕੀ, ਗ਼ਜ਼ਲਾਂ ਅਤੇ ਖਾਸ ਕਰਕੇ ਸੂਫ਼ੀਆਨਾ ਕਲਾਮ ਲਈ ਮਸ਼ਹੂਰ ਹਨ। ਖਬਰਾਂ ਅਨੁਸਾਰ, ਉਨ੍ਹਾਂ ਨੇ ਸੰਗੀਤ ਦੀ ਸਿਖਲਾਈ ਆਪਣੇ ਪਿਤਾ-ਗੁਰੂ ਧਰਮ ਸਿੰਘ ਪਰਦੇਸੀ ਤੋਂ ਇਲਾਵਾ, ਪੰਜਾਬ ਦੇ ਦਿੱਗਜ ਕਲਾਕਾਰਾਂ ਜਿਵੇਂਕਿ ਉਸਤਾਦ ਪੂਰਨ ਸ਼ਾਹਕੋਟੀ ਅਤੇ ਹੰਸ ਰਾਜ ਹੰਸ ਤੋਂ ਵੀ ਹਾਸਲ ਕੀਤੀ ਹੈ। ਉਹ ਅਕਸਰ ਬਾਬਾ ਬੁੱਲ੍ਹੇ ਸ਼ਾਹ, ਸ਼ਿਵ ਕੁਮਾਰ ਬਟਾਲਵੀ ਅਤੇ ਸੁਰਜੀਤ ਪਾਤਰ ਵਰਗੇ ਵੱਡੇ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਆਪਣੀ ਆਵਾਜ਼ ਦਿੰਦੇ ਹਨ।

ਤਾਜ਼ਾ ਸਰਗਰਮੀਆਂ ਅਤੇ ਖ਼ਬਰਾਂ (ਅਕਤੂਬਰ 2025)

ਸੁਖਦੇਵ ਸਾਹਿਲ ਹਾਲ ਹੀ ਵਿੱਚ ਆਪਣੇ ਨਵੇਂ ਜਾਰੀ ਕੀਤੇ ਗੀਤਾਂ ਕਰਕੇ ਚਰਚਾ ਵਿੱਚ ਹਨ:

1. ਨਵੇਂ ਗੀਤਾਂ ਦੀ ਲੜੀ: ਅਕਤੂਬਰ 2025 ਦੇ ਸ਼ੁਰੂਆਤੀ ਹਫ਼ਤਿਆਂ ਵਿੱਚ, ਉਨ੍ਹਾਂ ਨੇ 'ਅਵਤਾਰ ਰਿਕਾਰਡਜ਼' (Avtar Records) ਲੇਬਲ ਹੇਠ ਕਈ ਨਵੇਂ ਗੀਤ ਰਿਲੀਜ਼ ਕੀਤੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

- 'ਅੰਬਰ ਦਾ ਤਾਰਾ' (Ambar Da Tara): 1 ਅਕਤੂਬਰ ਨੂੰ ਰਿਲੀਜ਼ ਹੋਏ ਇਸ ਗੀਤ ਦੇ ਬੋਲ ਜਗਜੀਤ ਨੌਸ਼ਿਹਰਵੀ ਨੇ ਲਿਖੇ ਹਨ।
- 'ਮੋਹ' (Moh) : 2 ਅਕਤੂਬਰ ਨੂੰ ਜਾਰੀ ਹੋਏ ਇਸ ਗੀਤ ਨੂੰ ਤਾਰਾ ਸਿੰਘ ਸਾਗਰ ਨੇ ਲਿਖਿਆ ਹੈ।
- 'ਫਿਕਰ ਨਾ ਕਰ' (Fikar Na Kar): 4 ਅਕਤੂਬਰ ਨੂੰ ਰਿਲੀਜ਼ ਹੋਏ ਇਸ ਗੀਤ ਦੇ ਬੋਲ ਕੁਲ ਵਿੰਦਰ ਨੇ ਲਿਖੇ ਹਨ।
- ਇਨ੍ਹਾਂ ਸਾਰੇ ਨਵੇਂ ਗੀਤਾਂ ਦਾ ਸੰਗੀਤ ਰਵੀ ਸਾਹਿਲ (ਸੁਰਿੰਦਰ ਜੋਗੀਆ) ਵੱਲੋਂ ਤਿਆਰ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਅਵਤਾਰ ਲੱਖਾ ਵੱਲੋਂ ਪੇਸ਼ ਕੀਤਾ ਗਿਆ ਹੈ।

2. ਸਾਹਿਤਕ ਸਮਾਗਮਾਂ ਵਿੱਚ ਸ਼ਮੂਲੀਅਤ:

- ਗੀਤਾਂ ਤੋਂ ਇਲਾਵਾ, ਸਤੰਬਰ 2025 ਦੀਆਂ ਰਿਪੋਰਟਾਂ ਮੁਤਾਬਕ, ਸੁਖਦੇਵ ਸਾਹਿਲ ਨੇ 'ਵਿਪਸਾ' (Vipsa) ਨਾਮਕ ਇੱਕ ਸਾਹਿਤਕ ਸਮਾਗਮ ਵਿੱਚ ਵੀ ਸ਼ਿਰਕਤ ਕੀਤੀ, ਜਿੱਥੇ 'ਸਤਨਾਜਾ' (Satnaja) ਪੁਸਤਕ ਲੋਕ ਅਰਪਣ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਆਪਣੀ ਗਾਇਕੀ ਪੇਸ਼ ਕਰਦਿਆਂ ਸੂਫ਼ੀ ਅਤੇ ਲੋਕ ਸਾਹਿਤ ਦੀਆਂ ਵੰਨਗੀਆਂ ਸੁਣਾਈਆਂ।

**ਹੋਰ ਪ੍ਰਮੁੱਖ ਗਤੀਵਿਧੀਆਂ**

ਉਹ ਉੱਤਰੀ ਅਮਰੀਕਾ ਵਿੱਚ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਨੂੰ ਉਤਸ਼ਾਹਿਤ ਕਰਨ ਵਿੱਚ ਸਰਗਰਮ ਰਹਿੰਦੇ ਹਨ। ਉਹ ਪਹਿਲਾਂ ਵੀ ਕੈਨੇਡਾ ਦੇ 'ਗ਼ਜ਼ਲ ਮੰਚ ਸਰੀ' (Ghazal Manch Surrey) ਅਤੇ ਚੰਡੀਗੜ੍ਹ ਵਿਖੇ 'ਸੁਰੇਲੀ ਮੁਹੱਬਤ' (Sureeli Mohabbat) ਵਰਗੇ ਵੱਕਾਰੀ ਸੰਗੀਤਕ ਪ੍ਰੋਗਰਾਮਾਂ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਚੁੱਕੇ ਹਨ, ਜਿੱਥੇ ਉਨ੍ਹਾਂ ਦੀ ਗਾਇਕੀ ਨੂੰ ਭਰਪੂਰ ਸਲਾਹਿਆ ਗਿਆ ਹੈ।

ਅੱਜ ਦੀ ਇਹ ਇਕ ਸ਼ਾਮ Vijay of Sahil ਦੇ ਨਾਮ ਵਾਕਿਆ ਹੀ ਚਿਰ ਤੱਕ ਯਾਦ ਰੱਖਣ ਵਾਲੀ ਸ਼ਾਮ ਹੋ ਨਿਭੜੀ।













ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਇੰਡੋ-ਯੂ.ਐਸ. ਹੈਰੀਟੇਜ਼ ਫਰਿਜ਼ਨੋ ਵੱਲੋਂ ਗਦਰੀ ਬਾਬਿਆਂ ਦੀ ਯਾਦ 'ਚ ਮੇਲਾ, ਸ਼ਹੀਦਾਂ ਨੂੰ ਕੀਤਾ ਸਿਜਦਾ







ਫਰਿਜ਼ਨੋ/ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) : ਫਰਿਜ਼ਨੋ ਦੀ ਧਰਤੀ 'ਤੇ ਇੰਡੋ-ਯੂ.ਐਸ. ਹੈਰੀਟੇਜ਼ ਫਰਿਜ਼ਨੋ ਵੱਲੋਂ ਗਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਸਲਾਨਾ ਗਦਰੀ ਮੇਲੇ ਦਾ ਆਯੋਜਨ ਟਿੱਲੀ ਐਲੀਮੈਂਟਰੀ ਸਕੂਲ, ਫਰਿਜ਼ਨੋ ਵਿਖੇ ਕੀਤਾ ਗਿਆ। ਮੇਲੇ ਦੀ ਸ਼ੁਰੂਆਤ ਗੁਰਿੰਦਰਜੀਤ ਸਿੰਘ (ਨੀਟਾ ਮਾਛੀਕੇ) ਨੇ ਸਭਨਾਂ ਨੂੰ ਜੀ ਆਇਆ ਕਹਿਣ ਨਾਲ ਕੀਤੀ, ਜਦਕਿ ਗਾਇਕ ਰਾਜ ਬਰਾੜ ਨੇ ਦੇਸ਼-ਭਗਤੀ ਦੇ ਗੀਤ ਨਾਲ ਸ਼ਹੀਦਾਂ ਨੂੰ ਨਮਨ ਕੀਤਾ। ਸ਼ਮਾਂ ਰੌਸ਼ਨ ਕਰਕੇ ਸ਼ਹੀਦਾਂ ਦੀ ਯਾਦ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਾ. ਸਰਬਜਿੰਦਰ ਸਿੰਘ (ਵਾਈਸ ਚਾਂਸਲਰ, ਅਨੰਦਪੁਰ ਸਾਹਿਬ ਯੂਨੀਵਰਸਿਟੀ) ਨੇ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨਾਂ ਵਿੱਚ ਐਡਵੋਕੇਟ ਨਰਿੰਦਰ ਸਿੰਘ ਚਾਹਲ, ਪ੍ਰਿਤਪਾਲ ਕੌਰ ਉਦਾਸੀ (ਇਨਕਲਾਬੀ ਕਵੀ ਸਵ. ਸੰਤ ਰਾਮ ਉਦਾਸੀ ਦੀ ਬੇਟੀ), ਪਰਮਜੀਤ ਕੌਰ ਪਾਸ਼ (ਇਨਕਲਾਬੀ ਕਵੀ ਅਵਤਾਰ ਪਾਸ਼ ਦੀ ਭੈਣ), ਕਾਂਗਰਸਮੈਨ ਜਿੰਮ ਕੌਸਟਾ ਅਤੇ ਮਲਕੀਤ ਸਿੰਘ ਦਾਖਾ ਆਦਿ ਸ਼ਾਮਲ ਸਨ।

ਡਾ. ਸਰਬਜਿੰਦਰ ਸਿੰਘ ਨੇ ਆਪਣੇ ਭਾਸ਼ਣ ਦੌਰਾਨ ਗਦਰ ਲਹਿਰ ਦੇ ਆਗੂਆਂ ਦੀਆਂ ਅਣਸੁਣੀਆਂ ਕਹਾਣੀਆਂ ਤੇ ਅਜ਼ਾਦੀ ਤੋਂ ਬਾਅਦ ਉਨ੍ਹਾਂ ਨਾਲ ਹੋਏ ਵਿਤਕਰੇ ਬਾਰੇ ਗਹਿਰਾਈ ਨਾਲ ਚਰਚਾ ਕੀਤੀ, ਜਿਸਨੇ ਹਾਜ਼ਰੀਨ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਐਡਵੋਕੇਟ ਨਰਿੰਦਰ ਸਿੰਘ ਚਾਹਲ ਨੇ ਜੋਸ਼ੀਲੇ ਅੰਦਾਜ਼ ਵਿੱਚ ਅਜ਼ਾਦ ਭਾਰਤ ਦੀ ਭ੍ਰਿਸ਼ਟ ਅਫਸਰਸ਼ਾਹੀ ਅਤੇ ਨਿਕੰਮੀ ਸਿਆਸੀ ਲੀਡਰਸ਼ਿਪ ਨੂੰ ਕਰੜੇ ਹੱਥੀਂ ਲਿਆ। ਪ੍ਰਿਤਪਾਲ ਕੌਰ ਉਦਾਸੀ ਨੇ ਆਪਣੇ ਪਿਤਾ ਸਵ. ਸੰਤ ਰਾਮ ਉਦਾਸੀ ਦੀਆਂ ਦਮਦਾਰ ਰਚਨਾਵਾਂ ਪੇਸ਼ ਕਰਕੇ ਦਰਸ਼ਕਾਂ ਦੇ ਦਿਲ ਜਿੱਤ ਲਏ।

ਸੰਸਥਾ ਦੇ ਕਨਵੀਨਰ ਸ. ਸਾਧੂ ਸਿੰਘ ਸੰਘਾ ਅਤੇ ਸੈਕਟਰੀ ਹੈਰੀ ਮਾਨ ਨੇ ਸਮੂਹ ਸੰਗਤ ਦਾ ਸਵਾਗਤ ਕੀਤਾ, ਜਦਕਿ ਜਨਰਲ ਸੈਕਟਰੀ ਰਣਜੀਤ ਗਿੱਲ (ਜੱਗਾ ਸੁਧਾਰ) ਅਤੇ ਗਾਇਕ ਕਮਲਜੀਤ ਬੈਨੀਪਾਲ ਨੇ ਕਵਿੱਸ਼ਰੀ ਰਾਹੀਂ ਮੰਚ ਤੋਂ ਖੂਬ ਰੌਣਕਾਂ ਲਾਈਆਂ। ਮੇਲੇ ਦੌਰਾਨ ਗਾਇਕ ਗੋਗੀ ਸੰਧੂ, ਪੱਪੀ ਭਦੌੜ, ਰਾਜ ਬਰਾੜ, ਕਮਲਜੀਤ ਬੈਨੀਪਾਲ ਅਤੇ ਚਰਨਜੀਤ ਕੌਰ ਕੁੱਸਾ ਆਦਿ ਨੇ ਅਜ਼ਾਦੀ ਨਾਲ ਸੰਬੰਧਤ ਗੀਤਾਂ ਨਾਲ ਸਭ ਨੂੰ ਨਿਹਾਲ ਕੀਤਾ। ਉੱਚ ਅਕਾਦਮਿਕ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ-ਜਿਨ੍ਹਾਂ ਨੇ 4.0 ਗ੍ਰੇਡ ਪੌਇੰਟ ਐਵਰੇਜ ਪ੍ਰਾਪਤ ਕੀਤਾ, ਉਹਨਾਂ ਨੂੰ ਸੰਸਥਾ ਵੱਲੋਂ ਕੈਸ਼ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ।

ਗਦਰੀ ਬਾਬਿਆਂ ਦੀ ਯਾਦ ਵਿੱਚ ਲੱਗੀ ਇਤਿਹਾਸਕ ਤਸਵੀਰਾਂ ਦੀ ਪ੍ਰਦਰਸ਼ਨੀ ਸਭ ਲਈ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਡਾ. ਸਰਬਜਿੰਦਰ ਸਿੰਘ ਤੇ ਨੀਟਾ ਮਾਛੀਕੇ ਆਦਿ ਸੱਜਣਾ ਦੀਆਂ ਪੁਸਤਕਾਂ ਦਾ ਸਟਾਲ ਵੀ ਲੱਗਿਆ ਹੋਇਆ ਸੀ। ਇਸ ਮੌਕੇ ਭਾਈਚਾਰੇ ਲਈ ਵਿਸ਼ੇਸ਼ ਸੇਵਾਵਾਂ ਲਈ ਪੱਤਰਕਾਰ ਕੁਲਵੰਤ ਉੱਭੀ ਧਾਲੀਆਂ, ਡਾ. ਸਬਰਜਿੰਦਰ ਸਿੰਘ, ਐਡਵੋਕੇਟ ਨਰਿੰਦਰ ਸਿੰਘ ਚਾਹਲ ਅਤੇ ਪ੍ਰਿਤਪਾਲ ਕੌਰ ਉਦਾਸੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸੇ ਸਮੇਂ ਸੰਸਥਾ ਦਾ ਸੋਵੀਨੀਅਰ ਰਿਲੀਜ਼ ਕੀਤਾ ਗਿਆ ਅਤੇ ਐਡਵੋਕੇਟ ਨਰਿੰਦਰ ਚਾਹਲ ਦੀ ਪੁਸਤਕ "ਅਦਾਲਤਾਂ ਅੰਦਰਲਾ ਸੱਚ" ਦਾ ਵਿਸ਼ੇਸ਼ ਲੋਕ ਅਰਪਣ ਵੀ ਕੀਤਾ ਗਿਆ। ਇਸ ਮੌਕੇ ਡਾ. ਮਨਰੀਤ ਕੌਰ ਗਰੇਵਾਲ, ਡਾ. ਅਰਜਨ ਸਿੰਘ ਜੋਸ਼ਨ, ਡਾ. ਮਲਕੀਤ ਸਿੰਘ ਕਿੰਗਰਾ, ਬੇਟੀ ਸਵਨੀਤ ਕੌਰ ਕਿੰਗਰਾ, ਅਤੇ ਡਾ. ਗੁਰੀਤ ਬਰਾੜ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਗਦਰ ਅੰਦੋਲਨ ਨੂੰ ਜਾਗਰੂਕਤਾ ਦੀ ਨਵੀਂ ਪ੍ਰੇਰਣਾ ਵਜੋਂ ਦਰਸਾਇਆ।

ਮੇਲੇ ਦੌਰਾਨ ਚਾਹ, ਪਕੌੜਿਆਂ ਅਤੇ ਜਲੇਬੀਆਂ ਦਾ ਲੰਗਰ ਅਤੁੱਟ ਵਰਤਿਆ, ਜਿਸ ਦਾ ਸਾਰੇ ਹਾਜ਼ਰੀਨਾਂ ਨੇ ਖੁੱਲ੍ਹ ਕੇ ਅਨੰਦ ਮਾਣਿਆ। ਇਸ ਮੇਲੇ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ ਦੇ ਅਣਥੱਕ ਮੈਂਬਰਾਂ ਸਿਰ ਜਾਂਦਾ ਹੈ। ਜਿਨ੍ਹਾਂ ਵਿੱਚ ਨਿਰਮਲ ਸਿੰਘ ਧਨੌਲਾ (ਪ੍ਰਧਾਨ), ਸਾਧੂ ਸਿੰਘ ਸੰਘਾ (ਕਨਵੀਨਰ), ਰਣਜੀਤ ਗਿੱਲ (ਜਨਰਲ ਸਕੱਤਰ), ਹੈਰੀ ਮਾਨ (ਸਕੱਤਰ) , ਮਨਜੀਤ ਕੁਲਾਰ (ਖ਼ਜ਼ਾਨਚੀ), ਸੰਤੋਖ ਸਿੰਘ ਢਿੱਲੋਂ, ਰਜਿੰਦਰ ਬਰਾੜ ਵੈਰੋਕੇ, ਸਤਵੰਤ ਸਿੰਘ ਵਿਰਕ, ਕੁਲਵਿੰਦਰ ਸਿੰਘ ਫੀਡਸਾ, ਸੁਲੱਖਣ ਸਿੰਘ ਗਿੱਲ, ਕਮਲਜੀਤ ਬੈਨੀਪਾਲ, ਪੁਸ਼ਪਿੰਦਰ ਪਾਤੜਾਂ ਅਤੇ ਨੀਟਾ ਮਾਛੀਕੇ ਆਦਿ ਦੇ ਨਾਮ ਜਿਕਰਯੋਗ ਹਨ। ਇਸ ਮੇਲੇ ਵਿੱਚ ਬੇਕਰਸਫੀਲਡ ਕਿਸਾਨ ਮੋਰਚੇ ਦੇ ਮੈਂਬਰਾਂ ਨੇ ਸ਼ਿਰਕਤ ਕਰਕੇ ਮੇਲੇ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ। ਅੰਤ ਵਿੱਚ ਸ਼ਹੀਦਾਂ ਨੂੰ ਸਿਜਦਾ ਕਰਦੇ ਹੋਏ ਇਹ ਮੇਲਾ ਅਜ਼ਾਦੀ ਦੀਆਂ ਯਾਦਾਂ ਨਾਲ ਭਰਪੂਰ, ਅਮਿੱਟ ਪੈੜ ਛੱਡਦਾ ਹੋਇਆ ਯਾਦਗਾਰੀ ਤਰੀਕੇ ਨਾਲ ਨਿਬੜਿਆ।

# ਟਰੰਪ ਦੀਆਂ ਨੀਤੀਆਂ ਵਿਰੁੱਧ ਅਮਰੀਕਾ 'ਚ ਲੱਖਾਂ ਲੋਕ ਨੇ ਕੀਤਾ ਪ੍ਰਦਰਸ਼ਨ

## 2,700 ਤੋਂ ਵੱਧ ਸ਼ਹਿਰਾਂ ਅਤੇ ਕਸਬਿਆਂ ਤੋਂ ਲੋਕ ਹੋਏ ਸ਼ਾਮਲ









ਵਾਸ਼ਿੰਗਟਨ ਡੀ.ਸੀ. : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਵਾਸ਼ਿੰਗਟਨ ਡੀ.ਸੀ. ਤੋਂ ਲੰਡਨ ਤੱਕ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ। 'No Kings' ਨਾਮ ਦਾ ਇਹ ਵਿਰੋਧ ਪ੍ਰਦਰਸ਼ਨ ਅਮਰੀਕਾ ਅਤੇ ਵਿਸ਼ਵ ਪੱਧਰ 'ਤੇ ਕੀਤਾ ਜਾ ਰਿਹਾ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਦੁਨੀਆ ਭਰ ਵਿੱਚ 2,600 ਤੋਂ ਵੱਧ 'ਨੋ ਕਿੰਗਜ਼' ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਸੈਂਕੜੇ ਲੋਕ ਲੰਡਨ ਵਿੱਚ ਅਮਰੀਕੀ ਦੂਤਘਰ ਦੇ ਬਾਹਰ ਵੀ ਇਕੱਠੇ ਹੋਏ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਇਹ ਪ੍ਰਦਰਸ਼ਨ ਟਰੰਪ ਦੀਆਂ ਤਾਨਾਸ਼ਾਹੀ ਨੀਤੀਆਂ ਖਿਲਾਫ ਹੋ ਰਹੇ ਹਨ।

ਲੰਡਨ ਰੈਲੀ ਅਮਰੀਕਾ ਅਤੇ ਦੁਨੀਆ ਭਰ ਵਿੱਚ ਆਯੋਜਿਤ 2,600 ਤੋਂ ਵੱਧ ਵਿਰੋਧ ਪ੍ਰਦਰਸ਼ਨਾਂ ਵਿੱਚੋਂ ਇੱਕ ਹੈ। ਸਪੇਨ ਦੇ ਮੈਡ੍ਰਿਡ ਅਤੇ ਬਾਰਸੀਲੋਨਾ ਵਿੱਚ ਵੀ ਇਸੇ ਤਰ੍ਹਾਂ ਦੇ ਪ੍ਰਦਰਸ਼ਨ ਹੋਏ। ਅਮਰੀਕਾ ਭਰ ਦੇ ਵੱਡੇ ਸ਼ਹਿਰਾਂ, ਉਪਨਗਰਾਂ ਅਤੇ ਛੋਟੇ ਕਸਬਿਆਂ ਵਿੱਚ ਹਜ਼ਾਰਾਂ ਲੋਕਾਂ ਨੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਵਾਸ਼ਿੰਗਟਨ ਡੀ.ਸੀ. ਦੇ ਡਾਊਨਟਾਊਨ ਵਿੱਚ ਪ੍ਰਦਰਸ਼ਨਕਾਰੀਆਂ ਨੇ ਵੱਖ-ਵੱਖ ਪਹਿਰਾਵੇ ਪਹਿਨੇ ਅਤੇ ਬੈਨਰ ਲੈ ਕੇ ਪੈਨਸਿਲਵੇਨੀਆ ਐਵੇਨਿਊ ਵੱਲ ਮਾਰਚ ਕੀਤਾ। ਪ੍ਰਬੰਧਕਾਂ ਨੇ ਦੱਸਿਆ ਕਿ 300 ਤੋਂ ਵੱਧ ਸਥਾਨਕ ਸੰਗਠਨਾਂ ਨੇ ਇਸ ਸਮਾਗਮ ਨੂੰ ਆਯੋਜਿਤ ਕਰਨ ਲਈ ਸਹਿਯੋਗ ਕੀਤਾ।

ਦਰਅਸਲ, ਅਹੁਦਾ ਸੰਭਾਲਣ ਦੇ ਸਿਰਫ਼ 10 ਮਹੀਨਿਆਂ ਦੇ ਅੰਦਰ ਟਰੰਪ ਨੇ ਇਮੀਗ੍ਰੇਸ਼ਨ ਪਾਬੰਦੀਆਂ ਨੂੰ ਸਖ਼ਤ ਕਰ ਦਿੱਤਾ ਹੈ, ਫਲਸਤੀਨ ਪੱਖੀ ਵਿਰੋਧ ਪ੍ਰਦਰਸ਼ਨਾਂ ਅਤੇ ਵਿਭਿੰਨਤਾ ਨੀਤੀਆਂ ਕਾਰਨ ਯੂਨੀਵਰਸਿਟੀਆਂ ਤੋਂ ਸੰਘੀ ਫੰਡਿੰਗ ਰੋਕਣ ਦੀ ਧਮਕੀ ਦਿੱਤੀ ਹੈ ਅਤੇ ਕਈ ਰਾਜਾਂ ਵਿੱਚ ਨੈਸ਼ਨਲ ਗਾਰਡ ਦੀ ਤਾਇਨਾਤੀ ਨੂੰ ਅਧਿਕਾਰਤ ਕੀਤਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੀਆਂ ਇਹ ਕਾਰਵਾਈਆਂ ਸਮਾਜ ਵਿੱਚ ਵੰਡ ਨੂੰ ਵਧਾ ਰਹੀਆਂ ਹਨ ਅਤੇ ਲੋਕਤੰਤਰ ਦੇ ਬੁਨਿਆਦੀ ਸਿਧਾਂਤਾਂ ਨੂੰ ਖਤਰੇ ਵਿੱਚ ਪਾ ਰਹੀਆਂ ਹਨ।

'ਨੋ ਕਿੰਗਜ਼' ਵਿਰੋਧ ਪ੍ਰਦਰਸ਼ਨ ਦਾ ਆਯੋਜਨ ਕਰਨ ਵਾਲੇ ਸਮੂਹ, ਇੰਡੀਵਿਜ਼ਿਬਲ ਦੀ ਸਹਿ-ਸੰਸਥਾਪਕ, ਲੀਆ ਗ੍ਰੀਨਬਰਗ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਕੋਈ ਰਾਜਾ ਨਹੀਂ ਹੈ ਅਤੇ ਇਹ ਅਮਰੀਕਾ ਦੀ ਸਭ ਤੋਂ ਵੱਡੀ ਪਛਾਣ ਹੈ ਕਿ ਲੋਕ ਖੁੱਲ੍ਹ ਕੇ ਵਿਰੋਧ ਕਰ ਸਕਦੇ ਹਨ। ਉਸਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਤਾਨਾਸ਼ਾਹੀ ਪ੍ਰਵਿਰਤੀਆਂ ਵਿਰੁੱਧ ਸ਼ਾਂਤੀਪੂਰਨ ਵਿਰੋਧ ਦੱਸਿਆ।

ਰਾਸ਼ਟਰਪਤੀ ਟਰੰਪ ਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਜਨਤਕ ਤੌਰ 'ਤੇ ਜਵਾਬ ਨਹੀਂ ਦਿੱਤਾ ਹੈ। ਹਾਲਾਂਕਿ, ਫੌਕਸ ਬਿਜ਼ਨਸ ਨਾਲ ਇੱਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ, 'ਉਹ ਮੈਨੂੰ ਰਾਜਾ ਕਹਿ ਰਹੇ ਹਨ, ਪਰ ਮੈਂ ਰਾਜਾ ਨਹੀਂ ਹਾਂ।' ਅਮੈਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏਸੀਐਲਯੂ) ਨੇ ਰਿਪੋਰਟ ਦਿੱਤੀ ਕਿ ਉਸਨੇ ਹਜ਼ਾਰਾਂ ਵਲੰਟੀਅਰਾਂ ਨੂੰ ਕਾਨੂੰਨੀ ਅਤੇ ਡੀ-ਐਸਕੇਲੇਸ਼ਨ ਸਿਖਲਾਈ ਪ੍ਰਦਾਨ ਕੀਤੀ ਹੈ ਤਾਂ ਜੋ ਉਹ ਵੱਖ-ਵੱਖ ਸ਼ਹਿਰਾਂ ਵਿੱਚ ਮਾਰਚਾਂ ਵਿੱਚ ਮਾਰਸ਼ਲ ਵਜੋਂ ਸੇਵਾ ਕਰ ਸਕਣ। ਸੋਸ਼ਲ ਮੀਡੀਆ 'ਤੇ 'ਨੋ ਕਿੰਗਜ਼' ਵਿਰੋਧ ਬਾਰੇ ਇਸ਼ਤਿਹਾਰਾਂ ਅਤੇ ਸੰਦੇਸ਼ਾਂ ਨੇ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਕੀਤੀ।

# ਜੇ ਭਾਰਤ ਨੇ ਰੂਸ ਤੋਂ ਤੇਲ ਖਰੀਦਣਾ ਬੰਦ ਨਾ ਕੀਤਾ ਤਾਂ ਲੱਗੇਗੀ ਭਾਰੀ ਇੰਪੋਰਟ ਡਿਊਟੀ: ਟਰੰਪ ਨੇ ਮੁੜ ਦਿੱਤੀ ਧਮਕੀ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਭਾਰਤ ਪ੍ਰਤੀ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ ਹੈ ਕਿ ਜੇਕਰ ਭਾਰਤ ਰੂਸ ਤੋਂ ਕੱਚਾ ਤੇਲ ਖਰੀਦਣਾ ਜਾਰੀ ਰੱਖਦਾ ਹੈ, ਤਾਂ ਉਸ ਨੂੰ ਭਾਰੀ ਇੰਪੋਰਟ ਡਿਊਟੀ ਅਦਾ ਕਰਨੀ ਪਵੇਗੀ। ਟਰੰਪ ਨੇ ਇਹ ਬਿਆਨ ਆਪਣੇ ਜਹਾਜ਼ 'ਏਅਰ ਫੋਰਸ ਵਨ' ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਿੱਤਾ। ਉਨ੍ਹਾਂ ਕਿਹਾ, "ਮੈਂ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਭਾਰਤ ਰੂਸੀ ਤੇਲ ਨਹੀਂ ਖਰੀਦੇਗਾ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਭਾਰੀ ਟੈਰਿਫ ਅਦਾ ਕਰਨਾ ਪਵੇਗਾ।"

ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ ਅਸਿੱਧੇ ਤੌਰ 'ਤੇ ਯੂਕ੍ਰੇਨ ਜੰਗ ਨੂੰ ਫੰਡ ਦੇ ਰਹੇ ਹਨ, ਇਸੇ ਕਰ ਕੇ ਅਮਰੀਕਾ ਰੂਸ ਤੋਂ ਊਰਜਾ ਖਰੀਦਣ ਵਾਲੇ ਦੇਸ਼ਾਂ 'ਤੇ ਲਗਾਤਾਰ ਦਬਾਅ ਪਾ ਰਿਹਾ ਹੈ। ਹਾਲ ਹੀ ਦੇ ਮਹੀਨਿਆਂ ਵਿਚ ਅਮਰੀਕਾ ਨੇ ਭਾਰਤ ਸਮੇਤ ਕਈ ਦੇਸ਼ਾਂ ਨੂੰ ਰੂਸੀ ਤੇਲ ਦੀ ਦਰਾਮਦ ਘਟਾਉਣ ਜਾਂ ਬੰਦ ਕਰਨ ਦੀ ਅਪੀਲ ਕੀਤੀ ਹੈ।

ਟਰੰਪ ਪਹਿਲਾਂ ਦਾਅਵਾ ਕਰ ਚੁੱਕੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖਰੀਦੇਗਾ। ਹਾਲਾਂਕਿ, ਭਾਰਤੀ ਵਿਦੇਸ਼ ਮੰਤਰਾਲੇ ਨੇ ਟਰੰਪ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ




ਕਿਹਾ ਕਿ ਭਾਰਤ ਦੀ ਊਰਜਾ ਨੀਤੀ ਦਾ ਮਕਸਦ ਆਪਣੇ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਇਕ ਜ਼ਿੰਮੇਵਾਰ ਊਰਜਾ ਇੰਪੋਰਟਰ ਹੈ। ਅਸੀਂ ਸੁਤੰਤਰ ਤੌਰ 'ਤੇ ਆਪਣੇ ਫੈਸਲੇ ਲੈਂਦੇ ਹਾਂ ਤਾਂ ਕਿ ਕੀਮਤਾਂ ਸਥਿਰ ਰਹਿਣ ਅਤੇ ਸਪਲਾਈ ਵੀ ਯਕੀਨੀ ਬਣੀ ਰਹੀ। ਟਰੰਪ ਨੇ ਚੀਨ ਨੂੰ ਚਿਤਾਵਨੀ ਦਿੱਤੀ ਕਿ ਉਸ ਨੂੰ 155 ਫੀਸਦੀ ਤੱਕ ਟੈਰਿਫ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਨੇ ਚੀਨ ਨੂੰ 1 ਨਵੰਬਰ ਤੱਕ ਵਪਾਰ ਸਮਝੌਤਾ ਕਰਨ ਲਈ ਕਿਹਾ। ਟਰੰਪ ਨੇ ਇਹ ਬਿਆਨ ਸੋਮਵਾਰ ਨੂੰ ਵ੍ਹਾਈਟ ਹਾਊਸ ਵਿਚ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨਾਲ ਮੁਲਾਕਾਤ ਦੌਰਾਨ ਦਿੱਤਾ। ਉਨ੍ਹਾਂ ਕਿਹਾ, "ਚੀਨ ਸਾਡੇ ਪ੍ਰਤੀ ਬਹੁਤ ਸਤਿਕਾਰਪੂਰਨ ਰਿਹਾ ਹੈ। ਉਹ ਸਾਨੂੰ ਟੈਰਿਫ ਦੇ ਰੂਪ ਵਿਚ 55 ਫੀਸਦੀ ਤੱਕ ਦੀ ਵੱਡੀ ਰਕਮ ਅਦਾ ਕਰ ਰਿਹਾ ਹੈ। ਇਹ ਇਕ ਮਹੱਤਵਪੂਰਨ ਰਕਮ ਹੈ। ਹਾਲਾਂਕਿ, ਜੇਕਰ 1 ਨਵੰਬਰ ਤਕ ਕੋਈ ਸਮਝੌਤਾ ਨਹੀਂ ਹੁੰਦਾ ਹੈ ਤਾਂ ਇਹ ਟੈਰਿਫ 155 ਫੀਸਦੀ ਤੱਕ ਵਧ ਸਕਦਾ ਹੈ।"

ਟਰੰਪ ਨੇ ਐਲਾਨ ਕੀਤਾ ਕਿ ਉਹ ਜਲਦੀ ਹੀ ਦੱਖਣੀ ਕੋਰੀਆ ਵਿਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਹ ਮੁਲਾਕਾਤ ਦੋਵਾਂ ਦੇਸ਼ਾਂ ਲਈ ਲਾਭਦਾਇਕ ਸਾਬਿਤ ਹੋਵੇਗੀ। 10 ਅਕਤੂਬਰ ਨੂੰ ਅਮਰੀਕਾ ਨੇ ਚੀਨ 'ਤੇ 100 ਫੀਸਦੀ ਤੱਕ ਦਾ ਵਾਧੂ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ। ਚੀਨ ਨੇ ਕਈ ਦੁਰਲੱਭ ਖਣਿਜਾਂ ਸਬੰਧੀ ਨਵੇਂ ਨਿਯਮ ਜਾਰੀ ਕੀਤੇ ਹਨ। ਇਨ੍ਹਾਂ ਨਿਯਮਾਂ ਦੇ ਤਹਿਤ ਚੀਨ ਤੋਂ ਦੁਰਲੱਭ ਖਣਿਜ ਖਰੀਦਣ ਅਤੇ ਵਿਦੇਸ਼ਾਂ ਵਿਚ ਵੇਚਣ ਦੀ ਇੱਛਾ ਰੱਖਣ ਵਾਲੀ ਕਿਸੇ ਵੀ ਕੰਪਨੀ ਨੂੰ ਪਹਿਲਾਂ ਸਰਕਾਰ ਤੋਂ ਲਾਇਸੈਂਸ ਲੈਣਾ ਪਵੇਗਾ।

# ਅਲਫਰੈੱਡ ਨੋਬਲ ਨੂੰ ਯਾਦ ਕਰਦਿਆਂ...

ਅੱਸੂ ਦੇ ਨਰਾਤੇ ਸ਼ੁਰੂ ਹੁੰਦਿਆਂ ਸਾਰ ਅਕਤੂਬਰ ਦੇ ਪਹਿਲੇ ਹਫ਼ਤੇ ਇਕ ਅਜਿਹੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ ਜਿਸ ਦੀ ਆਮ ਆਦਮੀ ਨੂੰ ਤਾਂ ਨਹੀਂ ਪਰ ਕੁਝ ਸਿਆਸੀ ਦਿਲਚਸਪੀ ਰੱਖਣ ਵਾਲੇ ਪੜ੍ਹੇ-ਲਿਖੇ ਤਬਕੇ ਵਿਚ ਉਡੀਕ ਸ਼ੁਰੂ ਹੋ ਜਾਂਦੀ ਹੈ। ਅਕਤੂਬਰ ਦੇ ਅੱਧ ਕੁ ਤੱਕ ਨੋਬਲ ਫਾਊਂਡੇਸ਼ਨ ਨੇ ਕਈ ਗੱਲਾਂ ਨੂੰ ਧਿਆਨ 'ਚ ਰੱਖ ਕੇ ਚਲੰਤ ਸਾਲ ਲਈ ਫਜ਼ਿਕਸ, ਕੈਮਿਸਟਰੀ, ਮੈਡੀਸਨ ਅਤੇ ਸਾਹਿਤ ਲਈ ਕਿਹੜਾ ਨੋਬਲ ਇਨਾਮ, ਕਿਸ ਨੂੰ ਅਤੇ ਕਿਉਂ ਦੇਣਾ ਹੈ? ਐਲਾਨਣ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ। ਹਾਲਾਂਕਿ ਇਹ ਸਾਰੇ ਇਨਾਮ ਦੇਣੇ 10 ਦਸੰਬਰ ਨੂੰ ਹੁੰਦੇ ਹਨ। ਪੰਜਵਾਂ ਇਨਾਮ ਜਿਸ ਨੂੰ ਨੋਬਲ ਸ਼ਾਂਤੀ ਪੁਰਸਕਾਰ ਕਿਹਾ ਜਾਂਦਾ ਹੈ, ਇਹ ਆਮ ਤੌਰ 'ਤੇ ਅਖ਼ੀਰ ਵਿਚ ਐਲਾਨਿਆ ਜਾਂਦਾ ਹੈ। ਇਨ੍ਹਾਂ ਸਾਰਿਆਂ ਇਨਾਮਾਂ ਲਈ ਸਾਰਾ ਸਾਲ ਸੰਸਾਰ ਦੇ ਵੱਖ-ਵੱਖ ਅਦਾਰਿਆਂ ਵੱਲੋਂ ਨਾਮਜ਼ਦਗੀਆਂ ਆਉਂਦੀਆਂ ਰਹਿੰਦੀਆਂ ਹਨ ਪਰ ਫ਼ੈਸਲਾ ਨੋਬਲ ਫਾਊਂਡੇਸ਼ਨ ਨੇ ਹੀ ਕਰਨਾ ਹੁੰਦਾ ਹੈ। ਕੁਝ ਸਾਲਾਂ ਤੋਂ ਨੋਬਲ ਇਨਾਮ ਇਕਨੌਮਿਕਸ ਵਿਚ ਵੀ ਦਿੱਤਾ ਜਾਂਦਾ ਹੈ। ਕਿਉਂਕਿ ਸਾਰੇ ਦੇਸ਼ਾਂ ਦਾ ਆਪਸੀ ਵਪਾਰ, ਲੈਣ-ਦੇਣ, ਕਿੱਥੋਂ ਕੀ ਲੈਣਾ ਹੈ, ਕਿੱਥੋਂ ਕੀ ਵੇਚਣਾ ਹੈ, ਕਿਸ ਭਾਅ ਵੇਚਣਾ ਹੈ, ਇਹ ਇਕ ਖ਼ਾਸ ਵਿਸ਼ਾ ਬਣ ਚੁੱਕਾ ਹੈ ਜਿਸ ਦਾ ਆਧਾਰ ਅਰਥ-ਸ਼ਾਸਤਰ ਯਾਨੀ ਇਕਨੌਮਿਕਸ ਹੀ ਹੈ ਅਤੇ ਹੁਣ ਇਹ ਇਕ ਵਿਗਿਆਨਕ ਵਿਸ਼ਾ ਬਣ ਚੁੱਕਾ ਹੈ। ਸਾਰੇ ਇਨਾਮਾਂ ਦੀ ਘੋਸ਼ਣਾ ਕਰ ਦਿੱਤੀ ਜਾਂਦੀ ਹੈ। ਐਲਾਨ ਕਰਨ ਦਾ ਕੰਮ ਨੋਬਲ ਫਾਊਂਡੇਸ਼ਨ ਕਰਦੀ ਹੈ ਅਤੇ ਦੇਣ ਦਾ ਕੰਮ ਸਵੀਡਨ ਦੀ ਸ਼ਾਹੀ ਅਕੈਡਮੀ ਕਰਦੀ ਹੈ। ਦੱਸਣਾ ਬਣਦਾ ਹੈ ਕਿ




ਇਕ ਨੋਬਲ ਦਾ ਮੁੱਲ ਹਜ਼ਾਰਾਂ ਮਿਲੀਅਨ ਸਵੀਡਿਸ਼ ਕ੍ਰੋਨਰ ਹੁੰਦਾ ਹੈ ਜਾਂ ਕਹਿ ਲਓ ਅਮਰੀਕੀ ਡਾਲਰ 10 ਲੱਖ ਅਤੇ ਨਾਲ ਜਿਹੜਾ ਸੋਨੇ ਦਾ ਮੈਡਲ ਮਿਲਦਾ ਹੈ ਉਹ ਵੀ 10 ਕੁ ਹਜ਼ਾਰ ਡਾਲਰ ਮੁੱਲ ਦਾ ਹੁੰਦਾ ਹੈ। ਹਾਲਾਂਕਿ ਇਨ੍ਹਾਂ ਮੈਡਲਾਂ ਦੀ ਮਾਰਕੀਟ ਵਿਚ ਕੀਮਤ, ਬੋਲੀ ਮੁਤਾਬਕ ਕਈ ਗੁਣਾ ਹੋ ਸਕਦੀ ਹੈ। ਮੈਡਲ ਉੱਪਰ ਪ੍ਰਾਪਤ ਕਰਤਾ ਦਾ ਨਾਂ ਵੀ ਹੁੰਦਾ ਹੈ ਤੇ ਨਾਲ ਇਕ ਡਿਪਲੋਮਾ ਜਾਂ ਫਰੇਮ ਕਰਨ ਯੋਗ ਸਰਟੀਫਿਕੇਟ। ਹਰ ਸਾਲ ਏਨਾ ਖ਼ਰਚਾ ਕੌਣ ਕਰਦਾ ਹੈ? ਕਹਾਣੀ ਕੀ ਹੈ? ਪੁਰਾਣੇ ਮੈਡਲ ਕਰੋੜਾਂ ਵਿਚ ਵਿਕਦੇ ਹਨ।

ਅਲਫਰੈੱਡ ਨੋਬਲ 21 ਅਕਤੂਬਰ 1833 ਨੂੰ ਸਵੀਡਨ ਦੀ ਰਾਜਧਾਨੀ ਸਟੌਕਹੋਮ ਵਿਚ ਇਕ ਇੰਜੀਨੀਅਰ ਘਰਾਣੇ ਵਿਚ ਪੈਦਾ ਹੋਇਆ ਸੀ। ਬੱਚਾ ਬਹੁਤ ਜ਼ਹੀਨ ਸੀ। ਮਾਪਿਆਂ ਨੇ ਸਕੂਲ 'ਚ ਪਾਉਣ ਦੀ ਥਾਂ ਉਸ ਦੀ ਮੁੱਢਲੀ ਪੜ੍ਹਾਈ-ਲਿਖਾਈ ਘਰੇ ਹੀ ਕਰਵਾਈ। ਪ੍ਰਾਈਵੇਟ ਟਿਊਟਰਾਂ ਦੀ ਸਿੱਖਿਆ ਸਦਕਾ, ਕੈਮੀਕਲ ਇੰਜੀਨੀਅਰ ਦਾ ਬੇਟਾ ਵੀ ਏਸੇ ਪਾਸੇ ਪੈ ਗਿਆ ਬਲਕਿ ਕਾਲਾ ਬਾਰੂਦ ਅਤੇ ਹੋਰ ਕਈ ਫਟਣਸ਼ੀਲ ਪਦਾਰਥਾਂ ਨਾਲ ਤਜਰਬੇ ਕਰਨ ਲੱਗਾ। ਉਸ ਦਾ ਮਕਸਦ ਸੀ ਕਿ ਕੋਈ ਅਜਿਹਾ ਪਦਾਰਥ ਬਣਾਇਆ ਜਾਵੇ ਜਿਹੜਾ ਫੁੱਟਣਸ਼ੀਲ ਤਾਂ ਹੋਵੇ ਪਰ ਉਸ ਨੂੰ ਰੱਖਣ, ਵਰਤਣ ਵਿਚ ਕੋਈ ਖ਼ਤਰਾ ਨਾ ਹੋਵੇ। ਤਜਰਬੇ ਕਰਦਿਆਂ ਕਈ ਵਾਰ ਧਮਾਕੇ ਹੋਏ। ਫਿਰ ਉਸ ਨੂੰ ਹੁਕਮ ਹੋਇਆ ਕਿ ਆਪਣੀ ਪ੍ਰਯੋਗਸ਼ਾਲਾ ਕਿਸੇ ਜਹਾਜ਼ 'ਚ ਲੈ ਜਾਵੇ ਤਾਂ ਕਿ ਦੂਸਰਿਆਂ ਦੀ ਜਾਨ ਨੂੰ ਖ਼ਤਰਾ ਨਾ ਹੋਵੇ। ਇਕ ਵਾਰ ਤਾਂ ਉਸ ਦਾ ਭਰਾ ਵੀ ਧਮਾਕੇ 'ਚ ਮਰ ਗਿਆ। ਖ਼ਬਰ ਫੈਲ ਗਈ ਕਿ ਅਲਫਰੈੱਡ ਮਰ ਗਿਆ ਹੈ। ਅਖ਼ਬਾਰ ਦੀ ਹੈੱਡਲਾਈਨ ਸੀ 'ਮੌਤ ਦਾ ਵਪਾਰੀ ਚੱਲ ਵਸਿਆ, ਚੰਗਾ ਹੋਇਆ।' ਅਲਫਰੈੱਡ ਨੇ ਆਪਣੀ ਮੌਤ ਦੀ ਖ਼ਬਰ ਪੜ੍ਹੀ। ਉਸ ਦੇ ਦਿਲ 'ਤੇ ਬੜਾ ਡੂੰਘਾ ਅਸਰ ਹੋਇਆ ਕਿ ਲੋਕ ਮੇਰੇ ਕੰਮ ਬਾਰੇ ਕੀ ਸੋਚਦੇ ਹਨ। ਉਸ ਨੇ ਸਫਲਤਾ ਪ੍ਰਾਪਤ ਕਰ ਲਈ ਸੀ। ਉਸ ਦੀ ਕਾਢ ਧੜਾਧੜ ਵਿਕ ਰਹੀ ਸੀ।

ਇਹ ਠੀਕ ਹੈ ਕਿ ਡਾਇਨਾਮਾਈਟ ਨਾਲ ਬਣੇ ਬੰਬਾਂ ਨੇ ਜੰਗਾਂ ਵਿਚ ਬੜੀ ਤਬਾਹੀ ਕੀਤੀ ਸੀ ਪਰ ਇਸੇ ਡਾਇਨਾਮਾਈਟ ਨਾਲ ਪਹਾੜ ਕੱਟ-ਕੱਟ ਕੇ ਸੜਕਾਂ ਬਣ ਰਹੀਆਂ ਸਨ। ਲੰਬੀਆਂ-ਲੰਬੀਆਂ ਪਹਾੜੀ ਸੁਰੰਗਾਂ ਕਹੀਆਂ-ਗੈਂਤੀਆਂ ਨਾਲ ਨਹੀਂ ਸਨ ਬਣ ਸਕਦੀਆਂ। ਹੋਰ ਵੀ ਜਿੱਥੇ ਉਸਾਰੂ ਕੰਮ ਲਈ ਧਮਾਕੇ ਦੀ ਲੋੜ ਹੋਵੇ, ਛੋਟਾ ਜਾਂ ਵੱਡਾ ਧਮਾਕਾ ਕੀਤਾ ਜਾ ਸਕਦਾ ਸੀ। ਧੜਾਧੜ ਵਿਕਰੀ ਨੇ ਐਲਫਰੈੱਡ ਨੋਬਲ ਨੂੰ ਕਰੋੜਪਤੀ ਬਣਾ ਦਿੱਤਾ ਸੀ। ਆਪਣੀ ਮੌਤ ਦੀ ਖ਼ਬਰ ਪੜ੍ਹ ਕੇ ਉਸ ਨੇ ਇਕ ਅਨੋਖੀ ਵਸੀਅਤ ਲਿਖੀ ਕਿ ਮੇਰੀ ਮੌਤ ਮਗਰੋਂ ਮੇਰੀ ਜਮ ?ਹਾ ਕਰਵਾਈ ਰਕਮ ਦੇ ਵਿਆਜ ਨਾਲ ਹਰ ਸਾਲ ਨੋਬਲ ਪ੍ਰਾਈਜ਼ ਦਿੱਤੇ ਜਾਣ। ਪੁਰਸਕਾਰ ਦੇਣ ਲਈ ਸਪਸ਼ਟ ਹਦਾਇਤਾਂ ਲਿਖ ਦਿੱਤੀਆਂ ਅਤੇ ਇਸ ਕੰਮ ਲਈ ਨੋਬਲ ਫਾਊਂਡੇਸ਼ਨ ਸਥਾਪਤ ਕਰ ਦਿੱਤੀ। ਉਸ ਦੀ ਮੌਤ ਤਾਂ 63 ਕੁ ਸਾਲ ਦੀ ਉਮਰ ਵਿਚ 1896 ਵਿਚ 10 ਦਸੰਬਰ ਨੂੰ ਦਿਮਾਗੀ ਸਟਰੋਕ ਕਾਰਨ ਹੋਈ ਸੀ ਪਰ ਉਸ ਦੀ ਵਸੀਅਤ ਮੁਤਾਬਕ 1901 ਤੋਂ ਇਹ ਫਜ਼ਿਕਸ, ਕੈਮਿਸਟਰੀ, ਮੈਡੀਸਨ, ਲਿਟਰੇਚਰ ਵਾਸਤੇ ਇਨਾਮਾਂ ਦਾ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਇਨਾਮ ਲੈਣ ਲਈ ਕੋਈ ਖ਼ੁਦ ਅਰਜ਼ੀ ਨਹੀਂ ਦਿੰਦਾ। ਸਿਫ਼ਾਰਸ਼ਾਂ ਦੇ ਆਧਾਰ 'ਤੇ ਨੋਬੇਲ ਫਾਊਂਡੇਸ਼ਨ ਜਿਸ ਨੂੰ ਯੋਗ ਸਮਝੇ, ਉਸ ਨੂੰ ਇਹ ਸਨਮਾਨ ਬਖ਼ਸ਼ਦੀ ਹੈ। ਕਈ ਵਾਰ ਦੋ-ਦੋ ਜਾਂ ਤਿੰਨ-ਤਿੰਨ ਵਿਅਕਤੀ ਵੀ ਉਹੋ ਪ੍ਰਾਈਜ਼ ਲੈਂਦੇ ਹਨ। ਉਦੋਂ ਮੈਡਲ ਤਾਂ ਸਾਰਿਆਂ ਨੂੰ ਮਿਲਦੇ ਹਨ, ਇਨਾਮੀ ਰਾਸ਼ੀ ਸਾਰਿਆਂ ਵਿਚ ਤਕਸੀਮ ਹੋ ਜਾਂਦੀ ਹੈ। ਯਾਦ ਰਹੇ ਕਿ ਫਾਊਂਡੇਸ਼ਨ ਕੋਈ ਉਮਰ, ਨਸਲ, ਰੰਗ, ਧਰਮ ਜਾਂ ਸਿਆਸੀ ਪਿਛੋਕੜ ਨਹੀਂ ਵੇਖਦੀ। ਉਂਜ ਜੇ ਇਕ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਅਸੀਂ ਵੇਖਦੇ ਹਾਂ ਕਿ ਅੱਜ ਤੱਕ ਸਭ ਤੋਂ ਜ਼ਿਆਦਾ ਨੋਬਲ ਪ੍ਰਾਈਜ਼ ਅਮਰੀਕਾ ਨੇ ਹੀ ਪ੍ਰਾਪਤ ਕੀਤੇ ਹਨ। ਚਾਰ ਸੌ ਤੋਂ ਵੀ ਵੱਧ। ਦੂਸਰੇ ਨੰਬਰ 'ਤੇ ਆਉਂਦਾ ਹੈ ਯੂਕੇ ਜਾਂ ਵਲੈਤ ਜਿਸ ਦੇ ਇਨਾਮਾਂ ਦੀ ਕੁੱਲ ਗਿਣਤੀ 140 ਤੋਂ ਉੱਪਰ ਹੈ। ਤੀਸਰੇ ਨੰਬਰ 'ਤੇ ਹੈ ਜਰਮਨੀ, 100 ਤੋਂ ਉੱਪਰ। ਜਾਪਾਨ ਤੇ ਰੂਸ ਨੇ ਵੀ ਤੀਹ-ਤੀਹ ਪ੍ਰਾਈਜ਼ ਪ੍ਰਾਪਤ ਕੀਤੇ ਹੋਏ ਹਨ ਪਰ ਅਮਰੀਕਾ ਦਾ ਮੁਕਾਬਲਾ ਨਹੀਂ। ਜੇ ਭਾਰਤੀ ਨਾਗਰਿਕਾਂ ਜਾਂ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਜੋੜਿਆ ਜਾਵੇ ਤਾਂ ਇਹ ਕੁੱਲ ਅੰਕੜਾ 13 ਹੋ ਜਾਂਦਾ ਹੈ। ਜੇ ਧਾਰਮਿਕ ਪੱਖੋਂ ਵੇਖੀਏ ਤਾਂ ਬਹੁਤੇ ਨੋਬਲ ਇਨਾਮ ਯਾਫ਼ਤਾ ਈਸਾਈ ਨਜ਼ਰ ਆਉਂਦੇ ਹਨ, ਤਕਰੀਬਨ 65 ਫ਼ੀਸਦੀ। ਯਹੂਦੀ ਹਨ 20 ਫ਼ੀਸਦੀ। ਕੋਈ 10-11 ਪ੍ਰਤੀਸ਼ਤ ਨਾਸਤਕ ਹਨ। ਜੇ ਇਸ ਸਾਲ 2025 ਦੇ ਪ੍ਰਾਪਤ ਕਰਤਾਵਾਂ ਵੱਲ ਵੇਖੀਏ ਤਾਂ ਵੀ ਫਜ਼ਿਕਸ ਦੇ ਤਿੰਨੇ ਵਿਗਿਆਨੀ ਅਮਰੀਕਾ ਦੇ ਹਨ।

ਕੈਮਿਸਟਰੀ ਦੇ ਵੀ ਤਿੰਨੋਂ ਅਮਰੀਕਾ ਦੇ ਹਨ। ਸਾਹਿਤ ਦਾ ਨੋਬਲ ਪ੍ਰਾਈਜ਼ ਹੰਗਰੀ ਦੇ ਲਾਸਲੋ ਕ੍ਰਾਜਕਾ ਹੋਰਕਾਈ ਨੂੰ ਮਿਲਿਆ ਹੈ ਅਤੇ ਸੰਸਾਰ ਅਮਨ ਲਈ ਨੋਬਲ ਪੁਰਸਕਾਰ ਵੈਨਜ਼ੁਏਲਾ ਦੀ ਕੋਰੀਨਾ ਮਚਾਡੋ ਨੂੰ ਦਿੱਤਾ ਗਿਆ ਹੈ। ਕਈਆਂ ਨੂੰ ਸ਼ੱਕ ਸੀ ਕਿ ਸ਼ਾਇਦ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਕੋਈ ਚੱਕਰ ਚਲਾ ਜਾਵੇ। ਬਚਾਅ ਹੋ ਗਿਆ। ਹੈਰਾਨੀ ਤਾਂ ਜ਼ਰੂਰ ਹੁੰਦੀ ਹੈ ਕਿ ਦੁਨੀਆ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਭਾਰਤ ਕਿਸੇ ਤਿੰਨਾਂ-ਤੇਰਾਂ ਵਿਚ ਨਹੀਂ ਦਿਸਦਾ। ਪੰਜਾਬ ਤਾਂ ਹਮੇਸ਼ਾ ਹੀ ਫਾਡੀਆਂ 'ਚ ਰਿਹਾ ਹੈ।

ਅੱਜ ਤੱਕ ਇਕ ਪ੍ਰਾਈਜ਼ ਵੀ ਕਿਸੇ ਪੰਜਾਬੀ ਜਾਂ ਸਿੱਖ ਦੇ ਹਿੱਸੇ ਨਹੀਂ ਆਇਆ। ਹਰਗੋਬਿੰਦ ਖੁਰਾਣਾ ਪੰਜਾਬੀ ਸੀ ਪਰ ਇਨਾਮ ਮਿਲਣ ਵੇਲੇ ਉਹ ਭਾਰਤ ਦਾ ਨਾਗਰਿਕ ਨਹੀਂ ਸੀ। ਜੇ ਨੀਝ ਲਾ ਕੇ ਵੇਖੀਏ ਤਾਂ ਪੰਜਾਬ ਵਿਚ ਖੋਜ ਪ੍ਰਤੀ ਰੁਝਾਨ ਵੀ ਨਹੀਂ ਦਿਸਦਾ। ਕੋਈ ਨੈਸ਼ਨਲ ਲੈਬੋਰੇਟਰੀ ਵੀ ਇੱਥੇ ਨਹੀਂ। ਯੂਨੀਵਰਸਿਟੀਆਂ ਵੀ ਬਸ ਡਿਗਰੀਆਂ ਹੀ ਵੰਡਦੀਆਂ ਹਨ। ਹੋ ਸਕਦਾ ਹੈ ਕੱਲ੍ਹ ਨੂੰ ਕੋਈ ਅਮਰੀਕਾ 'ਚ ਵਸਿਆ ਸਰਦਾਰ ਕਿਸੇ ਵਿਗਿਆਨ ਵਿਚ ਮਾਅਰਕਾ ਮਾਰ ਜਾਵੇ ਪਰ ਕੁਝ ਕਿਹਾ ਨਹੀਂ ਜਾ ਸਕਦਾ। ਰਹੀ ਗੱਲ ਭਾਰਤ ਦੀ, ਇੱਥੇ ਤਾਂ ਧਰਮ ਵਾਲੇ ਪਾਸੇ, ਵਹਿਮਾਂ ਭਰਮਾਂ ਨੂੰ ਉਤਸ਼ਾਹਤ ਕਰਨ ਲਈ ਪੁੱਠਾ ਚੱਕਰ ਚੱਲ ਰਿਹਾ ਹੈ। ਸਾਇੰਸ ਵਿਚਾਰੀ ਕੀ ਕਰੇ।

-ਪ੍ਰੋ. ਮੋਹਣ ਸਿੰਘ

## ਰੂਸ-ਅਮਰੀਕਾ ਵਿਚਕਾਰ ਵਧਦਾ ਟਕਰਾਅ

# ਭਾਰਤ ਲਈ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਸੰਤੁਲਨ ਬਣਾਈ ਰੱਖਣਾ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕੂਟਨੀਤਕ ਪ੍ਰੇਸ਼ਾਨੀਆਂ ਵਧਦੀਆਂ ਜਾ ਰਹੀਆਂ ਹਨ ਕਿਉਂਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ 5-6 ਦਸੰਬਰ ਨੂੰ ਹੋਣ ਵਾਲੀ ਭਾਰਤ ਯਾਤਰਾ ਦਾ ਸਮਾਂ ਨੇੜੇ ਆ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਵੰਬਰ ਤੱਕ ਰੂਸੀ ਤੇਲ ਦੀ ਭਾਰਤੀ ਦਰਾਮਦ ਵਿਚ ਲੋੜੀਂਦੀ ਕਮੀ ਨੂੰ ਯਕੀਨੀ ਬਣਾਉਣ ਲਈ ਜ਼ੋਰ ਪਾ ਰਹੇ ਹਨ ਅਤੇ ਇਸ ਨੂੰ ਅਗਲੇ ਹਫ਼ਤੇ ਵਾਸ਼ਿੰਗਟਨ ਵਿਚ ਹੋਣ ਵਾਲੀ ਭਾਰਤ-ਅਮਰੀਕੀ ਵਪਾਰਕ ਗੱਲਬਾਤ ਦੇ ਅਗਲੇ ਦੌਰ ਦੀ ਪ੍ਰਗਤੀ ਨਾਲ ਜੋੜਿਆ ਜਾ ਰਿਹਾ ਹੈ।

ਟਰੰਪ ਨੇ ਇਹ ਦਾਅਵਾ ਕਰਕੇ ਭਾਰਤੀ ਪ੍ਰਧਾਨ ਮੰਤਰੀ ਨੂੰ ਪਹਿਲਾਂ ਹੀ ਸ਼ਰਮਿੰਦਾ ਕਰ ਦਿੱਤਾ ਹੈ, ਕਿ ਉਨ੍ਹਾਂ ਦੇ ਚੰਗੇ ਦੋਸਤ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਸੀ ਕਿ ਭਾਰਤ ਰੂਸ ਤੋਂ ਤੇਲ ਨਹੀਂ ਖਰੀਦੇਗਾ ਤੇ ਇਸ ਸੰਬੰਧੀ ਕੁਝ ਪ੍ਰਕਿਰਿਆ ਚੱਲ ਰਹੀ ਹੈ, ਜੋ ਜਲਦੀ ਹੀ ਪੂਰੀ ਹੋ ਜਾਵੇਗੀ। ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਇਸ ਗੱਲ ਦਾ ਤੁਰੰਤ ਖੰਡਨ ਕੀਤਾ ਕਿ ਮੋਦੀ ਜੀ



ਦੀ ਬੁੱਧਵਾਰ ਨੂੰ ਟਰੰਪ ਨਾਲ ਕੋਈ ਗੱਲਬਾਤ ਨਹੀਂ ਹੋਈ। ਇਹ ਤੱਥਾਂ 'ਤੇ ਆਧਾਰਿਤ ਸਹੀ ਸੀ, ਪਰ ਬਾਅਦ ਵਿਚ ਟਰੰਪ ਨੇ ਖ਼ੁਦ ਹੀ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਨੇ ਇਹ ਗੱਲ ਪਿਛਲੇ ਹਫ਼ਤੇ ਨਵੀਂ ਦਿੱਲੀ ਵਿਚ ਭਾਰਤੀ ਪ੍ਰਧਾਨ ਮੰਤਰੀ ਨਾਲ ਅਮਰੀਕੀ ਰਾਜਦੂਤ ਸਰਗੇਈ ਗੋਰ ਦੀ ਹੋਈ ਲੰਬੀ ਗੱਲਬਾਤ ਤੋਂ ਬਾਅਦ ਮਿਲੀ ਜਾਣਕਾਰੀ ਦੇ ਆਧਾਰ 'ਤੇ ਕਹੀ ਸੀ। ਵਿਦੇਸ਼ ਮੰਤਰਾਲੇ ਨੇ ਇਸ ਗੱਲ ਦਾ ਖੰਡਨ ਨਹੀਂ ਕੀਤਾ। ਸਚਾਈ ਇਹ ਹੈ ਕਿ ਨਰਿੰਦਰ ਮੋਦੀ ਨੇ ਰੂਸ ਤੋਂ ਤੇਲ ਦਰਾਮਦ ਘੱਟ ਕਰਨ ਦਾ ਕੋਈ ਭਰੋਸਾ ਜ਼ਰੂਰ ਦਿੱਤਾ ਹੋਵੇਗਾ, ਪਰ ਇਸ ਦਾ ਮਤਲਬ ਪੂਰੀ ਤਰ੍ਹਾਂ ਨਾਲ ਤੇਲ ਦਰਾਮਦ ਬੰਦ ਕਰਨਾ ਨਹੀਂ ਹੋ ਸਕਦਾ। ਟਰੰਪ ਨੇ ਹਮੇਸ਼ਾ ਦੀ ਤਰ੍ਹਾਂ ਗੱਲਬਾਤ ਨੂੰ ਵਧਾ-ਚੜ੍ਹਾਅ ਕੇ ਪੇਸ਼ ਕਰਦਿਆਂ ਕਿਹਾ ਕਿ ਮੋਦੀ ਤੇਲ ਸਪਲਾਈ ਰੋਕਣ 'ਤੇ ਸਹਿਮਤ ਹੋ ਗਏ ਹਨ। ਦਰਅਸਲ ਮੁੱਖ ਮੁੱਦਾ ਇਹ ਹੈ ਕਿ ਟਰੰਪ ਆਪਣੀ ਸੋਚੀ-ਸਮਝੀ ਨੀਤੀ ਦੇ ਤਹਿਤ ਮੋਦੀ 'ਤੇ ਰੂਸ ਤੋਂ ਤੇਲ ਦਰਾਮਦ ਘੱਟ ਕਰਨ ਲਈ ਕੋਈ ਮਜ਼ਬੂਤ ਕਦਮ ਚੁੱਕਣ ਲਈ ਦਬਾਅ ਪਾ ਰਹੇ ਹਨ ਅਤੇ ਉਨ੍ਹਾਂ (ਟਰੰਪ) ਨੇ ਇਸ ਨੂੰ ਭਾਰਤ-ਅਮਰੀਕਾ ਵਪਾਰਕ ਗੱਲਬਾਤ ਨੂੰ ਅੱਗੇ ਵਧਾਉਣ ਨਾਲ ਜੋੜਿਆ ਹੈ, ਜਿਸ ਦਾ ਸਿੱਟਾ ਭਾਰਤੀ ਪ੍ਰਧਾਨ ਮੰਤਰੀ ਲਈ ਵਿਸ਼ੇਸ਼ ਤੌਰ 'ਤੇ ਮਹੱਤਵ ਰੱਖਦਾ ਹੈ।

ਭਾਰਤ ਵਲੋਂ ਰੂਸੀ ਤੇਲ ਦਰਾਮਦ 'ਤੇ ਦਬਾਅ ਬਣਾਉਣ ਦੀਆਂ ਇਨ੍ਹਾਂ ਸਾਰੀਆਂ ਰਣੀਤੀਆਂ ਕਰਕੇ ਪ੍ਰਧਾਨ ਮੰਤਰੀ ਲਈ ਸਮਾਂ ਚਿੰਤਾਜਨਕ ਹੋ ਗਿਆ ਹੈ, ਜੋ ਦਸੰਬਰ 'ਚ ਰੂਸੀ ਰਾਸ਼ਟਰਪਤੀ ਨਾਲ ਸਲਾਨਾ ਦੋ-ਪੱਖੀ ਵਾਰਤਾ ਦੀ ਯੋਜਨਾ ਬਣਾ ਰਹੇ ਹਨ। 31 ਅਗਸਤ ਨੂੰ ਚੀਨ ਵਿਚ ਐਸ.ਸੀ.ਓ. ਸਿਖਰ ਸੰਮੇਲਨ ਦੌਰਾਨ ਰਾਸ਼ਟਰਪਤੀ ਪੁਤਿਨ ਤੇ ਪ੍ਰਧਾਨ ਮੰਤਰੀ ਮੋਦੀ ਦੋਵਾਂ ਨੇ ਤੇਲ ਦਰਾਮਦ ਜਾਰੀ ਰੱਖਣ 'ਤੇ ਲੰਬੀ ਚਰਚਾ ਕਰਦਿਆਂ ਨਵੇਂ ਖੇਤਰਾਂ ਵਿਚ ਵਿਸਤਾਰ ਬਾਰੇ ਵੀ ਗੱਲਬਾਤ ਕੀਤੀ ਸੀ। ਰੂਸ ਤੋਂ ਤੇਲ ਦੀ ਦਰਾਮਦ ਰੋਕਣ ਨੂੰ ਭਾਰਤ ਅਮਰੀਕੀ ਵਪਾਰ ਗੱਲਬਾਤ ਦੀ ਪ੍ਰਗਤੀ ਨਾਲ ਜੋੜਨ 'ਤੇ ਟਰੰਪ ਦਾ ਜ਼ੋਰ ਇਸ ਸਮੇਂ ਨਰਿੰਦਰ ਮੋਦੀ ਲਈ ਇਕ ਵੱਡੀ ਸਮੱਸਿਆ ਬਣ ਗਿਆ ਹੈ। ਹੁਣ ਉਨ੍ਹਾਂ ਸਾਹਮਣੇ ਚੁਣੌਤੀ ਇਹ ਹੈ ਕਿ ਪੁਤਿਨ ਅਤੇ ਟਰੰਪ ਦੋਵਾਂ ਨੂੰ ਖੁਸ਼ ਰੱਖਦੇ ਹੋਏ ਭਾਰਤੀ ਹਿੱਤਾਂ ਵਿਚ ਕਿਵੇਂ ਸੰਤੁਲਨ ਬਣਾਇਆ ਜਾਵੇ। ਮੌਜੂਦਾ ਸਮੇਂ ਭਾਰਤ ਅਮਰੀਕੀ ਬਾਜ਼ਾਰ ਵਿਚ ਆਪਣੀ ਬਰਾਮਦ ਤੋਂ 50 ਫ਼ੀਸਦੀ ਟੈਰਿਫ ਦਾ ਵਾਧਾ ਝੱਲ ਰਿਹਾ ਹੈ। ਮੂਲ ਵਾਧਾ ਤੋਂ 25 ਫ਼ੀਸਦੀ ਹੈ ਅਤੇ ਪਰ ਟਰੰਪ ਨੇ ਰੂਸ ਤੋਂ ਤੇਲ ਦਰਾਮਦ ਕਰਨ 'ਤੇ ਜੁਰਮਾਨਾ ਲਗਾਉਂਦਿਆਂ ਇਸ ਸਾਲ ਅਗਸਤ ਵਿਚ 25 ਫ਼ੀਸਦੀ ਦਾ ਹੋਰ ਵਾਧਾ ਕਰ ਦਿੱਤਾ ਸੀ, ਕਿਉਂਕਿ ਟਰੰਪ ਦਾ ਮੰਨਣਾ ਹੈ ਕਿ ਭਾਰਤ ਵਲੋਂ ਤੇਲ ਦਰਾਮਦ ਕਾਰਨ ਰੂਸ ਨੂੰ ਯੁੱਧ ਦੌਰਾਨ ਮਾਲੀ ਮਦਦ ਮਿਲ ਰਹੀ ਹੈ। ਜੇਕਰ ਭਾਰਤ ਰੂਸ ਤੋਂ ਤੇਲ ਦਰਾਮਦ ਬੰਦ ਕਰ ਦਿੰਦਾ ਹੈ ਤਾਂ 25 ਫ਼ੀਸਦੀ ਦਾ ਜੁਰਮਾਨਾ ਆਪਣੇ ਆਪ ਹੀ ਵਾਪਸ ਲੈ ਲਿਆ ਜਾਵੇਗਾ। ਇਸ ਤੋਂ ਇਲਾਵਾ ਇਹ ਫ਼ੈਸਲਾ

**ਨਿੱਤਿਆ ਚੱਕਰਵਰਤੀ**

ਭਾਰਤ-ਅਮਰੀਕਾ ਵਪਾਰ ਗੱਲਬਾਤ ਨੂੰ ਇਕ ਫ਼ੈਸਲਾਕੁੰਨ ਸਮਝੌਤੇ ਵੱਲ ਲੈ ਜਾਣ ਵਿਚ ਵੀ ਮਦਦ ਕਰ ਸਕਦਾ ਹੈ।

ਭਾਰਤ ਵਲੋਂ ਰੂਸ ਤੋਂ ਤੇਲ ਦਰਾਮਦ ਕਰਨ ਦੀ ਜ਼ਮੀਨੀ ਹਕੀਕਤ ਕੀ ਹੈ? ਚੀਨ ਤੋਂ ਬਾਅਦ ਰੂਸ ਤੋਂ ਕੱਚੇ ਤੇਲ ਦਾ ਭਾਰਤ ਦੂਜਾ ਸਭ ਤੋਂ ਵੱਡਾ ਖਰੀਦਦਾਰ ਹੈ ਅਤੇ ਯੂਕਰੇਨ ਯੁੱਧ ਦੇ ਆਖਰੀ 3 ਸਾਲਾਂ ਤੋਂ ਰੂਸ ਨਾਲ ਭਾਰਤ ਦਾ ਆਪਸੀ ਵਪਾਰ ਰਵਾਇਤੀ ਮੁੱਲਾਂ ਪ੍ਰਾਪਤ ਤੇਲ ਦਰਾਮਦ ਵਿਚ ਭਾਰੀ ਵਾਧੇ ਕਾਰਨ ਵਧਿਆ ਹੈ, ਜਿਸ ਨਾਲ ਭਾਰਤ ਨੂੰ ਭੁਗਤਾਨ ਸੰਤੁਲਨ ਦੀ ਸਮੱਸਿਆ ਨਾਲ ਕਾਫੀ ਹੱਦ ਤਕ ਨਜਿੱਠਣ ਵਿਚ ਸਹਾਇਤਾ ਮਿਲੀ ਹੈ। ਮੌਜੂਦਾ ਸਮੇਂ ਕੱਚੇ ਤੇਲ ਦੇ ਬਾਜ਼ਾਰ ਦੇ ਵਿਵਹਾਰ ਨੂੰ ਵੇਖਦਿਆਂ ਭਾਰਤ ਆਪਣੀ ਵਿਦੇਸ਼ੀ ਮੁਦਰਾ ਦੀ ਵੱਡੀ ਕੀਮਤ 'ਤੇ ਆਪਣੀ ਦਰਾਮਦ ਨੂੰ ਘੱਟ ਕਰਨ ਦਾ ਜੋਖ਼ਮ ਉਠਾ ਸਕਦਾ ਹੈ। ਭਾਰਤ ਤੇ ਰੂਸ ਵਿਚਾਲੇ ਦੁਪਾਸੜ ਵਪਾਰ ਵਿੱਤੀ ਸਾਲ 2024-25 ਦੌਰਾਨ 68.7 ਅਰਬ ਅਮਰੀਕੀ ਡਾਲਰ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ, ਜੋ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਦੇ 10.1 ਅਰਬ ਡਾਲਰ ਨਾਲੋਂ 6.8 ਗੁਣਾ ਜ਼ਿਆਦਾ ਹੈ। ਇਸ ਵਿਚ ਭਾਰਤ ਦਾ 4.88 ਅਰਬ ਡਾਲਰ ਦਾ ਨਿਰਯਾਤ ਅਤੇ ਰੂਸ ਤੋਂ 63.84 ਅਰਬ ਡਾਲਰ ਦਾ ਆਯਾਤ ਸ਼ਾਮਿਲ ਹੈ। ਇਸ ਦੁਪਾਸੜ ਵਪਾਰ ਵਿਚ ਇਹ ਤੇਜ਼ ਵਾਧਾ ਮੁੱਖ ਤੌਰ 'ਤੇ ਇਸ ਵਿੱਤੀ ਸਾਲ ਦੌਰਾਨ ਰੂਸੀ ਤੇਲ ਤੇ ਪੈਟਰੋਲੀਅਮ ਉਤਪਾਦਾਂ ਦੀ ਅਧਿਕ ਆਯਾਤ ਕਾਰਨ ਹੋਇਆ ਹੈ। ਰੂਸ ਤੋਂ ਹੋਣ ਵਾਲੇ ਪ੍ਰਮੁੱਖ ਆਯਾਤ 'ਚ ਪੈਟ ?ਰੋਲੀਅਮ ਉਤਪਾਦ, ਖਾਦ, ਬਿਟੂਮਿਨਸ ਪਦਾਰਥ, ਖਣਿਜ ਈਂਧਨ ਤੇ ਮੋਮ, ਮਸ਼ੀਨਰੀ, ਉਪਕਰਣ, ਕੀਮਤੀ ਧਾਤਾਂ ਤੇ ਪੱਥਰ, ਲੱਕੜ, ਲੁਗਦੀ ਤੇ ਕਾਗਜ਼ ਉਤਪਾਦ ਅਤੇ ਬਨਸਪਤੀ ਤੇਲ ਸ਼ਾਮਿਲ ਹਨ। ਦੋਵੇਂ ਧਿਰਾਂ ਨੂੰ 2030 ਤੱਕ ਇਸ ਦੁਪਾਸੜ ਵਪਾਰ ਦੇ 100 ਅਰਬ ਅਮਰੀਕੀ ਡਾਲਰ ਤੱਕ ਅੱਪੜ ਜਾਣ ਦੀ ਉਮੀਦ ਹੈ।

ਰਾਸ਼ਟਰਪਤੀ ਪੁਤਿਨ ਖ਼ੁਦ ਭਾਰਤੀ ਪ੍ਰਧਾਨ ਮੰਤਰੀ ਦੇ ਨਾਲ ਸਿਖਰ ਸੰਮੇਲਨ 'ਤੇ ਵਿਸ਼ੇਸ਼ ਜ਼ੋਰ ਦੇ ਰਹੇ ਹਨ, ਕਿਉਂਕਿ ਭਾਰਤ ਜਿਹੇ ਵੱਡੇ ਦੇਸ਼ ਦੇ ਨਾਲ ਸਾਂਝੇਦਾਰੀ ਦਾ ਪ੍ਰਚਾਰ ਕਰਕੇ ਉਹ ਯੂਕਰੇਨ 'ਚ ਸਾਢੇ 3 ਸਾਲਾਂ ਤੋਂ ਚੱਲ ਰਹੇ ਯੁੱਧ ਦੇ ਬਾਅਦ ਵੀ ਗਲੋਬਲ ਦੱਖਣ ਤੇ ਹੋਰ ਦੇਸ਼ਾਂ ਨੂੰ ਇਕ ਰਾਜਨੀਤਕ ਨੇਤਾ ਵਜੋਂ ਆਪਣੀ ਸਵੀਕਾਰਤਾ ਨੂੰ ਦਿਖਾ ਸਕਦੇ ਹਨ। ਰਾਸ਼ਟਰਪਤੀ ਪੁਤਿਨ ਭਾਰਤੀ ਪ੍ਰਧਾਨ ਮੰਤਰੀ ਦੇ ਇਤਰਾਜ਼ਾਂ ਦੇ ਬਾਵਜੂਦ ਭਾਰਤ-ਰੂਸ-ਚੀਨ ਨੂੰ ਇਕ ਤ੍ਰਿਮੂਰਤੀ ਦੇ ਰੂਪ ਵਿਚ ਕੰਮ ਕਰਨ ਲਈ ਇਕਜੁੱਟ ਕਰਨ ਵਿਚ ਵੀ ਦਿਲਚਸਪੀ ਰੱਖਦੇ ਹਨ। ਦਰਅਸਲ ਭਾਰਤ-ਰੂਸ ਸਹਿਯੋਗ 'ਤੇ ਅਧਿਕਾਰਤ ਪੱਧਰ ਦੇ ਚਰਚਿਆਂ ਵਿਚ ਪ੍ਰਸ਼ਾਂਤ ਖੇਤਰ ਵਿਸ਼ੇਸ਼ ਰੂਪ ਵਿਚ ਉੱਤਰੀ ਸਮੁੰਦਰੀ ਮਾਰਗ ਸ਼ਾਮਿਲ ਹੈ, ਜਿੱਥੇ ਰੂਸੀ ਵਿਗਿਆਨਕ ਪਹਿਲਾਂ ਹੀ ਸਰਗਰਮ ਹਨ। ਕੁਝ ਪ੍ਰਮੁੱਖ ਖੇਤਰਾਂ ਵਿਚ ਰੂਸ ਤੋਂ ਹੋਰ ਜ਼ਿਆਦਾ ਨਿਵੇਸ਼ ਕਰਨ ਦੇ ਲਈ ਗੱਲਬਾਤ ਹੋਵੇਗੀ। ਭਾਵੇਂ ਦੁਪਾਸੜ ਵਪਾਰ ਵਧਿਆ ਹੈ, ਪਰ ਨਿਵੇਸ਼ ਸਥਿਰ ਹੈ। ਰੂਸ ਇਸ ਖੇਤਰ ਵਿਚ ਕੁਝ ਕਾਮਯਾਬੀ ਹਾਸਲ ਕਰਨਾ ਚਾਹੁੰਦਾ ਹੈ। ਪੁਤਿਨ ਤੇ ਭਾਰਤੀ ਪ੍ਰਧਾਨ ਮੰਤਰੀ ਮੋਦੀ ਵਿਚਾਲੇ ਦਸੰਬਰ ਵਿਚ ਹੋਣ ਵਾਲੀ ਇਸ ਵਾਰਤਾ ਦੇ ਦੌਰਾਨ ਸੰਯੁਕਤ ਨਿਵੇਸ਼ ਪ੍ਰੋਗਰਾਮਾਂ ਦੀਆਂ ਸੰਭਾਵਨਾਵਾਂ 'ਤੇ ਦੋਵੇਂ ਦੇਸ਼ ਨਵੇਂ ਸਿਰੇ ਤੋਂ ਵਿਚਾਰ ਕਰ ਸਕਦੇ ਹਨ।

ਭਾਵੇਂ ਭਾਰਤ-ਰੂਸ ਵਾਰਤਾ ਦਾ ਮੁੱਖ ਮੁੱਦਾ ਕੱਚੇ ਤੇਲ ਦੀ ਸਪਲਾਈ ਸਮੇਤ ਊਰਜਾ ਖੇਤਰ ਵਿਚ ਸਹਿਯੋਗ ਹੈ। ਟਰੰਪ ਦੀਆਂ ਧਮਕੀਆਂ ਦੇ ਚਲਦਿਆਂ ਪ੍ਰਧਾਨ ਮੰਤਰੀ ਮੋਦੀ ਦੇ ਹੱਥ ਇਸ ਮਹਤੱਵਪੂਰਨ ਖੇਤਰ ਨੂੰ ਲੈ ਕੇ ਬੱਝੇ ਹੋਏ ਹਨ। ਰਾਸ਼ਟਰਪਤੀ ਪੁਤਿਨ ਵੀ ਟਰੰਪ ਦੀ ਬੁੱਧਵਾਰ ਨੂੰ ਕੀਤੀ ਟਿੱਪਣੀ ਬਾਅਦ ਨਵੇਂ ਘਟਨਾਕ੍ਰਮਾਂ 'ਤੇ ਨਜ਼ਰ ਰੱਖ ਰਹੇ ਹਨ। ਅਗਲੇ ਕੁਝ ਹਫ਼ਤਿਆਂ ਦੌਰਾਨ ਪਤਾ ਲੱਗ ਸਕੇਗਾ ਕਿ ਪ੍ਰਧਾਨ ਮੰਤਰੀ ਮੋਦੀ ਰੂਸ ਤੋਂ ਤੇਲ ਦੀ ਭਾਰਤੀ ਦਰਾਮਦ ਨਾਲ ਨਜਿੱਠਣ ਲਈ ਕੀ ਕਦਮ ਉਠਾਉਂਦੇ ਹਨ ਅਤੇ ਅਗਲੀ ਭਾਰਤ-ਅਮਰੀਕਾ ਵਪਾਰ ਵਾਰਤਾ ਦੇ ਦੌਰਾਨ ਭਾਰਤੀ ਵਫ਼ਦ ਨੂੰ ਕੀ ਨਿਰਦੇਸ਼ ਦਿੱਤੇ ਜਾਂਦੇ ਹਨ? ਇਸ ਸੰਬੰਧੀ ਬਹੁਤ ਕੁਝ ਰੂਸੀ ਤੇ ਅਮਰੀਕੀ ਦੋਹਾਂ ਨੇਤਾਵਾਂ ਦੇ ਨਾਲ ਗੱਲਬਾਤ ਵਿਚ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਮੁਹਾਰਤ 'ਤੇ ਨਿਰਭਰ ਕਰੇਗਾ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਜਨਤਕ ਥਾਵਾਂ ’ਤੇ ਬੁਰਕਾ ਪਹਿਨਣ ’ਤੇ ਰੋਕ, ਨਿਯਮ ਤੋੜਨ ’ਤੇ 4 ਲੱਖ ਰੁਪਏ ਤਕ ਜੁਰਮਾਨਾ



ਲਿਸਬਨ : ਪੁਰਤਗਾਲ ਦੀ ਸੰਸਦ ਨੇ ਸ਼ੁੱਕਰਵਾਰ ਨੂੰ ਇਕ ਨਵਾਂ ਨਿਯਮ ਪਾਸ ਕੀਤਾ, ਜਿਸ ਦੇ ਤਹਿਤ ਜਨਤਕ ਥਾਵਾਂ ’ਤੇ ਬੁਰਕਾ ਤੇ ਨਕਾਬ ਪਹਿਨਣ ’ਤੇ ਪਾਬੰਦੀ ਹੋਵੇਗੀ। ਇਹ ਬਿੱਲ ਸੱਜੇਪੱਖੀ ਪਾਰਟੀ ‘ਚੇਗਾ’ ਨੇ ਪੇਸ਼ ਕੀਤਾ ਸੀ। ਇਸ ਨਿਯਮ ਮੁਤਾਬਕ ਜੇ ਕੋਈ ਜਨਤਕ ਥਾਂ ’ਤੇ ਬੁਰਕਾ ਜਾਂ ਨਕਾਬ ਪਹਿਨੇਗਾ ਤਾਂ ਉਸ ਨੂੰ 20 ਹਜ਼ਾਰ ਰੁਪਏ ਤੋਂ 4 ਲੱਖ ਰੁਪਏ ਤਕ ਜੁਰਮਾਨਾ ਦੇਣਾ ਪੈ ਸਕਦਾ ਹੈ। ਇਸ ਤੋਂ ਇਲਾਵਾ ਜੇ ਕੋਈ ਕਿਸੇ ਨੂੰ ਜ਼ਬਰਦਸਤੀ ਬੁਰਕਾ ਪਹਿਨਾਉਣ ਦੀ ਕੋਸ਼ਿਸ਼ ਕਰੇਗਾ ਤਾਂ 3 ਸਾਲ ਤਕ ਜੇਲ ਹੋ ਸਕਦੀ ਹੈ। ਹਾਲਾਂਕਿ ਹਵਾਈ ਜਹਾਜ਼, ਧਾਰਮਿਕ ਸਥਾਨਾਂ ਅਤੇ ਅੰਬੈਸੀਆਂ ਵਿਚ ਬੁਰਕਾ ਪਹਿਨਣ ਦੀ ਛੋਟ ਰਹੇਗੀ। ਇਸ ਬਿੱਲ ’ਤੇ ਅਜੇ ਰਾਸ਼ਟਰਪਤੀ ਮਾਰਸੈਲੋ ਰਿਬੈਲੋ ਡੀ ਸੂਜ਼ਾ ਦੇ ਹਸਤਾਖਰ ਹੋਣੇ ਬਾਕੀ ਹਨ। ਉਹ ਹੀ ਇਸ ਨੂੰ ਰੋਕ ਸਕਦੇ ਹਨ ਜਾਂ ਜਾਂਚ ਲਈ ਅਦਾਲਤ ’ਚ ਭੇਜ ਸਕਦੇ ਹਨ। ਸੰਸਦ ਵਿਚ ਬਹਿਸ ਦੌਰਾਨ ਕੁਝ ਖੱਬੇਪੱਖੀ ਮਹਿਲਾ ਸੰਸਦ ਮੈਂਬਰਾਂ ਨੇ ਇਸ ਨਿਯਮ ਦਾ ਵਿਰੋਧ ਕੀਤਾ ਅਤੇ ‘ਚੇਗਾ’ ਪਾਰਟੀ ਦੇ ਨੇਤਾ ਆਂਦਰੇ ਵੇਂਟੂਰਾ ਨਾਲ ਬਹਿਸ ਕੀਤੀ ਪਰ ਹੋਰ ਸੱਜੇਪੱਖੀ ਪਾਰਟੀਆਂ ਦੇ ਸਮਰਥਨ ਨਾਲ ਇਹ ਬਿੱਲ ਪਾਸ ਹੋ ਗਿਆ।

# ਭਾਰਤ ’ਚ ਹਾਕੀ ਖੇਡਣਗੇ ਕੈਨੇਡਾ ਦੇ 8 ਪੰਜਾਬੀ ਗੱਭਰੂ



ਐਬਟਸਫੋਰਡ : ਕੈਨੇਡਾ ਦੀ ਪ੍ਰਮੁੱਖ ਹਾਕੀ ਸੰਸਥਾ ਫੀਲਡ ਹਾਕੀ ਕੈਨੇਡਾ ਵਲੋਂ ਭਾਰਤ ਦੇ ਤਾਮਿਲਨਾਡੂ ਸੂਬੇ ਦੀ ਰਾਜਧਾਨੀ ਚੇਨਈ ਤੇ ਸ਼ਹਿਰ ਮਦਰਾਏ ਵਿਖੇ 28 ਨਵੰਬਰ ਤੋਂ 10 ਦਸੰਬਰ ਤੱਕ ਹੋ ਰਹੇ ਜੂਨੀਅਰ ਵਰਲਡ ਕੱਪ 2025 ਫੀਲਡ ਹਾਕੀ ਮੁਕਾਬਲਿਆਂ ਵਾਸਤੇ ਲੜਕਿਆਂ ਦੀ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ। ਕੈਨੇਡਾ ਦੀ 18 ਮੈਂਬਰੀ ਜੂਨੀਅਰ ਹਾਕੀ ਟੀਮ ਵਿਚ 8 ਪੰਜਾਬੀ ਖਿਡਾਰੀ ਸ਼ਾਮਿਲ ਕੀਤੀ ਗਏ ਹਨ। ਇਨ੍ਹਾਂ ਹਾਕੀ ਮੁਕਾਬਲਿਆਂ ’ਚ 24 ਦੇਸ਼ਾਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਕੈਨੇਡਾ ਦੀ 18 ਮੈਂਬਰੀ ਹਾਕੀ ਟੀਮ ਵਿਚ ਗੁਰਵਿੰਦਰ ਸਿੰਘ ਬਰਾੜ, ਸਤਪ੍ਰੀਤ ਸਿੰਘ ਚੱਢਾ, ਪਰਮਵੀਰ ਸਿੰਘ ਬਸਰਾ, ਗੈਵਿਨ ਥਿੰਦ, ਗੁਰਨੂਰ ਸਿੰਘ ਭੁੱਲਰ, ਨਵਦੀਪ ਸਿੰਘ ਚੰਦੀ, ਰਵਪ੍ਰੀਤ ਸਿੰਘ ਗਿੱਲ ਤੇ ਰੌਬਿਨ ਥਿੰਦ ਮੈਦਾਨ ’ਚ ਆਪਣੀ ਹਾਕੀ ਦੇ ਜੌਹਰ ਵਿਖਾਉਣਗੇ। ਪਰਮਵੀਰ ਸਿੰਘ ਬਸਰਾ, ਨਵਦੀਪ ਸਿੰਘ ਚੰਦੀ, ਰਵਪ੍ਰੀਤ ਸਿੰਘ ਗਿੱਲ ਤੇ ਰੌਬਿਨ ਥਿੰਦ ਫਾਰਵਰਡ ਖੇਡਦੇ ਹਨ, ਜਦਕਿ ਸਤਪ੍ਰੀਤ ਸਿੰਘ ਚੱਢਾ, ਗੁਰਵਿੰਦਰ ਸਿੰਘ ਬਰਾੜ ਤੇ ਗੈਵਿਨ ਥਿੰਦ ਡਿਫੈਂਸ ਤੇ ਗੁਰਨੂਰ ਸਿੰਘ ਭੁੱਲਰ ਮਿੱਡਫੀਲਡ ਪੁਜ਼ੀਸ਼ਨ ’ਤੇ ਹਾਕੀ ਖੇਡਦੇ ਹਨ। ਕੈਨੇਡਾ-ਆਇਰਲੈਂਡ 28 ਨਵੰਬਰ, ਕੈਨੇਡਾ-ਜਰਮਨ 29 ਨਵੰਬਰ ਅਤੇ ਕੈਨੇਡਾ ਤੇ ਦੱਖਣੀ ਅਫਰੀਕਾ ਦਰਮਿਆਨ ਪਹਿਲੀ ਦਸੰਬਰ ਨੂੰ ਹਾਕੀ ਦਾ ਮੁਕਾਬਲਾ ਹੋਵੇਗਾ।

# ਯੂ.ਐਸ. ਕਾਂਗਰਸ ਨੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਦਿੱਤੀ ਮਾਨਤਾ

## ਗੁਰੂ ਸਾਹਿਬ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਲਈ ਵਿਸ਼ਵ ਲਈ ਇਕ ਸਭ ਤੋਂ ਵੱਡੀ ਮਿਸਾਲ ਹੈ : ਐਸਸੀਸੀਈਸੀ



Congressional Record
PROCEEDINGS AND DEBATES OF 119TH CONGRESS, FIRST SESSION
House of Representatives

October 10, 2025

Recognition of the 350th Anniversary of the Martyrdom of Guru Tegh Bahadur

Mr. Speaker,

I rise today to commemorate the 350th anniversary of the martyrdom of Guru Tegh Bahadur, the revered Ninth Guru of Sikhism—the world's fifth-largest religion, with nearly 30 million followers worldwide, including one million here in the United States.

A champion of religious freedom for all, Guru Tegh Bahadur courageously confronted the Mughal Emperor Aurangzeb's campaign of religious persecution, defending the right of every individual to freely practice their faith. For this act of unwavering conviction, he was publicly executed in 1675 in Delhi, India, and is fondly remembered as Dharam Di Chadar, or, "Shield of the Religions," for his ultimate sacrifice to protect the rights of others and uphold the universal principles of human dignity, freedom of conscience, and the right to worship according to one's beliefs.

Pennsylvania's Sikh community, whose roots trace back to the State of Punjab in India, began immigrating to our nation more than a century ago. These remarkable Americans have played a vital role in the growth and vitality of the Keystone State and have enriched their communities through their commitment to tolerance, service, and civic engagement.

These extraordinary ideals reflect the Sikh tradition of seeking peace through equality, fraternity, and respect, while striving to overcome division through sacred teachings and the admirable tenets of honest work, charity, volunteerism, and sharing with those in need.

Mr. Speaker, it is altogether fitting that the House recognize Guru Tegh Bahadur's supreme sacrifice for human rights and religious freedom, and encourage all Americans to join in its observance on November 24, 2025.

I yield back.

Brendan F. Boyle
2nd District, Pennsylvania




ਡੀ.ਸੀ. ਵਾਸ਼ਿ.ਗਟਨ ਵਿਖੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕਾਂਗਰਸਮੈਨ ਬ੍ਰੈਂਡਨ ਬਾਇਲੇ, ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ, ਮੀਡੀਆ ਸਪੋਕਸਮੈਨ ਹਰਜਿੰਦਰ ਸਿੰਘ।

ਵਾਸ਼ਿੰਗਟਨ ਡੀਸੀ (ਸਾਡੇ ਲੋਕ) : ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਉਪਰਾਲਿਆਂ ਸਦਕਾ, ਸਿੱਖ ਕੌਮ ਲਈ ਅੱਜ ਦਾ ਦਿਨ ਇਤਿਹਾਸਿਕ ਬਣ ਗਿਆ ਹੈ। ਸੰਸਾਰ ਭਰ ਦੀ ਸੁਪਰੀਮ ਪਾਵਰ ਅਮਰੀਕਾ ਵਿੱਚ ਪੈਨਸਿਲਵੇਨੀਆਂ ਤੋ ਕਾਂਗਰਸਮੈਨ ਬ੍ਰੈਂਡਨ ਬਾਇਲੇ ਦੇ ਯਤਨਾਂ ਸਦਕਾ ਕਾਂਗਰਸ ਹਾਊਸ ਵਿੱਚ ਸਿੱਖਾ ਦੇ ਨੌਂਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇ ਸ਼ਹੀਦੀ ਦਿਹਾੜੇ ਨੂੰ ਸਤਿਕਾਰ ਅਤੇ ਮਾਨਤਾ ਦਿੱਤੀ ਗਈ। ਇਸ ਮੌਕੇ ਉਨ੍ਹਾਂ ਆਪਣੇ ਸੰਦੇਸ਼ ਦੌਰਾਨ ਕਿਹਾ ਕਿ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਉਹਨਾਂ ਦੇ ਪਿਆਰੇ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹਾਦਤ ਦੁਨੀਆ ਲਈ ਇਕ ਚਾਨਣ ਮੁਨਾਰੇ ਵਾਂਗ ਹੈ। ਉਨ੍ਹਾਂ ਅੱਗੇ ਕਿਹਾ ਕਿ ਗੁਰੂ ਸਾਹਿਬ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਅਤਿਆਚਾਰ ਤੇ ਹਿੰਦੂ ਧਰਮ ਨੂੰ ਖਤਮ ਕਰਨ ਦੀ ਮੁਹਿੰਮ ਦਾ ਦਲੇਰੀ ਨਾਲ ਸਾਹਮਣਾ ਕੀਤਾ ਅਤੇ ਹਰੇਕ ਵਿਅਕਤੀ ਦੇ ਆਪਣੇ ਵਿਸ਼ਵਾਸ ਦੀ ਆਜ਼ਾਦੀ ਨਾਲ ਪਾਲਣਾ ਕਰਨ ਦੇ ਅਧਿਕਾਰ ਦੀ ਰੱਖਿਆ ਦੇ ਨਾਲ-ਨਾਲ ਦੂਜਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਮਨੁੱਖੀ ਮਾਣ, ਜ਼ਮੀਰ ਦੀ ਆਜ਼ਾਦੀ, ਕਿਸੇ ਦੇ ਵਿਸ਼ਵਾਸਾਂ ਅਨੁਸਾਰ ਪੂਜਾ ਕਰਨ ਦੇ ਅਧਿਕਾਰ ਦੇ ਸਰਵ ਵਿਆਪਕ ਸਿਧਾਂਤਾਂ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਅੰਤਿਮ ਕੁਰਬਾਨੀ ਲਈ ਉਨ੍ਹਾਂ ਨੂੰ ਪਿਆਰ ਨਾਲ ਸ੍ਰਿਸ਼ਟੀ ਦੀ ਚਾਦਰ ਅਤੇ ਮਨੁੱਖਤਾ ਦੇ ਅਧਿਕਾਰਾਂ ਦੀ ਢਾਲ ਵਜੋਂ ਯਾਦ ਕੀਤਾ ਜਾਂਦਾ ਹੈ।

ਸਿੱਖ ਭਾਈਚਾਰਾ, ਜਿਸਦੀਆਂ ਜੜ੍ਹਾਂ ਨਨਕਾਣਾ ਸਾਹਿਬ, ਪੰਜਾਬ ਜੋ ਕਿ ਹੁਣ ਪਾਕਿਸਤਾਨ ਵਿੱਚ ਸਥਿਤ ਹੈ, ਹੁਣ ਪੂਰੀ ਦੁਨੀਆ ਵਿੱਚ ਫੈਲੀਆ ਹੋਇਆ ਹਨ। ਸਿੱਖਾ ਨੇ ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਅਮਰੀਕਾ ਵਿੱਚ ਪਰਵਾਸ ਕਰਨਾ ਸ਼ੁਰੂ ਕੀਤਾ ਸੀ। ਇਨ੍ਹਾਂ ਸ਼ਾਨਦਾਰ ਅਮਰੀਕੀਆਂ ਨੇ ਕੀਅਸਟੋਨ ਦੇ ਵਿਕਾਸ ਅਤੇ ਜੀਵਨਸ਼ਕਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਸਹਿਣਸ਼ੀਲਤਾ, ਸੇਵਾ ਅਤੇ ਨਾਗਰਿਕ ਸ਼ਮੂਲੀਅਤ ਪ੍ਰਤੀ ਆਪਣੀ ਵਚਨਬੱਧਤਾ ਰਾਹੀਂ ਆਪਣੇ ਭਾਈਚਾਰਿਆਂ ਨੂੰ ਅਮੀਰ ਬਣਾਇਆ ਹੈ। ਇਹ ਅਸਾਧਾਰਨ ਆਦਰਸ਼ ਸਮਾਨਤਾ, ਭਾਈਚਾਰੇ ਅਤੇ ਸਤਿਕਾਰ ਰਾਹੀਂ ਸ਼ਾਂਤੀ ਦੀ ਭਾਲ ਕਰਨ ਦੀ ਸਿੱਖ ਪਰੰਪਰਾ ਨੂੰ ਦਰਸਾਉਂਦੇ ਹਨ, ਜਦੋਂ ਕਿ ਪਵਿੱਤਰ ਸਿੱਖਿਆਵਾਂ ਅਤੇ ਇਮਾਨਦਾਰ ਕੰਮ, ਦਾਨ, ਸਵੈ-ਸੇਵਾ ਅਤੇ ਲੋੜਵੰਦਾਂ ਨਾਲ ਸਾਂਝਾ ਕਰਨ ਦੇ ਪ੍ਰਸ਼ੰਸਾਯੋਗ ਸਿਧਾਂਤਾਂ ਰਾਹੀਂ ਆਪਸੀ ਵੰਡ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ।

ਜਿੱਥੇ ਭਾਰਤ ਵਿੱਚ ਸਿੱਖਾਂ ਨੂੰ ਹਰ ਪੱਖੋਂ ਦਬਾਇਆ ਜਾ ਰਿਹਾ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀਰ ਬਾਲ ਦਿਵਸ ਕਹਿ ਕੇ ਨੀਵਾਂ ਦਿਖਾਉਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਉੱਥੇ ਵਿਦੇਸ਼ਾਂ ਵਿੱਚ ਸਿੱਖ ਫਲਸਫੇ ਪ੍ਰਤੀ ਸਤਿਕਾਰ ਅਤੇ ਗੁਰੂ ਸਾਹਿਬਾਨਾ ਦੀਆਂ ਸਿੱਖਿਆਵਾਂ ਅਤੇ ਕੁਰਬਾਨੀਆਂ ਨੂੰ ਸਿਜਦਾ ਕਰਕੇ ਮਾਨਤਾ ਦਿੱਤੀ ਜਾ ਰਹੀ ਹੈ।

# ਅਮਰੀਕਾ ਤੇ ਆਸਟ੍ਰੇਲੀਆ ਵਲੋਂ ਮਹੱਤਵਪੂਰਨ ਖਣਿਜ ਸਮਝੌਤੇ ’ਤੇ ਦਸਤਖ਼ਤ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਸੋਮਵਾਰ ਨੂੰ ਵ ?ਹਾਈਟ ਹਾਊਸ ਵਿਖੇ ਇੱਕ ਮਹੱਤਵਪੂਰਨ ਖਣਿਜ ਸਮਝੌਤੇ ’ਤੇ ਦਸਤਖਤ ਕੀਤੇ। ਅਜਿਹੇ ਸਮੇਂ ਜਦੋਂ ਚੀਨ ਵਿਦੇਸ਼ਾਂ ਵਿਚ ਆਪਣੇ ਮਹੱਤਵਪੂਰਨ ਖਣਿਜਾਂ ਦੀ ਬਰਾਮਦ ’ਤੇ ਸਖ਼ਤ ਨਿਯਮ ਲਾਗੂ ਕਰ ਰਿਹਾ ਹੈ, ਅਮਰੀਕਾ ਮਹਾਂਦੀਪ ਦੇ ਅਮੀਰ ਦੁਰਲੱਭ-ਧਰਤੀ ਸਰੋਤਾਂ ’ਤੇ ਨਜ਼ਰ ਰੱਖ ਰਿਹਾ ਹੈ। ਦੋਵਾਂ ਆਗੂਆਂ ਨੇ ਇਸ ਸਮਝੌਤੇ ਨੂੰ ਸਹਿਯੋਗੀਆਂ ਵਿਚਕਾਰ 8.5 ਬਿਲੀਅਨ ਡਾਲਰ ਦਾ ਸੌਦਾ ਦੱਸਿਆ। ਟਰੰਪ ਨੇ ਕਿਹਾ ਕਿ ਇਸ ’ਤੇ ਕਈ ਮਹੀਨਿਆਂ ਤੋਂ ਗੱਲਬਾਤ ਹੋਈ ਸੀ। ਟਰੰਪ ਨੇ ਕਿਹਾ ਕਿ ਹੁਣ ਤੋਂ ਲਗਭਗ ਇੱਕ ਸਾਲ ਵਿਚ ਸਾਡੇ ਕੋਲ ਇੰਨੇ ਮਹੱਤਵਪੂਰਨ ਖਣਿਜ ਅਤੇ ਦੁਰਲੱਭ ਧਰਤੀ ਸਰੋਤ ਹੋਣਗੇ ਕਿ ਤੁਹਾਨੂੰ ਨਹੀਂ ਪਤਾ ਹੋਵੇਗਾ ਕਿ ਉਨ੍ਹਾਂ ਨਾਲ ਕੀ ਕਰਨਾ ਹੈ। ਅਲਬਾਨੀਜ਼ ਨੇ ਅੱਗੇ ਕਿਹਾ ਕਿ ਇਹ ਸਮਝੌਤਾ ਅਮਰੀਕਾ-ਆਸਟ੍ਰੇਲੀਆ ਸੰਬੰਧਾਂ ਨੂੰ ਅਗਲੇ ਪੱਧਰ ’ਤੇ ਲੈ ਜਾਵੇਗਾ। ਇਸ ਮਹੀਨੇ ਦੇ ਸ਼ੁਰੂ ਵਿਚ ਬੀਜਿੰਗ ਨੇ ਐਲਾਨ ਕੀਤਾ ਸੀ ਕਿ ਉਸ ਨੂੰ ਵਿਦੇਸ਼ੀ ਕੰਪਨੀਆਂ ਨੂੰ ਚੀਨ ਤੋਂ ਆਉਣ ਵਾਲੇ ਜਾਂ ਚੀਨੀ ਤਕਨਾਲੋਜੀ ਨਾਲ ਤਿਆਰ ਕੀਤੇ ਜਾਣ ਵਾਲੇ ਦੁਰਲੱਭ-ਧਰਤੀ ਸਰੋਤਾਂ ਦੀ ਥੋੜ੍ਹੀ ਮਾਤਰਾ ਵਾਲੇ ਚੁੰਬਕ ਬਰਾਮਦ ਕਰਨ ਲਈ ਚੀਨੀ ਸਰਕਾਰ ਤੋਂ ਇਜਾਜ਼ਤ ਲੈਣ ਦੀ ਲੋੜ ਹੋਵੇਗੀ।

# ‘ਰੂਸੀ ਤੇਲ ਖਰੀਦਣ ’ਤੇ ਲੱਗੇਗਾ ਟੈਰਿਫ’, ਟਰੰਪ ਦੀ ਭਾਰਤ ਨੂੰ ਚਿਤਾਵਨੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਭਾਰਤ ਬਾਰੇ ਸਖ਼ਤ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਭਾਰਤ ਰੂਸ ਤੋਂ ਕੱਚਾ ਤੇਲ ਦਰਾਮਦ ਕਰਨਾ ਜਾਰੀ ਰੱਖਦਾ ਹੈ, ਤਾਂ ਉਸਨੂੰ ਭਾਰੀ ਆਯਾਤ ਡਿਊਟੀਆਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਇਹ ਟਿੱਪਣੀ ਆਪਣੇ ਜਹਾਜ਼, ਏਅਰ ਫੋਰਸ ਵਨ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤੀ। ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ ਸੀ, ਜਿਸ ਵਿੱਚ ਮੋਦੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਰੂਸ ਤੋਂ ਤੇਲ ਨਹੀਂ ਖਰੀਦਣਗੇ। ਹਾਲਾਂਕਿ, ਜੇਕਰ ਭਾਰਤ ਅਜਿਹਾ ਨਹੀਂ ਕਰਦਾ ਹੈ ਤਾਂ ਅਮਰੀਕੀ ਪ੍ਰਸ਼ਾਸਨ ਸਖ਼ਤ ਕਾਰਵਾਈ ਕਰੇਗਾ।

ਅਮਰੀਕੀ ਪ੍ਰਸ਼ਾਸਨ ਦਾ ਤਰਕ ਹੈ ਕਿ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ ਅਸਿੱਧੇ ਤੌਰ ’ਤੇ ਯੂਕਰੇਨ ਯੁੱਧ ਨੂੰ ਫੰਡ ਦੇ ਰਹੇ ਹਨ। ਇਸ ਕਾਰਨ, ਅਮਰੀਕਾ ਮਾਸਕੋ ਤੋਂ ਊਰਜਾ ਖਰੀਦਣ ਵਾਲੇ ਦੇਸ਼ਾਂ ’ਤੇ ਦਬਾਅ ਪਾ ਰਿਹਾ ਹੈ। ਪਿਛਲੇ ਕੁਝ ਮਹੀਨਿਆਂ ਵਿੱਚ, ਭਾਰਤ ਸਮੇਤ ਕਈ ਦੇਸ਼ਾਂ ਨੂੰ ਰੂਸੀ ਤੇਲ ਖਰੀਦਣ ਨੂੰ ਘਟਾਉਣ ਜਾਂ ਬੰਦ ਕਰਨ ਲਈ ਕਿਹਾ ਗਿਆ ਹੈ।

ਹਾਲਾਂਕਿ, ਭਾਰਤ ਸਰਕਾਰ ਨੇ ਟਰੰਪ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਪੱਸ਼ਟ ਕੀਤਾ ਕਿ ਭਾਰਤ ਦੀ ਊਰਜਾ ਨੀਤੀ ਘਰੇਲੂ ਜ਼ਰੂਰਤਾਂ ਅਤੇ ਆਰਥਿਕ



ਸੰਤੁਲਨ ਨੂੰ ਤਰਜੀਹ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਇੱਕ ਜ਼ਿੰਮੇਵਾਰ ਊਰਜਾ ਆਯਾਤਕ ਹੈ ਅਤੇ ਕੀਮਤਾਂ ਦੀ ਸਥਿਰਤਾ ਬਣਾਈ ਰੱਖਣ ਅਤੇ ਆਪਣੀ ਊਰਜਾ ਸਪਲਾਈ ਨੂੰ ਵਿਭਿੰਨ ਬਣਾਉਣ ਲਈ ਸੁਤੰਤਰ ਤੌਰ ’ਤੇ ਆਪਣੇ ਫੈਸਲੇ ਲੈਂਦਾ ਹੈ।

ਇਸ ਸਾਲ ਦੇ ਸ਼ੁਰੂ ’ਚ ਟਰੰਪ ਪ੍ਰਸ਼ਾਸਨ ਨੇ ਕੱਪੜੇ, ਦਵਾਈਆਂ ਤੇ ਖੇਤੀਬਾੜੀ ਉਤਪਾਦਾਂ ਸਮੇਤ ਕਈ ਭਾਰਤੀ ਉਤਪਾਦਾਂ ’ਤੇ ਆਯਾਤ ਡਿਊਟੀਆਂ ਵਧਾ ਦਿੱਤੀਆਂ ਸਨ। ਭਾਰਤੀ ਉਦਯੋਗ ਸੰਗਠਨ ਚੇਤਾਵਨੀ ਦੇ ਰਹੇ ਹਨ ਕਿ ਇਹ ਨੀਤੀ ਨਿਰਯਾਤ ਨੂੰ ਨੁਕਸਾਨ ਪਹੁੰਚਾਏਗੀ। ਜੇਕਰ ਰੂਸੀ ਤੇਲ ’ਤੇ ਵੀ ਟੈਰਿਫ ਵਧਾਇਆ ਜਾਂਦਾ ਹੈ ਤਾਂ ਇਹ ਭਾਰਤ-ਅਮਰੀਕਾ ਵਪਾਰਕ ਸਬੰਧਾਂ ਨੂੰ ਹੋਰ ਤਣਾਅਪੂਰਨ ਬਣਾ ਸਕਦਾ ਹੈ।

ਪ੍ਰਧਾਨ ਮੰਤਰੀ ਮੋਦੀ ਅਤੇ ਟਰੰਪ ਵਿਚਕਾਰ ਹੋਈ ਗੱਲਬਾਤ ਬਾਰੇ ਵੀ ਵਿਵਾਦ ਹੈ। ਟਰੰਪ ਨੇ ਦਾਅਵਾ ਕੀਤਾ ਕਿ ਮੋਦੀ ਨੇ ਉਨ੍ਹਾਂ ਨੂੰ ਰੂਸ ਤੋਂ ਤੇਲ ਨਾ ਖਰੀਦਣ ਦਾ ਵਾਅਦਾ ਕੀਤਾ ਸੀ, ਪਰ ਭਾਰਤ ਸਰਕਾਰ ਨੇ ਕਿਹਾ ਹੈ ਕਿ ਅਜਿਹੀ ਕੋਈ ਗੱਲਬਾਤ ਰਿਕਾਰਡ ਵਿੱਚ ਨਹੀਂ ਹੈ। ਜਦੋਂ ਟਰੰਪ ਤੋਂ ਇਸ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜੇਕਰ ਭਾਰਤ ਪਾਲਣਾ ਨਹੀਂ ਕਰਦਾ ਹੈ ਤਾਂ ਉਸਨੂੰ ਭਾਰੀ ਟੈਰਿਫਾਂ ਦਾ ਸਾਹਮਣਾ ਕਰਨਾ ਪਵੇਗਾ।

ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਤੇਲ ਆਯਾਤਕ ਹੈ ਅਤੇ ਉਸਦੀ ਤਰਜੀਹ ਕਿਫਾਇਤੀ, ਟਿਕਾਊ ਅਤੇ ਵਿਭਿੰਨ ਊਰਜਾ ਸਰੋਤਾਂ ਨੂੰ ਯਕੀਨੀ ਬਣਾਉਣਾ ਹੈ। ਵਰਤਮਾਨ ’ਚ ਭਾਰਤ ਸਾਊਦੀ ਅਰਬ, ਸੰਯੁਕਤ ਰਾਜ, ਰੂਸ ਤੇ ਯੂਏਈ ਤੋਂ ਤੇਲ ਖਰੀਦਦਾ ਹੈ। ਊਰਜਾ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਰੂਸ ਤੋਂ ਤੇਲ ਸਭ ਤੋਂ ਕਿਫਾਇਤੀ ਵਿਕਲਪ ਹੈ ਅਤੇ ਭਾਰਤ ਦੀ ਊਰਜਾ ਸੁਰੱਖਿਆ ਰਣਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਕੈਲੀਫੋਰਨੀਆ 'ਚ ਪੰਜਾਬੀ ਨੌਜਵਾਨ ਦੀ ਹਾਦਸੇ 'ਚ ਮੌਤ



ਸਾਨ ਫਰਾਂਸਿਸਕੋ : ਕੈਲੀਫੋਰਨੀਆ 'ਚ ਇਕ ਟਰੱਕ ਵਾਸ਼ 'ਤੇ ਕੰਮ ਕਰਨ ਵਾਲੇ ਪੰਜਾਬੀ ਨੌਜਵਾਨ ਮਨਦੀਪ ਸਿੰਘ ਸੱਲ (39) ਦੇ ਦੁਰਘਟਨਾ 'ਚ ਮੌਤ ਹੋ ਗਈ। ਭਾਵੇਂ ਪੁਲਿਸ ਵਲੋਂ ਹਾਲੇ ਵਿਸਥਾਰ 'ਚ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਪਰ ਦੱਸਿਆ ਜਾ ਰਿਹਾ ਹੈ ਕਿ ਲੰਘੇ ਸੋਮਵਾਰ ਨੂੰ ਸ਼ਾਮ 5:15 ਵਜੇ ਜਦੋਂ ਉਹ ਕੰਮ ਤੋਂ ਵਾਪਿਸ ਆਪਣੀ ਰਿਹਾਇਸ਼ ਵੱਲ ਪੈਦਲ ਹੀ ਆ ਰਿਹਾ ਸੀ ਤਾਂ ਰਸਤੇ 'ਚ ਦੁਰਘਟਨਾ ਦਾ ਸ਼ਿਕਾਰ ਹੋ ਗਿਆ, ਜਿੱਥੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮਨਦੀਪ ਸਿੰਘ ਸੱਲ ਦਾ ਪਿੰਡ ਫਗਵਾੜੇ ਲਾਗੇ ਪਲਾਹੀ ਹੈ ਤੇ ਉਹ ਰੋਜ਼ੀ ਰੋਟੀ ਲਈ 2 ਕੁ ਸਾਲ ਪਹਿਲਾਂ ਅਮਰੀਕਾ ਪੁੱਜਾ ਸੀ ਤੇ ਇਸ ਵੇਲੇ ਕਾਨੂੰਨਨ ਵਰਕ ਪਰਮਿਟ 'ਤੇ ਕੰਮ ਕਰ ਰਿਹਾ ਸੀ। ਮਨਦੀਪ ਆਪਣੇ ਪਿੱਛੇ ਪਤਨੀ, 8 ਸਾਲਾ ਬੇਟੀ ਤੇ 5 ਸਾਲਾ ਪੁੱਤਰ ਛੱਡ ਗਿਆ ਹੈ। ਮਨਦੀਪ ਦੀ ਮ੍ਰਿਤਕ ਦੇਹ ਨੂੰ ਕਾਨੂੰਨੀ ਕਾਰਵਾਈ ਤੋਂ ਬਾਅਦ ਭਾਰਤ ਲਿਆਉਣ ਲਈ ਯਤਨ ਆਰੰਭ ਕੀਤੇ ਗਏ ਹਨ। ਗਾਖਲ ਪਰਿਵਾਰ ਦੇ ਨੱਥਾ ਸਿੰਘ ਗਾਖਲ ਦਾ ਮਨਦੀਪ ਰਿਸ਼ਤੇ 'ਚੋਂ ਸਾਢੂ ਲੱਗਦਾ ਸੀ ਤੇ ਉਸਦੀ ਮੌਤ ਨਾਲ ਪੰਜਾਬੀ ਭਾਈਚਾਰੇ 'ਚ ਕਾਫੀ ਸੋਗ ਦੀ ਲਹਿਰ ਹੈ। ਨੱਥਾ ਸਿੰਘ ਗਾਖਲ ਨਾਲ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਤੀਰਥ ਸਿੰਘ ਗਾਖਲ ਤੇ ਪੰਜਾਬੀ ਭਾਈਚਾਰੇ ਤੇ ਨਜਦੀਕੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪਾਕਿਸਤਾਨ ਵੱਲੋਂ ਭੇਜੇ ਗਏ ਚਾਰ ਤਸਕਰਾਂ ਕੀਤਾ ਗ੍ਰਿਫ਼ਤਾਰ, ਪਿਸਤੌਲਾਂ ਸਮੇਤ ਕਈ ਹੋਰ ਚੀਜ਼ਾਂ ਵੀ ਬਰਾਮਦ

ਅੰਮ੍ਰਿਤਸਰ : ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਵੱਲੋਂ ਭੇਜੇ ਗਏ ਚਾਰ ਗਲੋਕ ਪਿਸਤੌਲਾਂ ਸਮੇਤ ਚਾਰ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਪਿਸਤੌਲ ਕੁਝ ਦਿਨ ਪਹਿਲਾਂ ਤਰਨਤਾਰਨ ਜ਼ਿਲ੍ਹੇ ਦੇ ਸਰਹੱਦੀ ਖੇਤਰ ਵਿੱਚ ਡਰੋਨ ਰਾਹੀਂ ਸੁੱਟੇ ਗਏ ਸਨ। ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਬੁੱਧਵਾਰ ਨੂੰ ਇੱਕ ਕਾਰਵਾਈ ਵਿੱਚ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਚਾਰ ਗਲੋਕ ਪਿਸਤੌਲ, ਚਾਰ ਮੈਗਜ਼ੀਨ ਅਤੇ 16 ਕਾਰਤੂਸ ਬਰਾਮਦ ਕੀਤੇ ਹਨ। ਗਿਰੋਹ ਦੇ ਹੋਰ ਮੈਂਬਰਾਂ ਦੀ ਭਾਲ ਜਾਰੀ ਹੈ। ਧਿਆਨ ਦੇਣ ਯੋਗ ਹੈ ਕਿ ਪਾਕਿਸਤਾਨ ਤੋਂ ਹਥਿਆਰਾਂ ਦੀ ਖੇਪ ਜਾਰੀ ਹੈ। ਮੰਗਲਵਾਰ ਨੂੰ ਦੋ ਮੁਲਜ਼ਮਾਂ ਨੂੰ ਇੱਕ ਆਰਪੀਜੀ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇਸ ਤੋਂ ਪਹਿਲਾਂ ਤਿੰਨ ਅੱਤਵਾਦੀਆਂ ਨੂੰ ਛੇ ਗ੍ਰਨੇਡਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ।

# 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਉੱਪਰ ਗੋਸ਼ਟੀ



ਪੇਪਰ ਲੇਖਕ ਤੇ ਹੋਰ ਬੁਲਾਰੇ (ਖੱਬਿਉਂ-ਸੱਜੇ) - ਡਾ. ਮਨਜਿੰਦਰ ਸਿੰਘ, ਪ੍ਰੋ. ਹਰਭਜਨ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਪੀ ਭਾਨੂੰ, ਡਾ. ਧਨਵੰਤ ਕੌਰ, ਡਾ. ਮਨਜੀਤ ਕੌਰ, ਪ੍ਰੋ. ਬਲਜਿੰਦਰ ਸਿੰਘ ਸਵੈਚ, ਮਨਦੀਪ ਗੋਰਾ, ਕੁਲਵੰਤ ਸੇਖੋਂ, ਹਰਪ੍ਰੀਤ ਕੌਰ ਧੂਤ।

ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਪ੍ਰੋ. ਹਰਭਜਨ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' (ਡਾਇਰੀ) ਉੱਪਰ ਪੈਟਰਸਨ (ਕੈਲੀਫੋਰਨੀਆ) ਵਿਖੇ ਇਕ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਵਿਚ ਪੰਜਾਬ ਤੋਂ ਆਏ ਵਿਦਵਾਨ ਆਲੋਚਕਾਂ ਅਤੇ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ ਦੇ ਮੈਂਬਰਾਂ ਨੇ ਹਿੱਸਾ ਲਿਆ। ਉਦਘਾਟਨੀ ਭਾਸ਼ਣ ਵਿਚ ਡਾ. ਧਨਵੰਤ ਕੌਰ ਨੇ ਕਿਹਾ ਕਿ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਵਿਚ ਬਿਰਤਾਂਤਿਆ ਆਤਮ ਆਪਣੇ ਅਤੀਤ ਦੀਆਂ ਸੰਗਰਾਮੀ ਯਾਦਾਂ ਵਿਚੋਂ ਤ੍ਰਾਣ ਹਾਸਲ ਕਰਦਾ ਹੋਇਆ ਪਰਵਾਸੀ ਹੋਂਦ ਚੇਤਨਾ ਨਾਲ ਜੁੜੀ ਵਰਤਮਾਨ ਵਿਸ਼ਵ ਵਿਵਸਥਾ ਦੀ ਸਮੀਖਿਆ ਵਿਚੋਂ ਆਪਣੇ ਹੋਣ-ਥੀਣ ਦੇ ਅਰਥ ਤਲਾਸ਼ਦਾ ਹੈ ਅਤੇ ਲੋਕਾਈ ਨੂੰ ਆਸ ਦਾ ਪੱਲਾ ਫੜਾਉਣ ਲਈ ਸਾਹਿਤ ਦੀ ਭੂਮਿਕਾ ਨੂੰ ਰੋਹਲੇ ਬਾਣ ਮਿਥਦਾ ਹੈ।

ਡਾ. ਗੁਰਪਾਲ ਸਿੰਘ ਸੰਧੂ ਨੇ ਆਪਣਾ ਖੋਜ-ਪੱਤਰ ਪੇਸ਼ ਕਰਦਿਆਂ ਕਿਹਾ ਕਿ ਇਹ ਅਜਿਹੀ ਰਚਨਾ ਹੈ, ਜਿਸਦੇ ਬਿਰਤਾਂਤ ਦਾ ਪ੍ਰਗਟਾਅ-ਮੂਲਕ ਤੇ ਅਰਥਗਤ ਪਾਸਾਰਾ ਇਕੋ ਵੇਲੇ ਵਰਤਮਾਨ ਤੋਂ ਅਤੀਤ ਅਤੇ ਫ਼ਿਰ ਭਵਿੱਖ ਦੀ ਸੰਕੇਤਿਕ ਅਤੇ ਰਚਨਾਤਮਕ ਯਾਤਰਾ ਕਰਦਾ ਹੈ। ਡਾ. ਮਨਜੀਤ ਕੌਰ ਨੇ ਕਿਹਾ, ਇਹ ਯਾਦਗਾਰੀ ਕਿਰਤ ਸਿਰਫ਼ ਵਿਅਕਤੀਗਤ ਯਾਦਾਂ ਨੂੰ ਹੀ ਨਹੀਂ ਸਾਂਭਦੀ, ਸਗੋਂ ਇਸਦਾ ਹਰੇਕ ਪੰਨਾ ਪ੍ਰਤਿਰੋਧ ਅਤੇ ਉਮੀਦ ਦਾ ਪ੍ਰਤੀਕ ਬਣ ਕੇ ਪੇਸ਼ ਹੁੰਦਾ ਹੈ। ਪੀ ਭਾਨੂੰ ਨੇ ਆਪਣੇ ਸੰਗਰਾਮੀ ਜੀਵਨ ਤੇ ਇਸ ਪੁਸਤਕ ਦੇ ਹਵਾਲੇ ਨਾਲ ਕਿਹਾ ਕਿ ਇਹ ਰਚਨਾ ਹਮੇਸ਼ਾ ਅਹਿਸਾਸ ਪੈਦਾ ਕਰੇਗੀ ਕਿ ਮੁੱਠੀ ਭਰ ਜ਼ਾਲਮ ਲੋਕਾਂ ਦੀ ਹਕੂਮਤ




ਦਾ ਅੰਤ ਅਤੇ ਵਿਨਾਸ਼ ਹੋਣਾ ਬੇਹੱਦ ਜ਼ਰੂਰੀ ਹੈ। ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਪ੍ਰੋ. ਹਰਭਜਨ ਸਿੰਘ ਦੀਆਂ ਕਰਾਂਤੀਕਾਰੀ ਸਰਗਰਮੀਆਂ ਨੂੰ ਬੇਮਿਸਾਲ ਦੱਸਦਿਆਂ ਉਹਨਾਂ ਦੀ ਵਿਚਾਰਧਾਰਕ ਪ੍ਰਤਿਬੱਧਤਾ ਦੇ ਮੂਲ ਪਾਸਾਰਾਂ ਨੂੰ ਉਭਾਰਿਆ। ਮਨਦੀਪ ਗੋਰਾ ਨੇ ਲੇਖਕ ਦੇ ਕਰਾਂਤੀਕਾਰੀ ਜੀਵਨ ਤੇ ਲਿਖਤਾਂ ਨੂੰ ਆਪਣੇ ਜੀਵਨ ਦੇ ਅਮੁੱਲ ਪ੍ਰੇਰਕ ਵਜੋਂ ਤਸਲੀਮ ਕੀਤਾ। ਹਰਪ੍ਰੀਤ ਕੌਰ ਧੂਤ ਨੇ ਪੁਸਤਕ ਸੰਬੰਧੀ ਮਹੱਤਵਪੂਰਨ ਸੁਆਲ ਉਠਾਏ। ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਇਹ ਪੁਸਤਕ ਸ਼ੋਸ਼ਣ ਤੇ ਵਿਤਕਰਿਆਂ ਤੋਂ ਮੁਕਤ ਸਮਾਜ ਦੀ ਸਿਰਜਣਾ ਅਤੇ ਇਸਦੇ ਰਸਤੇ ਦੀਆਂ ਰੁਕਾਵਟਾਂ ਸਨਮੁੱਖ ਬੁਨਿਆਦੀ ਪ੍ਰਸ਼ਨ ਖੜ੍ਹੇ ਕਰਦੀ ਹੋਈ, ਸਮੱਸਿਆਵਾਂ ਦੇ ਉੱਤਰ ਆਤਮ ਚਿੰਤਨ ਵਿਚੋਂ ਤਲਾਸ਼ਣ ਲਈ ਪ੍ਰੇਰਤ ਕਰਦੀ ਹੈ। ਤਾਰਾ ਸਾਗਰ ਨੇ ਲੇਖਕ ਨਾਲ ਆਪਣੀਆਂ ਪੀਡੀਆਂ ਸਾਂਝਾਂ ਦੀ ਬਾਤ ਪਾਈ। ਕੁਲਵੰਤ ਸੇਖੋਂ ਨੇ ਰਚਨਾ ਵਿਚਲੀ ਕਰਾਂਤੀਕਾਰੀ ਚੇਤਨਾ ਦੀ ਪ੍ਰਸ਼ੰਸਾ ਕੀਤੀ। ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਇਹ ਰਚਨਾ, ਲੇਖਕ ਦੇ ਜੀਵੇ ਵੱਡੇ ਉਤਰਾਵਾਂ ਚੜ੍ਹਾਵਾਂ ਵਾਲੇ ਸੰਘਰਸ਼ਮਈ ਜੀਵਨ ਤੇ ਕਰਾਂਤੀਕਾਰੀ ਚੇਤਨਾ-ਚਿੰਤਨ ਨੂੰ ਸਵੈ-ਪ੍ਰਸ਼ੰਸਾ ਤੋਂ ਮੁਕਤ ਸੁਰ ਵਿਚ ਪ੍ਰਗਟਾਉਂਦੀ ਹੋਈ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੈ। ਪ੍ਰੋ. ਹਰਭਜਨ ਸਿੰਘ ਨੇ ਸਭ ਹਾਜ਼ਰੀਨ ਦਾ ਸ਼ੁਕਰੀਆ ਕਰਦਿਆਂ ਇਹ ਖ਼ੁਸ਼ੀ ਜ਼ਾਹਿਰ ਕੀਤੀ ਕਿ ਮੇਰੀਆਂ ਪਹਿਲੀਆਂ ਲਿਖਤਾਂ ਵਾਂਗ ਇਸ ਪੁਸਤਕ ਨੂੰ ਵੀ ਭਰਵਾਂ ਉਸਾਰੂ ਹੁੰਗਾਰਾ ਮਿਲ ਰਿਹਾ ਹੈ।

**ਵਲੋਂ: ਸਮੂਹ ਕਾਰਜ ਕਾਰਨੀ ਕਮੇਟੀ, ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ)**


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ









Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਨੋਟ : ਇਹ ਉਪਰੋਕਤ ਗੁਰਸਿੱਖੀ ਦਾ ਮੂਲ ਮੰਤਰ ਹੈ। ਇਸ ਤੋਂ ਅਗਾਂਹ ਲਿਖੀ ਗਈ ਬਾਣੀ ਦਾ ਨਾਮ ਹੈ 'ਜਪੁ'। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਇਹ ਮੂਲ ਮੰਤਰ ਵੱਖਰੀ ਚੀਜ਼ ਹੈ ਤੇ ਬਾਣੀ ਜਪੁ ਵੱਖਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਇਹ ਮੂਲ ਮੰਤਰ ਲਿਖਿਆ ਹੈ, ਜਿਵੇਂ ਹਰੇਕ ਰਾਗ ਦੇ ਸ਼ੁਰੂ ਵਿਚ ਭੀ ਲਿਖਿਆ ਮਿਲਦਾ ਹੈ। ਬਾਣੀ 'ਜਪੁ' ਲਫ਼ਜ਼ 'ਆਦਿ ਸਚੁ' ਤੋਂ ਸ਼ੁਰੂ ਹੁੰਦੀ ਹੈ। ਆਸਾ ਦੀ ਵਾਰ ਦੇ ਸ਼ੁਰੂ ਵਿਚ ਭੀ ਇਹ ਮੂਲ-ਮੰਤਰ ਹੈ, ਪਰ 'ਵਾਰ' ਨਾਲ ਇਸ ਦਾ ਕੋਈ ਸਬੰਧ ਨਹੀਂ ਹੈ, ਤਿਵੇਂ ਹੀ ਇਥੇ ਹੈ। 'ਜਪੁ' ਦੇ ਅਰੰਭ ਵਿਚ ਮੰਗਲਾਚਰਨ ਦੇ ਤੌਰ 'ਤੇ ਇਕ ਸਲੋਕ ਉਚਾਰਿਆ ਗਿਆ ਹੈ। ਫਿਰ 'ਜਪੁ' ਸਾਹਿਬ ਦੀਆਂ 38 ਪਉੜੀਆਂ ਹਨ।' (ਦਰਪਣ ਗੁਰੂ ਗ੍ਰੰਥ ਸਾਹਿਬ, ਪ੍ਰੋ. ਸਾਹਿਬ ਸਿੰਘ)

ਡਾਕਟਰ ਹਰਨਾਮ ਸਿੰਘ ਸ਼ਾਨ ਨੇ ਪੁਸਤਕ 'ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ' (ਭਾਸ਼ਾ ਵਿਭਾਗ, ਪੰਜਾਬ) ਵਿਚ ਇਕ ਪੁਰਾਤਨ ਲਿਖਤ ਦੀ 'ਉਥਾਨਕਾ' ਨੰਬਰ ਆਰ.ਐਲ. 522 ਦੇ ਪਹਿਲੇ ਸਫ਼ੇ ਦੀ ਫੋਟੋ ਛਾਪੀ ਹੈ। ਉਨ੍ਹਾਂ ਮੁਤਾਬਕ ਇਹ ਪਥੀ ਡਾਕਟਰ ਚੰਨਣ ਸਿੰਘ ਚੰਨ ਦੇ ਨਿਵਾਸ, 91-ਮਨਟਿੱਲਾ ਡਰਾਈ, ਕਾਵੈਂਟਰੀ, ਇੰਗਲੈਂਡ ਕੋਲ ਹੈ।

ਇਸ ਵਿਚ ਅੰਕਤ ਹੈ :

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾ ਸਬੰਧੀ ਇਕ ਅਤਿ ਪੁਰਾਤਨ ਗ੍ਰੰਥ ਵਿਚ ਵਰਣਤ ਲਿਖਤ ਦਾ ਹਵਾਲਾ ਦਿੱਤਾ ਹੈ :

ਭਾਈ ਮਨੀ ਸਿੰਘ ਜੀ ਗੁਰੂ ਦਸਵੇਂ ਪਾਤਸ਼ਾਹ ਕੇ ਹਜ਼ੂਰ ਅਨੰਦਪੁਰ ਮੈ ਆਇ ਕੇ ਅਰਜ ਕਰੀ, "ਜੀ ਸਚੈ ਪਾਤਸ਼ਾਹ! ਹੋਰ ਹੋਰ ਸਰਬ ਗ੍ਰੰਥ ਕੇ ਅਰਥ ਜਾਣੀਤੇ ਹੈ ਜੀ, ਇਸ ਆਦਿ ਗ੍ਰੰਥ ਸਾਹਿਬ ਜੀ ਕੇ ਅਰਥ ਨਹੀ ਜਾਦੇ ਜਾਤੇ। ਸੋ ਇਸ ਕੇ ਅਰਥਹੁ ਕੀ ਕ੍ਰਿਪਾ ਕਰੀਏ ਜੀ। ਗੁਰੂ ਦਸਵੇਂ ਪਾਤਸ਼ਾਹ ਜੀ ਹੁਕਮ ਕੀਆ, ਗ੍ਰੰਥ ਸਾਹਿਬ ਜੀ ਲੈ ਆਵੋ ਅਸੀ ਤੁਝ ਕੋ ਸ੍ਰਵਣ ਕਰਾਇ ਦੇਵੇ ਹੈ'।

ਸ੍ਰੀ ਗੁਰੂ ਮਹਾਰਾਜ ਕਲਗੀਧਰ ਜੀ ਕਾ ਬਚਨ ਸੁਣ ਕਰ ਸੋ ਸ੍ਰੀ ਗ੍ਰੰਥ ਸਾਹਿਬ ਜੀ ਲੈ ਆਏ। ਪ੍ਰਥਮੇ ਗੁਰੂ ਜੀ ਜਪ ਉਤਥਾਨਕਾ ਕਹੀ:....ਏਕ ਰੋਜ ਗੁਰੂ ਅੰਗਦ ਜੀ ਪ੍ਰਾਤੇਕਾਲ ਗੁਰੂ ਨਾਨਕ ਜੀ ਕੀ ਹਜ਼ੂਰ ਗਏ ਕਹਾ, 'ਸਚੈ ਪਾਤਸ਼ਾਹ! ਏਕ ਮੇਰੀ ਅਰਜ ਹੈ। ਜੈਸੇ ਔਰ ਭੇਖੋ ਕੇ ਮੰਤ੍ਰ ਹੈ ਤੈਸੇ ਗੁਰੂ ਜੀ ਕੇ ਮੁਖਾਰਬਿੰਦ ਕਾ ਨਵੀਨ ਮੰਤ੍ਰ ਨਹੀ ਕੋਈ'। ਗੁਰੂ ਨਾਨਕ ਜੀ ਸੁਣ ਕੇ ਕਹਾ, 'ਹੇ ਪੁਰਖਾ ਤੈਨੇ ਭਲਾ ਪ੍ਰਸਨ ਕੀਆ ਹੈ। ਸੋ ਮੰਤ੍ਰ ਸੁਣ।' ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਇਤੀ ਮੰਤ੍ਰ ਜਪੋ। ਭਾਈ ਮਨੀ ਸਿੰਘ ਪ੍ਰਸਨ ਕੀਆ, 'ਇਸ ਮੰਤ੍ਰ ਕਾ ਅਰਥ ਭੀ ਕਹੋ ਜੀ'। ਗੁਰੂ ਕੀ ਕਹਾ, 'ਐਸੇ ਗੁਰੂ ਅੰਗਦ ਜੀ ਨੇ ਭੀ ਅਰਥ ਪੂਛਾ ਥੀ। ਸੋ ਤੁਮ ਭੀ ਸੁਣੋ ਜੋ ਗੁਰੂ ਜੀ ਨੇ ਅੰਗਦ ਕੋ ਸੁਣਾਯਾ ਹੈ"... (ਪੰਨਾ 1)

(ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ, ਡਾਕਟਰ ਹਰਨਾਮ ਸਿੰਘ ਸ਼ਾਨ, ਪੰਨਾ ੨੭)




ਉਪਰੰਤ ਇਹ ਵੀ ਸਹੀ ਹੈ ਕਿ ਗੁਰੂ ਪੰਥ ਦੀਆਂ ਪੁਰਾਤਨ ਸੰਪ੍ਰਦਾਵਾਂ 'ਲਾਨਕ ਹੋਸੀ ਭੀ ਸਚੁ ॥੧॥' ਤੱਕ ਨੂੰ ਮੂਲ ਮੰਤ੍ਰ ਮੰਨ ਕੇ ਇਸ ਦਾ ਪਾਠ ਕਰਦੀਆਂ ਹਨ। ਪੁਰਾਤਨ ਇਤਿਹਾਸਕ ਇਮਾਰਤਾਂ ਅਤੇ ਸ਼ਸਤ੍ਰਾਂ ਆਦਿ 'ਤੇ ਇਹ ਦੋਨੋਂ ਸਰੂਪ ਮਿਲਦੇ ਹਨ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦਵਾਰ 'ਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਜੋ ਸੇਵਾ ਦੀ ਇਬਾਰਤ ਲਿਖੀ ਹੈ ਉਸ ਵਿਚ ਪੂਰੀ ਪਹਿਲੀ ਪਉੜੀ 'ਲਾਨਕ ਹੋਸੀ ਭੀ ਸਚੁ ॥੧॥' ਤੱਕ ਅੰਕਤ ਹੈ। ਪਰ ਦੂਜੇ ਪਾਸੇ ਘੰਟਾ ਘਰ ਵਾਲੀ ਬਾਹੀ 'ਤੇ ਸੰਗਮਰਮਰ ਦੀ ਪੜੀ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਗ ਸਿੰਘ ਅਤੇ ਕੰਵਰ ਸ੍ਰੀ ਨੌਨਿਹਾਲ ਸਿੰਘ ਲੱਗੀ ਹੈ ਉਸ 'ਤੇ ਮੂਲ ਮੰਤ੍ਰ ਦਾ ਇਹ ਸਰੂਪ ਅੰਕਤ ਹੈ :

੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰਪਰਸਾਦਿ ॥

ਸ੍ਰੀ ਸਤ ਗੁਰੂ ਜੀ ਖਾਲਸੇ ਜੀ ਕਾ ਸਦਾ ਬੋਲਬਾਲਾ ਰਖੇ

ਇਸ ਤਰ੍ਹਾਂ ਇਹ ਪੂਰੀ ਪਉੜੀ ਪੜ੍ਹਨ ਲਿਖਣ ਦੀ ਪਿਰਤ ਵੀ ਪੁਰਾਤਨ ਸਮੇਂ ਤੋਂ ਹੈ। ਭਾਈ ਗੁਰਦਾਸ ਜੀ ਵੀ ਇਸਨੂੰ ਇਸ ਤਰ੍ਹਾਂ ਅੰਕਤ ਕਰਦੇ ਹਨ :

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ।
ਸਤਿ ਨਾਮੁ ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰੁ ਸਦਾਇਆ।
ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ ਭਾਇਆ।
ਗੁਰ ਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ।
ਹੈ ਭੀ ਹੋਸੀ ਸਚੁ ਨਾਉ ਸਚੁ ਦਰਸਣੁ ਸਤਿਗੁਰੂ ਦਿਖਾਇਆ।
ਸਬਦੁ ਸੁਰਤਿ ਲਿਵ ਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ।
ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥੧॥
(ਵਾਰ ੩੯, ਪਉੜੀ ੧)

(ਚਲਦਾ)

# ਟਰੰਪ ਨੂੰ ਮਾਰਨ ਦੀ ਕੋਸ਼ਿਸ਼ ? FBI ਨੂੰ ਪਾਮ ਬੀਚ 'ਤੇ ਮਿਲਿਆ ਸਨਾਈਪਰ ਸਟੈਂਡ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੀ ਸੁਰੱਖਿਆ ਅਚਾਨਕ ਵਧਾ ਦਿੱਤੀ ਗਈ। ਟਰੰਪ ਨੂੰ ਏਅਰ ਫੋਰਸ ਵਨ ਵਿੱਚ ਚੜ੍ਹਨ ਲਈ ਇੱਕ ਤੰਗ ਪੌੜੀਆਂ ਦੀ ਵਰਤੋਂ ਕਰਨੀ ਪਈ। ਫੌਕਸ ਨਿਊਜ਼ ਦੇ ਅਨੁਸਾਰ, ਇੱਕ ਅਧਿਕਾਰੀ ਨੇ ਕਿਹਾ ਕਿ ਸ਼ੁੱਕਰਵਾਰ ਨੂੰ, ਯੂਐੱਸ ਸੀਕਰੇਟ ਸਰਵਿਸ ਨੇ ਫਲੋਰੀਡਾ ਦੇ ਪਾਮ ਬੀਚ ਹਵਾਈ ਅੱਡੇ ਦੇ ਨੇੜੇ ਇੱਕ ਸ਼ੱਕੀ ਸਟੈਂਡ ਦਾ ਪਤਾ ਲਗਾਇਆ। ਇਹ ਉਸ ਖੇਤਰ ਨੂੰ ਨਿਸ਼ਾਨਾ ਬਣਾ ਸਕਦਾ ਸੀ ਜਿੱਥੇ ਏਅਰ ਫੋਰਸ ਵਨ ਆਮ ਤੌਰ 'ਤੇ ਲੈਂਡ ਕਰਦਾ ਹੈ ਤੇ ਉਡਾਣ ਭਰਦਾ ਹੈ। ਸੀਕਰੇਟ ਸਰਵਿਸ ਅਧਿਕਾਰੀਆਂ ਨੂੰ ਸੁਚੇਤ ਕੀਤਾ ਗਿਆ ਅਤੇ ਸੁਰੱਖਿਆ ਵਧਾਉਣ ਦੇ ਆਦੇਸ਼ ਦਿੱਤੇ ਗਏ। FBI ਦੇ ਡਾਇਰੈਕਟਰ ਕਾਸ਼ ਪਟੇਲ ਨੇ ਕਿਹਾ, 'ਰਾਸ਼ਟਰਪਤੀ ਦੇ ਵੈਸਟ ਪਾਮ ਬੀਚ ਵਾਪਸ ਆਉਣ ਤੋਂ ਪਹਿਲਾਂ, ਯੂਐੱਸ ਸੀਕਰੇਟ ਸਰਵਿਸ ਨੇ ਏਅਰ ਫੋਰਸ ਵਨ ਲੈਂਡਿੰਗ ਜ਼ੋਨ ਦੀ ਦ੍ਰਿਸ਼ਟੀ ਰੇਖਾ ਦੇ ਅੰਦਰ ਇੱਕ ਸਨਾਈਪਰ ਸਟੈਂਡ ਦੇਖਿਆ। ਉਨ੍ਹਾਂ ਅੱਗੇ ਕਿਹਾ ਕਿ ਘਟਨਾ ਸਥਾਨ 'ਤੇ ਕੋਈ ਨਹੀਂ ਮਿਲਿਆ। FBI ਨੇ ਜਾਂਚ ਦੀ ਅਗਵਾਈ ਸੰਭਾਲ ਲਈ ਹੈ ਅਤੇ



ਘਟਨਾ ਸਥਾਨ ਤੋਂ ਸਾਰੇ ਸਬੂਤ ਇਕੱਠੇ ਕਰਨ ਲਈ ਸਰੋਤ ਭੇਜੇ ਹਨ।'

ਫੌਕਸ ਨਿਊਜ਼ ਦੇ ਅਨੁਸਾਰ, ਇਸ ਮਾਮਲੇ ਵਿੱਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ। ਪਟੇਲ ਨੇ ਕਿਹਾ ਕਿ ਇਸ ਢਾਂਚੇ ਨਾਲ ਅਜੇ ਤੱਕ ਕਿਸੇ ਵਿਅਕਤੀ ਦਾ ਕੋਈ ਸਬੰਧ ਸਾਹਮਣੇ ਨਹੀਂ ਆਇਆ ਹੈ। ਪਾਮ ਬੀਚ 'ਚ ਟਰੰਪ ਦੇ ਖਿਲਾਫ ਇਹ ਪਹਿਲੀ ਵਾਰ ਹੋਈ ਹੱਤਿਆ ਦੀ ਕੋਸ਼ਿਸ਼ ਨਹੀਂ ਹੈ। ਕੁਝ ਹਫ਼ਤੇ ਪਹਿਲਾਂ, ਇੱਕ ਗੋਲਫ ਕੋਰਸ 'ਤੇ ਇੱਕ ਵਾੜ ਦੇ ਨਾਲ ਇੱਕ ਸਨਾਈਪਰ ਨੈਸਟ ਮਿਲਿਆ ਸੀ। ਇਸ ਤਾਜ਼ਾ ਘਟਨਾ ਨੇ ਰਾਸ਼ਟਰਪਤੀ ਟਰੰਪ ਲਈ ਸੁਰੱਖਿਆ ਚਿੰਤਾਵਾਂ ਨੂੰ ਫਿਰ ਤੋਂ ਜਗਾ ਦਿੱਤਾ ਹੈ, ਜੋ ਅਕਸਰ ਆਪਣੇ ਮਹਿਲ ਵਾਲੇ ਘਰ ਨੂੰ ਦੇਖਣ ਲਈ ਪਾਮ ਬੀਚ ਜਾਂਦੇ ਹਨ।

# ਸਿੱਖਸ ਆਫ਼ ਅਮੈਰਿਕਾ ਦੇ ਵਫ਼ਦ ਨੇ ਜੱਸੀ ਦੀ ਅਗਵਾਈ 'ਚ ਅੰਬੈਸੀ ਆਫ ਇੰਡੀਆ ਦੀ ਡੀ.ਸੀ.ਐੱਮ. ਨਾਲ ਕੀਤੀ ਮੁਲਾਕਾਤ

ਵਾਸ਼ਿੰਗਟਨ ਡੀ.ਸੀ (ਰਾਜ ਗੋਗਨਾ) : ਸਿੱਖਸ ਆਫ ਅਮੈਰਿਕਾ ਦੇ ਵਫ਼ਦ ਨੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਸਥਿਤ ਅੰਬੈਸੀ ਦੀ ਡੀ. ਸੀ. ਐੱਮ (ਡਿਪਟੀ ਚੀਫ਼ ਆਫ ਮਿਸ਼ਨ) ਮੈਡਮ ਮਿਸ ਨਾਮੈਗਿਆ ਖਾਂਪਾ ਨਾਲ ਇਕ ਅਹਿਮ ਮੁਲਾਕਾਤ ਕੀਤੀ। ਇਸ ਵਫ਼ਦ ਵਿੱਚ ਚੇਅਰਮੈਨ ਜਸਦੀਪ ਸਿੰਘ ਜੱਸੀ ਤੋਂ ਇਲਾਵਾ ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸ਼ੰਮੀ ਮੀਤ ਪ੍ਰਧਾਨ, ਡਾਇਰੈਕਟਰ ਸੁਖਪਾਲ ਸਿੰਘ ਧਨੋਆ, ਵਰਿੰਦਰ ਸਿੰਘ, ਗੁਰਵਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਕਰਨ ਸਿੰਘ, ਗੁਰਪ੍ਰੀਤ ਸਿੰਘ ਨਕਈ ਅਤੇ ਪ੍ਰਭਜੋਤ ਬੱਤਰਾ ਸ਼ਾਮਿਲ ਸਨ। ਇੱਥੇ ਦੱਸਣਯੋਗ ਹੈ ਕਿ ਮੈਡਮ ਖਾਂਪਾ ਅਜੇ ਕੁਝ ਦਿਨ ਪਹਿਲਾਂ ਹੀ ਨੈਰੋਬੀ ਤੋਂ ਬਦਲ ਕੇ ਇੱਥੇ ਆਏ ਹਨ। ਇਸ ਮੌਕੇ ਜਸਦੀਪ ਸਿੰਘ ਜੱਸੀ ਨੇ ਸਿੱਖਾਂ ਨੂੰ ਭਾਰਤ 'ਚ ਦਰਪੇਸ਼ ਸਮੱਸਿਆਵਾਂ ਅਤੇ ਹੱਕੀ ਮੰਗਾਂ ਸਬੰਧੀ ਜਾਣੂੰ ਕਰਵਾਇਆ। ਉਹਨਾਂ ਮੈਡਮ ਡੀ.ਸੀ.ਐੱਮ. ਜ਼ਰੀਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ




ਮੋਦੀ ਲਈ ਇਕ ਬੇਨਤੀ ਵੀ ਭੇਜੀ ਹੈ ਕਿ ਪੰਜਾਬ ਦੇ ਹੜ੍ਹ ਪੀੜਤਾਂ ਲਈ ਹੋਰ ਵੀ ਰਾਹਤ ਫੰਡ ਜਾਰੀ ਕੀਤਾ ਜਾਵੇ। ਮੈਡਮ ਖਾਂਪਾ ਨੇ ਵਫਦ ਦੇ ਵਿਚਾਰਾਂ ਨੂੰ ਬਹੁਤ ਹੀ ਧਿਆਨ ਨਾਲ ਸੁਣਿਆ ਅਤੇ ਹਰ ਇਕ ਮਸਲੇ ਦੇ ਹੱਲ ਲਈ ਸਹਿਮਤੀ ਪ੍ਰਗਟਾਈ। ਉਹਨਾਂ ਇਸ ਮੌਕੇ ਸਿੱਖਸ ਆਫ ਅਮੈਰਿਕਾ ਦੇ ਵਫ਼ਦ ਦੇ ਸਾਰੇ ਮੈਂਬਰਾਂ ਨੂੰ ਉੱਘੇ ਲੇਖਕ ਸ੍ਰ. ਹਰਬੰਸ ਸਿੰਘ ਦੀ ਪੁਸਤਕ 'ਦ ਹੈਰੀਟੇਜ ਆਫ ਦਾ ਸਿੱਖਸ' ਵੀ ਭੇਟ ਕੀਤੀ। ਇਸ ਮੁਲਾਕਾਤ ਉਪਰੰਤ ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਵਿਚਾਰ-ਵਟਾਂਦਰਾ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਹੋਇਆ ਅਤੇ ਇਸ ਮੁਲਾਕਾਤ ਦੇ ਸਾਰਥਿਕ ਨਤੀਜੇ ਜ਼ਰੂਰ ਸਾਹਮਣੇ ਆਉਣਗੇ। ਉਹਨਾਂ ਦੱਸਿਆ ਕਿ ਅਮਰੀਕਾ ਤੇ ਭਾਰਤ ਦੇ ਅਜੋਕੇ ਸਬੰਧਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਉਹਨਾਂ ਕਿਹਾ ਕਿ ਉਹਨਾਂ ਮੈਡਮ ਖਾਂਪਾ ਨੂੰ ਅਮਰੀਕਾ ਆਉਣ 'ਤੇ ਜੀ ਆਇਆਂ ਵੀ ਆਖਿਆ ਅਤੇ ਉਹਨਾਂ ਸਿੱਖਸ ਆਫ਼ ਅਮਰੀਕਾ ਨੂੰ ਅੰਬੈਸੀ ਦੇ ਕਿਸੇ ਵੀ ਸਹਿਯੋਗ ਲਈ ਪੇਸ਼ਕਸ਼ ਵੀ ਕੀਤੀ ਹੈ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

# ਦਸਵੇਂ ਪਾਤਸ਼ਾਹ ਜੀ ਨੇ ਪ੍ਰਤੱਖ ਦਰਸ਼ਨ ਦੇਣੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਰਿਵਾਰ ਨੇ ਫ਼ਸਲ ਦੀ ਰਾਖੀ ਕਰਨ ਅਤੇ ਵੇਲੇ-ਕੁਵੇਲੇ ਠਹਿਰਨ ਲਈ ਖੇਤ ਵਿੱਚ ਹੀ ਇੱਕ ਛੋਟਾ ਜਿਹਾ ਕੋਠਾ ਬਣਾਇਆ ਹੋਇਆ ਸੀ। ਬਾਬਾ ਜੀ ਵੀ ਅਕਸਰ ਜਦੋਂ ਵਿਹਲ ਹੁੰਦਾ ਜਾਂ ਏਕਾਂਤ ਵਿੱਚ ਭਜਨ ਕਰਨਾ ਹੁੰਦਾ ਤਾਂ ਇਸ ਕੋਠੇ ਅੰਦਰ ਆ ਬਿਰਾਜਦੇ ਹੁੰਦੇ ਸਨ।

ਬਾਬਾ ਜੀ ਨੇ ਦੱਸਿਆ ਕਿ ਜੇਠ ਦੇ ਮਹੀਨੇ ਵਿੱਚ ਕਾਫ਼ੀ ਜ਼ਿਆਦਾ ਗਰਮੀ ਪੈ ਰਹੀ ਸੀ। ਅਸੀਂ ਕਮਰੇ ਅੰਦਰ ਮੂਲ-ਮੰਤ੍ਰ ਦਾ ਜਾਪ ਕਰ ਰਹੇ ਸਾਂ। ਬੂਹਾ ਖੁੱਲ੍ਹਿਆ, ਇੱਕ ਬੜੇ ਨੂਰਾਨੀ ਚਿਹਰੇ ਵਾਲਾ ਗੁਰਸਿੱਖ ਅੰਦਰ ਆਇਆ। ਅਸਾਂ ਦੋਹਾਂ ਨੇ ਸਤਿਗੁਰੂ ਜੀ ਦੀ ਬਖ਼ਸ਼ੀ ਫਤਹਿ ਨਾਲ ਸਾਂਝ ਕੀਤੀ। ਉਪ੍ਰੰਤ ਉਸ ਗੁਰਸਿੱਖ ਨੇ ਕਿਹਾ ਕਿ ਦਸਵੇਂ ਪਾਤਸ਼ਾਹ ਜੀ ਤੁਹਾਨੂੰ ਦਰਸ਼ਨ ਦੇਣ ਆ ਰਹੇ ਹਨ। ਮਨ ਵਿੱਚ ਬੜਾ ਚਾਉ ਪੈਦਾ ਹੋਇਆ। ਕਾਹਲੀ ਨਾਲ ਅਸੀਂ ਦੋਵੇਂ ਬੂਹੇ ਤੋਂ ਬਾਹਰ ਆ ਗਏ। ਪੱਛਮ ਦਿਸ਼ਾ ਵੱਲ ਥੋੜ੍ਹੀ ਦੂਰ ਕੀ ਦਿਸਿਆ ਕਿ ਸਤਿਗੁਰੂ ਜੀ ਘੋੜੇ 'ਤੇ ਸਵਾਰ ਹਨ ਤੇ ਨਾਲ ਚਾਰ ਸਿੰਘ ਹੋਰ ਹਨ। ਸਤਿਗੁਰੂ ਜੀ ਨੇੜੇ ਆ ਗਏ, ਘੋੜਾ ਖੜ੍ਹਾ ਹੋ ਗਿਆ। ਬੜੀ ਨਿਮ੍ਰਤਾ ਸਹਿਤ ਮੈਂ ਸਤਿਗੁਰੂ ਜੀ ਦੇ ਚਰਨਾਂ 'ਤੇ, ਜੋ ਰਕਾਬ ਵਿੱਚ ਸਨ, ਨਮਸਕਾਰ ਕੀਤੀ। ਸਤਿਗੁਰੂ ਜੀ ਥੋੜ੍ਹਾ ਮੁਸਕਰਾਏ ਅਤੇ ਅਗਾਂਹ ਤੁਰ ਪਏ। ਥੋੜ੍ਹੀ ਦੂਰ ਹੀ ਗਏ ਕਿ ਦਰਸ਼ਨ ਅਲੋਪ ਹੋ ਗਏ। ਮਨ ਵਿੱਚ ਬੜੀ ਹੈਰਾਨੀ ਹੋਈ।

ਉਹ ਗੁਰਸਿੱਖ ਜੋ ਪਹਿਲੇ, ਗੁਰਦੇਵ ਜੀ ਦੇ ਆਉਣ ਦੀ ਖ਼ਬਰ ਦੇਣ ਆਇਆ ਸੀ, ਮੇਰੇ ਪਾਸ ਹੀ ਖੜ੍ਹਾ ਰਿਹਾ। ਉਸਨੇ ਕਿਹਾ, 'ਭਾਈ ਹਰਨਾਮ ਸਿੰਘ ਜੀ! ਤੁਹਾਨੂੰ ਤਾਂ ਅਤਿਅੰਤ ਖ਼ੁਸ਼ੀ ਹੋਣੀ ਚਾਹੀਦੀ ਸੀ ਪਰ ਤੁਸੀਂ ਹੈਰਾਨ ਤੇ ਦਿਲਗੀਰ ਹੋ, ਕੀ ਕਾਰਨ ਹੈ?' ਆਪ ਜੀ ਨੇ ਦੱਸਿਆ ਕਿ ਮੈਂ ਉਸ ਗੁਰਸਿੱਖ ਨੂੰ ਬੇਨਤੀ ਕੀਤੀ ਕਿ ਮੈਂ ਦਿਲਗੀਰ ਇਸ ਕਰਕੇ ਹਾਂ ਕਿ ਸਤਿਗੁਰੂ ਜੀ ਨੇ ਦਰਸ਼ਨ ਵੀ ਦਿੱਤੇ ਪਰ ਬਚਨ ਕੋਈ ਨਹੀਂ ਕੀਤਾ।

ਗੁਰਸਿੱਖ ਨੇ ਉੱਤਰ ਦਿੱਤਾ ਕਿ ਸਤਿਗੁਰੂ ਜੀ ਤੁਹਾਡੀ ਭਜਨ-ਬੰਦਗੀ ਉੱਪਰ ਬਹੁਤ ਪ੍ਰਸੰਨ ਹਨ, ਜਿਸ ਕਰਕੇ ਤੁਹਾਨੂੰ ਦਰਸ਼ਨ ਦਿੱਤੇ ਹਨ। ਬਚਨ ਇਸ ਕਰਕੇ ਨਹੀਂ ਹੋਏ ਕਿਉਂਕਿ ਤੁਸੀਂ ਨਿੱਤਨੇਮ ਵਿੱਚ ਜਾਪ ਸਾਹਿਬ ਦਾ ਪਾਠ ਨਹੀਂ ਕਰਦੇ। ਮੈਂ ਕਿਹਾ ਕਿ ਜਾਪ ਸਾਹਿਬ ਦਾ ਪਾਠ ਕਠਿਨ ਹੋਣ ਕਾਰਨ ਮੈਂ ਨਹੀਂ ਕਰਦਾ ਪਰ ਸ੍ਰੀ ਸੁਖਮਨੀ ਸਾਹਿਬ ਜੀ, ਆਸਾ ਜੀ ਦੀ ਵਾਰ ਤਾਂ ਹਰ ਰੋਜ਼ ਕਰਦਾ ਹਾਂ। ਗੁਰਸਿੱਖ ਨੇ ਉੱਤਰ ਦਿੱਤਾ ਕਿ ਜੋ ਸਤਿਗੁਰੂ ਜੀ ਦਾ ਹੁਕਮ ਹੈ ਉਸਨੂੰ ਪੂਰਾ ਕਰਨਾ ਅਤਿ ਜ਼ਰੂਰੀ ਹੈ। ਕੋਈ ਸਿੱਖ, ਨਿੱਤਨੇਮ ਦੀ ਬਾਣੀ ਨੂੰ ਛੱਡ ਕੇ ਆਪਣੀ ਇੱਛਾ ਨਾਲ ਹੋਰ ਜਿੰਨੀ ਬਾਣੀ ਮਰਜ਼ੀ ਪੜ੍ਹ ਲਵੇ, ਗੁਰੂ ਸਾਹਿਬ ਜੀ ਦੀ ਉਸ 'ਤੇ ਪੂਰੀ ਖ਼ੁਸ਼ੀ ਨਹੀਂ ਹੁੰਦੀ। ਜੋ ਪੰਜਾਂ ਪਿਆਰਿਆਂ ਦੁਆਰਾ ਦੱਸੇ ਸਤਿਗੁਰੂ ਜੀ ਦੇ ਹੁਕਮ ਨੂੰ ਪੂਰਾ ਕਰਕੇ ਫੇਰ ਹੋਰ ਭਜਨ ਸਿਮਰਨ ਕਰਦਾ ਹੈ, ਬਾਣੀ ਪੜ੍ਹਦਾ ਹੈ, ਸਤਿਗੁਰੂ ਜੀ ਦੀ ਉਸ 'ਤੇ ਬੇਅੰਤ ਖ਼ੁਸ਼ੀ ਹੁੰਦੀ ਹੈ। ਜੋ ਹੁਕਮ ਮੰਨਣ ਵਿੱਚ ਢਿੱਲ ਕਰਦਾ ਹੈ ਗੁਰੂ ਸਾਹਿਬ ਜੀ ਦੀ ਪੂਰਨ ਬਖ਼ਸ਼ਿਸ਼ ਤੋਂ ਵਾਂਝਿਆਂ ਰਹਿ ਜਾਂਦਾ ਹੈ।

ਉਸੇ ਦਿਨ ਤੋਂ ਭਾਵੇਂ ਕਿੰਨਾ ਵੀ ਚਿਰ ਲੱਗੇ, ਸਹਿਜੇ-ਸਹਿਜੇ ਹਰ ਰੋਜ਼ ਜਾਪ ਸਾਹਿਬ ਦਾ ਪਾਠ ਨਿੱਤਨੇਮ 'ਚ ਸ਼ਾਮਲ ਕਰ ਲਿਆ ਅਤੇ ਥੋੜ੍ਹਾ-ਥੋੜ੍ਹਾ ਕਰ ਕੇ ਜ਼ੁਬਾਨੀ ਕੰਠ ਵੀ ਕਰ ਲਿਆ। ਗੁਰਬਾਣੀ ਵੀ ਹੁਕਮ ਮੰਨਣ ਦੀ ਹੀ ਪ੍ਰੋੜ੍ਹਤਾ ਕਰਦੀ ਹੈ :

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ (ਵਾਰ ਆਸਾ, ਅੰਗ ੪੭੧)

ਤਥਾ

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥

(ਆਸਾ ਮ: ੧, ਅੰਗ ੪੨੧)

ਇੱਥੇ ਕੋਈ ਵੀ ਹੀਲ-ਹੁੱਜਤ ਜਾਂ ਛੋਟ ਨਹੀਂ। ਜਿਵੇਂ ਤੀਸਰੇ ਪਾਤਸ਼ਾਹ ਜੀ ਨੇ ਫ਼ੁਰਮਾਨ ਕੀਤਾ ਹੈ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ (ਸੋਰਠਿ ਮ: ੩, ਅੰਗ ੬੦੧)




ਗੁਰੂ ਕੀ ਸਿੱਖੀ ਵਿੱਚ ਤਾਂ ਹੁਕਮ ਮੰਨਣ ਨੂੰ ਹੀ ਪ੍ਰਧਾਨਤਾ ਦਿੱਤੀ ਗਈ ਹੈ। ਜੋ ਗੁਰੂ ਦਾ ਹੁਕਮ ਮੰਨਦਾ ਹੈ ਉਹ ਪ੍ਰਵਾਨ ਚੜ੍ਹ ਜਾਂਦਾ ਹੈ। ਸਿੱਖੀ ਹੈ ਹੀ 'ਹੁਕਮ' ਮੰਨਣਾ :

ਹੁਕਮੁ ਮੰਨੇ ਸੋ ਜਨੁ ਪਰਵਾਣੁ॥

(ਬਸੰਤ ਮ: ੩, ਅੰਗ ੧੧੭੫)

ਅਤੇ

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ॥

ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ॥

(ਸਲੋਕ ਮ: ੪, ਅੰਗ ੧੪੨੩)

ਜਿਵੇਂ ਬਾਬਾ ਲਹਿਣਾ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨਿਆ। ਜੋ ਸਤਿਗੁਰਾਂ ਨੇ ਹੁਕਮ ਦਿੱਤਾ ਉਸ ਹੁਕਮ ਨੂੰ ਸਿਰ ਮੱਥੇ ਤੇ ਰੱਖ ਕੇ ਉਸਦੀ ਕਮਾਈ ਕਰ ਵਿਖਾਈ। ਹੁਕਮ ਮੰਨਣ ਦਾ ਸਦਕਾ ਸਤਿਗੁਰੂ, ਗੁਰੂ ਨਾਨਕ ਪਾਤਸ਼ਾਹ ਜੀ ਨੇ ਬਾਬਾ ਲਹਿਣਾ ਜੀ ਵਿੱਚ ਆਪਣੀ ਜੋਤ ਧਰ ਕੇ ਬਾਬਾ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਸਾਹਿਬ ਜੀ ਬਣਾ ਦਿੱਤਾ। ਸਾਰੇ ਸਤਿਗੁਰਾਂ ਦਾ ਇਤਿਹਾਸ ਸਾਡੇ ਸਾਹਮਣੇ ਹੈ। ਜਿਨ੍ਹਾਂ ਹੁਕਮ ਮੰਨਿਆਂ ਉਹ ਪ੍ਰਵਾਨ ਚੜ੍ਹ ਗਏ।

ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥੩॥ (ਮਾਰੂ ਮ: ੩, ਅੰਗ ੧੦੫੫)

ਤਥਾ

ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ ਰਹਾਉ॥ (ਵਡਹੰਸ ਮ: ੩, ਅੰਗ ੫੬੦)

ਗੁਰਸਿੱਖ ਲਈ ਪੰਜਾਂ-ਪਿਆਰਿਆਂ ਦੁਆਰਾ ਮਿਲਿਆ ਉਪਦੇਸ਼ 'ਗੁਰੂ-ਹੁਕਮ' ਹੈ, ਇਸ ਵਿੱਚ ਢਿੱਲ ਕੀਤਿਆਂ ਗੁਰੂ ਜੀ ਦੀ ਪੂਰਨ ਖ਼ੁਸ਼ੀ ਤੋਂ ਵਾਂਝੇ ਰਹਿ ਜਾਈਦਾ ਹੈ।

**ਚੰਡੀ ਦੀ ਵਾਰ ਦਾ ਪਾਠ ਕਿਸ ਵੇਲੇ ਕਰਨਾ ਹੈ?**

ਬਾਬਾ ਜੀ ਨਿੱਤਨੇਮ ਦੇ ਨਾਲ ਹਰ ਰੋਜ਼ ਚੰਡੀ ਦੀ ਵਾਰ ਦਾ ਪਾਠ ਵੀ ਕਰਿਆ ਕਰਦੇ ਸਨ। ਕਈ ਵਾਰੀ ਮਨ ਵਿੱਚ ਵਿਚਾਰ ਆਉਣੀ ਕਿ ਚੰਡੀ ਦੀ ਵਾਰ ਦਾ ਪਾਠ ਕਦੋਂ ਅਤੇ ਕਿੰਨਾ ਕਰਨਾ ਚਾਹੀਦਾ ਹੈ? ਕਈ ਸਾਧੂ-ਮਹਾਤਮਾਵਾਂ ਨੂੰ ਵੀ ਪੁੱਛਿਆ ਪਰ ਉਹ ਵੀ ਕੋਈ ਤਸੱਲੀਬਖ਼ਸ਼ ਉੱਤਰ ਨਾ ਦੇ ਸਕੇ। ਇੱਕ ਦਿਨ ਖੇਤਾਂ ਵਿੱਚ ਜੋ ਕੋਠਾ ਸੀ ਉਸ ਵਿੱਚ ਬੈਠ ਕੇ ਸੋਦਰੁ ਰਹਿਰਾਸ ਸਾਹਿਬ ਜੀ ਦਾ ਪਾਠ ਕਰਨ ਉਪ੍ਰੰਤ ਚੰਡੀ ਦੀ ਵਾਰ ਦਾ ਪਾਠ ਕੀਤਾ। ਫੇਰ ਸੋਹਿਲਾ ਸਾਹਿਬ ਜੀ ਪੜ੍ਹ ਕੇ ਸੌਣ ਦੀ ਤਿਆਰੀ ਕੀਤੀ। ਬਾਹਰ ਚੰਦ ਦੀ ਚਾਨਣੀ ਸੀ ਤੇ ਬੂਹਾ ਖੁੱਲ੍ਹਾ ਹੀ ਰੱਖਿਆ ਹੋਇਆ ਸੀ। ਆਪ ਅਜੇ ਆਰਾਮ ਕਰਨ ਲਈ ਲੇਟੇ ਹੀ ਸਨ ਕਿ ਕੁੱਝ ਦੂਰ ਤੋਂ ਦੋ ਬੰਦੇ ਆਪਣੀ ਵੱਲ ਆਉਂਦੇ ਦੇਖੇ। ਬਾਬਾ ਜੀ ਦੱਸਿਆ ਕਰਦੇ ਸਨ ਕਿ ਸਾਡੇ ਮਨ ਵਿੱਚ ਵਿਚਾਰ ਆਈ ਕਿ ਜੇ ਕੋਈ ਰਾਹੀ ਮੁਸਾਫ਼ਰ ਹੋਏ ਤਾਂ ਲੋੜ ਅਨੁਸਾਰ ਲੀੜਾ ਕਪੜਾ ਦੇ ਕੇ ਆਰਾਮ ਕਰਨ ਲਈ ਜਗ੍ਹਾ ਦੇ ਦੇਵਾਂਗੇ ਅਤੇ ਜੇ ਕੋਈ ਲੁੱਟਣ ਖੋਹਣ ਵਾਲੇ ਹੋਏ ਤਾਂ ਡਟ ਕੇ ਮੁਕਾਬਲਾ ਕਰਾਂਗੇ। ਅਜੇ ਐਨੀ ਵਿਚਾਰ ਮਨ ਵਿੱਚ ਆਈ ਹੀ ਸੀ ਕਿ ਉਹਨਾਂ ਨੇ ਇੱਕ ਦਮ ਆ ਕੇ, ਇੱਕ ਨੇ ਮੈਨੂੰ ਸਿਰ ਵੱਲੋਂ ਅਤੇ ਦੂਸਰੇ ਨੇ ਪੈਰਾਂ ਵੱਲੋਂ ਦਬਾ ਲਿਆ। ਮਨ ਹੀ ਮਨ ਵਿੱਚ ਮੈਂ ਵਿਚਾਰ ਕੀਤੀ ਕਿ ਇਹ ਨਾ ਤਾਂ ਕੋਈ ਰਾਹੀ-ਮੁਸਾਫ਼ਰ ਹਨ ਅਤੇ ਨਾ ਹੀ ਕੋਈ ਲੁਟੇਰੇ, ਜੋ ਐਨੀ ਛੇਤੀ ਮੈਨੂੰ ਆ ਦੱਬਿਆ ਹੈ; ਇਹ ਕੋਈ ਸਤਿਪੁਰਖ, ਸ਼ਹੀਦ ਸਿੰਘ ਹਨ। ਮੈਂ ਮੂਲ-ਮੰਤ੍ਰ ਦਾ ਜਾਪ ਅਰੰਭ ਕਰ ਦਿੱਤਾ। ਅਜੇ ਦੋ ਪਾਠ ਹੀ ਕੀਤੇ ਸਨ ਕਿ ਸਿਰ ਵਾਲੇ ਪਾਸੇ ਤੋਂ ਜਿਸ ਨੇ ਦੱਬਿਆ ਸੀ, ਉਸ ਸਿੰਘ ਨੇ ਛੱਡ ਦਿੱਤਾ ਤੇ ਨਾਲ ਹੀ ਦੂਸਰੇ ਨੇ ਵੀ; ਮੈਂ ਉੱਠ ਕੇ ਬੈਠ ਗਿਆ। ਸ਼ਹੀਦ ਸਿੰਘ ਕਹਿਣ ਲੱਗੇ ਕਿ ਅਸੀਂ ਤੈਨੂੰ ਦੱਬਣ ਨਹੀਂ ਆਏ ਸੀ, ਅਸੀਂ ਤਾਂ ਜੋ ਤੇਰੇ ਮਨ ਵਿੱਚ ਚੰਡੀ ਦੀ ਵਾਰ ਪ੍ਰਥਾਇ ਸ਼ੰਕਾ ਸੀ ਕਿ ਕਿਸ ਵੇਲੇ, ਕਿੰਨਾ ਪਾਠ, ਤੇ ਕਿਸ ਤਰ੍ਹਾਂ ਕਰਨਾ ਹੈ, ਉਸ ਦੀ ਵਿਧੀ ਦੱਸਣ ਆਏ ਸਾਂ ਪਰ ਤੁਹਾਡੇ ਮਨ ਵਿੱਚ ਸਾਡੇ ਨਾਲ ਮੁਕਾਬਲਾ ਕਰਨ ਦੀ ਸੋਚ ਫੁਰੀ ਜਿਸ ਕਰਕੇ ਤੁਹਾਨੂੰ ਅਸੀਂ ਦੱਬਿਆ ਸੀ।

ਉਹਨਾਂ ਬਚਨ ਕੀਤਾ ਕਿ ਚੰਡੀ ਦੀ ਵਾਰ ਦਾ ਪਾਠ ਜੇ ਸੂਰਜ ਮਿਟੇ ਤੋਂ ਪਿਛੋਂ ਕਰਨਾ ਹੋਵੇ ਤਾਂ ਸਾਰੀ ਰਾਤ ਹੀ ਕਰੀ ਜਾਣਾ ਚਾਹੀਦਾ ਹੈ, ਇਸਨੂੰ ਬੰਦ ਨਹੀਂ ਕਰਨਾ। ਭਾਵੇਂ ਦੋ ਜਾਂ ਇਸ ਤੋਂ ਵੱਧ ਸਿੰਘ ਵਾਰੀ-ਵਾਰੀ ਰਲ ਕੇ ਕਰੀ ਜਾਣ। ਜੇ ਕੋਈ ਇਕੱਲਾ ਸਾਰੀ ਰਾਤ ਕਰ ਸਕਦਾ ਹੋਵੇ ਤਾਂ ਵੀ ਠੀਕ ਹੈ। ਜਿੱਥੇ ਪਾਠ ਕਰਨਾ ਹੋਵੇ ਸਵੱਛ ਬਸਤਰ ਵਿਛਾ ਕੇ ਸੌਚ-ਇਸ਼ਨਾਨ ਕਰਕੇ ਉੱਪਰ ਬੈਠ ਕੇ ਪਾਠ ਕਰਨਾ ਹੈ। ਦੇਸੀ ਘਿਉ ਦੀ ਜੋਤ ਜਗਾ ਲੈਣੀ ਚਾਹੀਦੀ ਹੈ। ਜੇ ਦਿਨੇ ਪਾਠ ਕਰਨਾ ਹੋਵੇ ਫੇਰ ਕੋਈ ਖ਼ਾਸ ਵਿਧੀ ਨਹੀਂ। ਚਾਹੇ ਕੋਈ ਇੱਕ ਪਾਠ ਕਰੇ ਭਾਵੇਂ ਦੋ ਕਰੇ, ਪਾਠ ਪ੍ਰੇਮ ਨਾਲ ਕਰਨਾ ਚਾਹੀਦਾ ਹੈ। ਇੰਨੇ ਬਚਨ ਦੱਸ ਕੇ ਉਹ ਸ਼ਹੀਦ ਸਿੰਘ ਵਾਪਿਸ ਬੂਹੇ ਤੋਂ ਬਾਹਰ ਨਿਕਲਦੇ ਹੀ ਅਲੋਪ ਹੋ ਗਏ।

(ਚਲਦਾ)

## ਯੂਕ੍ਰੇਨ ਨੇ ਰੂਸ ਦੇ ਵੱਡੇ ਗੈਸ ਪਲਾਂਟ 'ਤੇ ਕੀਤਾ ਡਰੋਨ ਹਮਲਾ

ਕੀਵ : ਸਥਾਨਕ ਗਵਰਨਰ ਨੇ ਕਿਹਾ ਕਿ ਯੂਕ੍ਰੇਨ ਨੇ ਸ਼ਨੀਵਾਰ ਰਾਤ ਨੂੰ ਦੱਖਣੀ ਰੂਸ ਵਿਚ ਇਕ ਵੱਡੇ ਗੈਸ ਪ੍ਰੋਸੈਸਿੰਗ ਪਲਾਂਟ 'ਤੇ ਡਰੋਨ ਨਾਲ ਹਮਲਾ ਕੀਤਾ, ਜਿਸ ਕਾਰਨ ਅੱਗ ਲੱਗ ਗਈ।



ਖ਼ਬਰ ਅਨੁਸਾਰ ਹਮਲੇ ਦੀ ਲਪੇਟ 'ਚ ਆਇਆ ਸਰਕਾਰੀ ਗੈਸ ਕੰਪਨੀ ਗੈਜ਼ਪ੍ਰੋਮ ਵੱਲੋਂ ਸੰਚਾਲਿਤ ਓਰੇਨਬਰਗ ਪਲਾਂਟ ਕਜ਼ਾਖ ਸਰਹੱਦ ਨੇੜੇ ਸਥਿਤ ਹੈ। ਇਹ ਇਕ ਉਤਪਾਦਨ ਅਤੇ ਪ੍ਰੋਸੈਸਿੰਗ ਕੰਪਲੈਕਸ ਦਾ ਹਿੱਸਾ ਹੈ, ਜੋ ਕਿ ਆਪਣੀ ਕਿਸਮ ਦੀਆਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਸਹੂਲਤਾਂ ਵਿਚੋਂ ਇਕ ਹੈ, ਜਿਸ ਦੀ ਸਾਲਾਨਾ ਸਮਰੱਥਾ 45 ਅਰਬ ਘਣ ਮੀਟਰ ਹੈ। ਖੇਤਰੀ ਗਵਰਨਰ ਯੇਵਗੇਨੀ ਸੋਲਨਸੇਵ ਅਨੁਸਾਰ ਡਰੋਨ ਹਮਲਿਆਂ ਕਾਰਨ ਪਲਾਂਟ ਦੀ ਇਕ ਵਰਕਸ਼ਾਪ ਵਿਚ ਅੱਗ ਲੱਗ ਗਈ ਅਤੇ ਇਸ ਦੇ ਇਕ ਹਿੱਸੇ ਨੂੰ ਨੁਕਸਾਨ ਪਹੁੰਚਿਆ। ਸੋਲਨਸੇਵ ਨੇ ਕਿਹਾ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰੂਸ ਦੇ ਰੱਖਿਆ ਮੰਤਰਾਲੇ ਨੇ ਐਤਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ ਉਸ ਦੇ ਹਵਾਈ ਰੱਖਿਆ ਬਲਾਂ ਨੇ ਰਾਤੋ ਰਾਤ ਯੂਕ੍ਰੇਨ ਵੱਲੋਂ ਚਲਾਈਆਂ ਗਈਆਂ 45 ਡਰੋਨਾਂ ਨੂੰ ਮਾਰ ਸੁੱਟਿਆ, ਜਿਸ ਵਿਚ ਇਕ ਓਰੇਨਬਰਗ ਖੇਤਰ ਵਿਚ ਅਤੇ ਕੁੱਲ 23 ਗੁਆਂਢੀ ਸਮਾਰਾ ਅਤੇ ਸਾਰਾਤੋਵ ਖੇਤਰਾਂ ਵਿਚ ਸ਼ਾਮਲ ਹਨ।

## ਸ਼ਿਕਾਗੋ ਨੇੜੇ ਹੋਏ ਭਿਆਨਕ ਸੜਕ ਹਾਦਸੇ 'ਚ ਤੇਲਗੂ ਮੂਲ ਦੀ ਭਾਰਤੀ ਮਾਂ-ਧੀ ਦੀ ਮੌਤ

ਸ਼ਿਕਾਗੋ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਰਾਜ ਸ਼ਿਕਾਗੋ ਦੇ ਨੇੜੇ ਹੋਏ ਇਕ ਕਾਰ- ਸੜਕ ਹਾਦਸੇ ਦੌਰਾਨ ਭਾਰਤੀ ਮੂਲ ਦੀ ਮਾਂ ਅਤੇ ਧੀ ਦੀ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜੋ ਆਧਰਾ ਪ੍ਰਦੇਸ਼ ਰਾਜ ਦੇ ਮੈਨਚੇਰੀਅਲ ਦੀ ਰੈਡੀ ਕਾਲੋਨੀ ਦੇ ਨਾਲ ਸਬੰਧਤ ਸਨ। ਅਤੇ ਇੱਕ ਸਮਾਰੋਹ ਵਿੱਚ ਸ਼ਾਮਲ ਹੋਣ ਜਾ ਰਹੇ ਸਨ। ਮਾਰੀ ਗਈ ਮਾਂ ਆਪਣੀ ਛੋਟੀ ਧੀ ਦੇ ਨਾਲ ਆਪਣੀ ਵੱਡੀ ਧੀ ਵੱਲੋਂ ਲਏ ਗਏ ਨਵੇਂ ਘਰ ਚ' ਪ੍ਰਵੇਸ਼ ਲਈ ਰੱਖੇ ਗਏ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸੀ ਅਤੇ ਉਹਨਾਂ ਦੀ ਕਾਰ ਇਕ ਟਰੱਕ ਦੇ ਨਾਲ ਟਕਰਾ ਗਈ। ਕਾਰ 'ਚ ਰਿਸ਼ਤੇ 'ਚ ਮਾਂ ਅਤੇ ਉਸਦੀ ਧੀ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਦੇ ਅਨੁਸਾਰ ਪਥਾ



ਮਾਂ ਰਮਾਦੇਵੀ ਧੀ ਤੇਜਸਵੀ ਦੀ ਫ਼ਾਈਲ ਫੋਟੋ

ਰਾਮਾਦੇਵੀ (52) ਪਤਨੀ ਵਿਗਨੇਸ਼ ਅਤੇ ਉਨ੍ਹਾਂ ਦੀ ਛੋਟੀ ਧੀ ਤੇਜਸਵੀ (32), ਜੋ ਕਿ ਮਨਚੇਰੀਆਲ ਦੀ ਰੈਡੀ ਕਲੋਨੀ ਦੇ ਵਸਨੀਕ ਸਨ, ਟਰੱਕ ਦੀ ਕਾਰ ਨਾਲ ਟੱਕਰ ਹੋਣ ਕਾਰਨ ਉਹਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ। ਹਾਦਸੇ ਦੇ ਸਮੇਂ ਇਹ ਮਾਂ ਧੀ ਦਾ ਜੋੜਾ ਆਪਣੀ ਵੱਡੀ ਧੀ ਦੇ ਘਰ ਇੱਕ ਨਵੇਂ ਲਏ ਘਰ ਦੇ ਘਰੇਲੂ ਸਮਾਗਮ ਵਿੱਚ ਸ਼ਾਮਲ ਹੋਣ ਜਾ ਰਹੇ ਸੀ। ਹਾਦਸੇ 'ਚ ਮਾਰੀ ਗਈ ਤੇਜਸਵੀ ਅਤੇ ਉਸਦੀ ਵੱਡੀ ਭੈਣ ਕੁਝ ਸਾਲ ਪਹਿਲਾਂ ਅਮਰੀਕਾ ਚਲੇ ਗਏ ਸਨ ਅਤੇ ਉੱਥੇ ਹੀ ਵਸ ਗਏ ਸਨ, ਜਦੋਂ ਕਿ ਰਮਾਦੇਵੀ ਹਾਲ ਹੀ ਵਿੱਚ ਅਮਰੀਕਾ ਵਿੱਚ ਕੁਝ ਦਿਨ ਪਹਿਲੇ ਸ਼ਾਮਲ ਹੋਈ ਸੀ। ਜਿਸ ਦੀ ਅਤੇ ਛੋਟੀ ਧੀ ਤੇਜਸਵੀ ਦੀ ਹਾਦਸੇ 'ਚ ਮੌਤ ਹੋ ਗਈ।

ਪੰਥਕ ਕਦਰਾਂ ਕੀਮਤਾਂ ਦੇ ਪਹਿਰੇਦਾਰ,
ਆਪਣੀ ਜ਼ਿੰਦਗੀ ਦਾਅ 'ਤੇ ਲਾਉਣ ਵਾਲੇ

## ਭਾਈ ਸੰਦੀਪ ਸਿੰਘ ਸਨੀ ਦੇ ਭਰਾ

# ਭਾਈ ਮਨਦੀਪ ਸਿੰਘ

ਤਰਨਤਾਰਨ ਤੋਂ ਅਕਾਲੀ ਦਲ
(ਵਾਰਿਸ ਪੰਜਾਬ ਦੇ)
ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।





ਉਨ੍ਹਾਂ ਦੀ ਚੋਣ ਵਿਚ ਵੋਟਰਾਂ ਵਲੋਂ
ਵੱਡਾ ਹੁੰਗਾਰਾ ਮਿਲ ਰਿਹਾ ਹੈ।
ਲੋਕਾਂ ਵਿਚ ਇਸ ਪ੍ਰਭਾਵ ਨੂੰ ਦੇਖਿਆ ਜਾ ਸਕਦਾ ਹੈ।
ਪੰਥਕ ਰਵਾਇਤਾਂ ਨੂੰ ਪ੍ਰਣਾਏ ਹੋਏ
ਇਸ ਉਮੀਦਵਾਰ ਨੂੰ ਆਪਣਾ ਇਕ ਇਕ
ਕੀਮਤੀ ਵੋਟਾਂ ਪਾ ਕੇ ਕਾਮਯਾਬ ਕਰੋ।

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਪੰਥਕ ਆਵਾਜ਼

## ਸ:ਹਰਮਿੰਦਰ ਸਿੰਘ ਸਮਾਣਾ

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

SAN RAMON
San Ramon
URGENT CARE & CLINIC

9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE

15810 Harlan Road #A
Lathrop, CA 95330
(209) 983-9000

MAIN STREET
Main Street
URGENT CARE

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਜਦੋਂ ਮੈਂ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਲਈ ਗਿਆ ਤਾਂ ਹਰੀ ਕੀਰਤਨ ਦੇ ਮਹਾਨ ਰਸ ਨੇ ਮੇਰੀ ਸੁੱਧ ਬੁੱਧ ਭੁਲਾ ਮੈਨੂੰ ਆਪੇ ਤੋਂ ਉਚੇਰਾ ਉਠਾ ਦਿੱਤਾ। ਮੈਂ ਅੱਖਾਂ ਤੋਂ ਹੰਝੂ ਕੇਰਦਿਆਂ ਹੋਇਆਂ ਭਗਵਾਨ ਅੱਗੇ ਪ੍ਰਾਰਥਨਾ ਕੀਤੀ ਕਿ ਇਨ੍ਹਾਂ ਬੀਰ ਪੁਰਸ਼ਾਂ ਦੀ ਸੰਖਿਆ ਜਿਤਨੀ ਹੋ ਸਕੇ, ਵਧਾ ਦੇ। ਮੈਂ ਇਹ ਭੀ ਬੇਨਤੀ ਕੀਤੀ ਕਿ ਹੇ ਪ੍ਰਭੂ ਮੇਰੇ ਤੇ ਇਹ ਕਿਰਪਾ ਕਰੋ ਜੋ ਮੈਂ ਪ੍ਰਾਣ ਛੱਡਣ ਤੋਂ ਪਹਿਲਾਂ ਇਨ੍ਹਾਂ ਬੀਰ ਪੁਰਸ਼ਾਂ ਦੀ ਇਕ ਰੋੜ ਦੀ ਸੰਖਿਆ ਵੇਖ ਸਕਾਂ।

- ਸ਼ੰਕਰਾਚਾਰੀਆ ਡਾ. ਕੁਰਤਾ ਕੋਟੀ, ਮਿਤੀ 26 ਅਕਤੂਬਰ 1936, ਅੰਮ੍ਰਿਤਸਰ, ਪੰਜਾਬ

ਆਪ ਭਾਵੇਂ ਅੰਗਰੇਜ਼ੀ ਤੇ ਸੰਸਕ੍ਰਿਤ ਵਿਚ ਹੀ ਤਕਰੀਰ ਕਰਦੇ ਹਨ ਤੇ ਆਪ ਨੇ ਪੰਜਾਬ ਵਿਚ ਆ ਕੇ ਹਿੰਦੀ ਵਿਚ ਤਕਰੀਰਾਂ ਕੀਤੀਆਂ ਹਨ ਤੇ ਆਪ ਦੀ ਇਹ ਹਿੰਦੀ ਵਿਚ ਤੀਜੀ ਤਕਰੀਰ ਸੀ, ਪਰ ਫਿਰ ਭੀ ਆਪ ਨੇ ਇਹ ਖ਼ੂਬੀ ਨਾਲ ਵਿਆਖਿਆਨ ਦਿੱਤਾ ਸਰੋਤੇ ਫਿਕਰੇ ਫਿਰਕੇ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਪ ਦੀ ਦਾਦ ਦਿੰਦੇ ਸਨ।

ਭਾਵੇਂ ਅੰਮ੍ਰਿਤਸਰ ਨਿਵਾਸੀਆਂ ਨੇ ਹੋਰ ਬਹੁਤ ਸਾਰੇ ਸਮਾਗਮ ਆਪ ਜੀ ਦੇ ਸਬੰਧ ਵਿਚ ਰੱਖੇ ਹੋਏ ਸਨ, ਪਰ ਆਪ ਆਪਣੇ ਬਣਾਏ ਪ੍ਰੋਗਰਾਮ ਅਨੁਸਾਰ ਫਰੰਟੀਅਰ ਮੇਲ 'ਤੇ ਚਲੇ ਗਏ।

-ਅਕਾਲੀ ਪੱਤ੍ਰਿਕਾ

ਖ਼ਾਲਸਾ ਸਮਾਚਾਰ, 12 ਨਵੰਬਰ 1936, ਅੰਕ 52, ਜਿਲਦ 37, ਪੰਨਾ 9-10

ਗੁਰਦੁਆਰਾ ਗਜ਼ਟ ਅੰਮ੍ਰਿਤਸਰ 25 ਜਨਵਰੀ 1937

ਸਰਬ-ਹਿੰਦ ਸਿੱਖ ਮਿਸ਼ਨ ਵਲੋਂ ਸਿੱਖੀ ਪ੍ਰਚਾਰ

ਲਾਹੌਰ-ਭਾਈ ਉਜਾਗਰ ਸਿੰਘ ਜੀ ਮੀਤ ਜਥੇਦਾਰ ਅਕਾਲੀ ਜਥਾ ਤਹਿਸੀਲ ਲਾਹੌਰ ਤੋਂ ਖ਼ਬਰ ਦਿੰਦੇ ਹਨ ਕਿ ਪਿੰਡ ਗੋਬਿੰਦਗੜ੍ਹ ਨਵੀਂ ਅਬਾਦੀ ਮੁਗ਼ਲਪੁਰਾ ਵਿਖੇ ਅਛੂਤਾਂ ਵਿਚੋਂ 72 ਪ੍ਰਾਣੀਆਂ ਨੇ ਗੁਰੂ ਕਲਗੀਧਰ ਦੇ ਖੰਡੇ ਦਾ ਅੰਮ੍ਰਿਤ ਛਕਿਆ ਅਤੇ ਕਕਾਰ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

ਸ਼ੇਖ਼ੂਪੁਰਾ-ਭਾਈ ਮਹਿੰਦਰ ਸਿੰਘ ਜੀ ਪ੍ਰਚਾਰਕ ਇਤਲਾਹ ਦਿੰਦੇ ਹਨ ਕਿ ਸ਼ੇਖ਼ੂਪੁਰਾ ਵਿਚ ਅੰਮ੍ਰਿਤ ਪ੍ਰਚਾਰ ਦੇ ਸਮੇਂ 97 ਪ੍ਰਾਣੀਆਂ




ਨੇ ਅੰਮ੍ਰਿਤ ਛਕਿਆ ਅਤੇ ਗੁਰ ਕਲਗੀਧਰ ਦੇ ਝੰਡੇ ਹੇਠ ਆਏ, ਕੜੇ ਕਛਹਿਰੇ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

ਆਗਰਾ-ਇਤਲਾਹ ਪੁੱਜੀ ਹੈ ਕਿ 28-11-36 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਵਾਲੇ ਦਿਨ ਸਿੰਘ ਸਭਾ ਆਗਰਾ ਵਲੋਂ ਗੁਰਦੁਆਰਾ ਮਾਈ ਥਾਨ ਆਗਰਾ ਵਿਖੇ ਬੜਾ ਭਾਰੀ ਦੀਵਾਨ ਸਜਿਆ, ਜਿਸ ਵਿਚ ਗਿਆਨੀ ਗੁਰਬਚਨ ਸਿੰਘ ਜੀ ਤੇ ਭਾਈ ਸਾਧੂ ਸਿੰਘ ਜੀ ਪ੍ਰਚਾਰਕ ਮਿਸ਼ਨ ਨੇ ਆਪਣੇ ਲੈਕਚਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਆਤਿਸ਼ਬਾਜ਼ੀ ਚਲਾਈ ਗਈ। 29-11-36 ਸਵੇਰੇ ਆਸਾ ਦੀ ਵਾਰ ਉਪਰੰਤ ਗਿਆਨੀ ਸਾਧੂ ਸਿੰਘ ਜੀ ਨੇ ਇਕ ਬੜਾ ਪੁਰ ਅਸਰ ਵਿਆਖਿਆਨ ਕੀਤਾ, ਜਿਸ ਤੋਂ ਬਾਅਦ ਦੀਵਾਨ ਸਮਾਪਤ ਹੋਇਆ। ਇਸ ਸਮੇਂ 28 ਅਛੂਤ ਪ੍ਰਾਣੀਆਂ ਨੇ ਸਮੇਤ ਬਾਲ ਬੱਚਿਆਂ ਅੰਮ੍ਰਿਤਪਾਨ ਕੀਤਾ।

ਸਿਆਲਕੋਟ-ਗਿਆਨੀ ਗਰਜਾ ਸਿੰਘ ਦੀ ਇਤਲਾਹ ਦਿੰਦੇ ਹਨ ਕਿ ਗੁਲਬਹਾਰ ਕਲਾਂ ਜ਼ਿਲ੍ਹਾ ਸਿਆਲਕੋਟ ਵਿਖੇ 5,6 ਅਤੇ 7 ਦਸੰਬਰ ਨੂੰ ਜ਼ਿਲ੍ਹਾ ਅਕਾਲੀ ਜਥਾ ਵਲੋਂ ਅਛੂਤ ਉਧਾਰ ਸਬੰਧੀ ਇਕ ਬੜਾ ਭਾਰੀ ਦੀਵਾਨ ਸਜਿਆ। ਜਿਸ ਵਿਚ 7 ਦਸੰਬਰ ਨੂੰ ਅਖੌਤੀ ਅਛੂਤ ਮੇਘ ਬਰਾਦਰੀ ਵਿਚੋਂ 25 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਇਸ ਇਲਾਕੇ ਵਿਚ ਆਮ ਅਛੂਤ ਜਾਤੀਆਂ ਮੁਸਲਮਾਨਾਂ ਦੇ ਪਿੰਡਾਂ ਵਿਚ ਆਬਾਦ ਹਨ, ਜਿਨ੍ਹਾਂ ਦਾ ਝਕਾਉ ਸਿੱਖੀ ਵੱਲ ਹੈ। ਇਨ੍ਹਾਂ ਅਛੂਤਾਂ ਵਿਚੋਂ ਨਵੇਂ ਸਜੇ ਸਿੰਘਾਂ ਨੂੰ ਮੁਸਲਮਾਨ ਬਹੁਤ ਤੰਗ ਕਰਦੇ ਹਨ। ਮੁਸਲਮਾਨਾਂ ਨੇ ਪਿਛੇ ਜਿਹੇ ਇਕ ਨਵੇਂ ਸਜੇ ਸਿੰਘ ਦੇ ਕੇਸ ਕਤਲ ਕਰ ਦਿੱਤੇ ਅਤੇ ਉਸ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ ਗਿਆ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮੁਆਮਲੇ ਨੂੰ ਸੰਭਾਲ ਲਿਆ। (ਗੁਰਦੁਆਰਾ ਗਜ਼ਟ ਅੰਮ੍ਰਿਤਸਰ (26) ਜਨਵਰੀ 1937) ਦੱਸਿਆ ਜਾਂਦਾ ਹੈ ਇਸ ਸਾਜ਼ਿਸ਼ ਵਿਚ ਮਹਾਸ਼ਾ ਦਿਤੂ ਰਾਮ ਦਾ ਜ਼ਿਆਦਾ ਹੱਥ ਹੈ ਜੋ ਮੁਸਲਮਾਨਾਂ ਨੂੰ ਚੁੱਕ ਕੇ ਇਨ੍ਹਾਂ ਗਰੀਬਾਂ ਤੇ ਜ਼ੁਲਮ ਕਰਾਉਂਦਾ ਹੈ। ਅਸੀਂ ਪੁਲਿਸ ਅਫ਼ਸਰਾਂ ਦਾ ਖ਼ਾਸ ਧਿਆਨ ਇੱਛਰ ਦਿਵਾਉਂਦੇ ਹਾਂ ਅਤੇ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਕਰਦੇ ਹਾਂ :

(ਚਲਦਾ)

# ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਦਾ ਹੁਕਮ, ਹਮਾਸ ਦੇ ਲਾਸ਼ਾਂ ਸੌਂਪਣ ਤੱਕ ਬੰਦ ਰਹੇਗਾ 'ਰਾਫਾ ਬਾਰਡਰ'

ਨਵੀਂ ਦਿੱਲੀ : ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਗਾਜ਼ਾ ਅਤੇ ਮਿਸਰ ਵਿਚਕਾਰ ਰਫਾਹ ਸਰਹੱਦੀ ਕ੍ਰਾਸਿੰਗ ਅਗਲੇ ਨੋਟਿਸ ਤੱਕ ਬੰਦ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਇਸਦਾ ਦੁਬਾਰਾ ਖੁੱਲ੍ਹਣਾ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕੀ ਹਮਾਸ ਮ੍ਰਿਤਕ ਬੰਧਕਾਂ ਦੀਆਂ ਲਾਸ਼ਾਂ ਸੌਂਪਦਾ ਹੈ।



ਨੇਤਨਯਾਹੂ ਦਾ ਇਹ ਬਿਆਨ ਮਿਸਰ ਵਿੱਚ ਫਲਸਤੀਨੀ ਦੂਤਾਵਾਸ ਵੱਲੋਂ ਐਲਾਨ ਕੀਤੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਆਇਆ ਕਿ ਰਫਾਹ ਕਰਾਸਿੰਗ, ਗਾਜ਼ਾ ਵਾਸੀਆਂ ਲਈ ਖੇਤਰ ਵਿੱਚ ਦਾਖਲ ਹੋਣ ਅਤੇ ਬਾਹਰ ਨਿਕਲਣ ਦਾ ਮੁੱਖ ਰਸਤਾ, ਸੋਮਵਾਰ ਨੂੰ ਦੁਬਾਰਾ ਖੁੱਲ੍ਹ ਜਾਵੇਗਾ।

ਹਮਾਸ ਨੇ ਕੀ ਕਿਹਾ?

ਹਮਾਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਨੇਤਨਯਾਹੂ ਦਾ ਫੈਸਲਾ 'ਜੰਗਬੰਦੀ ਸਮਝੌਤੇ ਦੀ ਸਪੱਸ਼ਟ ਉਲੰਘਣਾ ਹੈ ਅਤੇ ਵਿਚੋਲਿਆਂ ਅਤੇ ਗਾਰੰਟਰ ਧਿਰਾਂ ਨਾਲ ਕੀਤੇ ਉਸਦੇ ਵਾਅਦਿਆਂ ਨੂੰ ਨਕਾਰਦਾ ਹੈ।' ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਰਫਾਹ ਕਰਾਸਿੰਗ ਨੂੰ ਲਗਾਤਾਰ ਬੰਦ ਕਰਨ ਨਾਲ ਮਲਬੇ ਹੇਠੋਂ ਬੰਧਕਾਂ ਦੀਆਂ ਲਾਸ਼ਾਂ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਉਪਕਰਣਾਂ ਨੂੰ ਸਾਈਟ 'ਤੇ ਪਹੁੰਚਣ ਤੋਂ ਰੋਕਿਆ ਜਾਵੇਗਾ, ਜਿਸ ਨਾਲ ਲਾਸ਼ਾਂ ਦੀ ਰਿਕਵਰੀ ਅਤੇ ਸੌਂਪਣ ਵਿੱਚ ਦੇਰੀ ਹੋਵੇਗੀ।

ਇਜ਼ਰਾਈਲ ਨੇ ਕੀ ਕਿਹਾ?

ਇਜ਼ਰਾਈਲ ਨੇ ਕਿਹਾ ਕਿ ਉਸਨੇ ਸ਼ਨੀਵਾਰ ਦੇਰ ਰਾਤ ਦੋ ਹੋਰ ਬੰਧਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ, ਜਿਸਦਾ ਮਤਲਬ ਹੈ ਕਿ ਪਿਛਲੇ ਹਫ਼ਤੇ ਇਜ਼ਰਾਈਲ ਅਤੇ ਹਮਾਸ ਵਿਚਕਾਰ ਅਮਰੀਕਾ ਦੁਆਰਾ ਵਿਚੋਲਗੀ ਕੀਤੀ ਗਈ ਜੰਗਬੰਦੀ ਅਤੇ ਬੰਧਕ ਸਮਝੌਤੇ ਦੇ ਤਹਿਤ 28 ਲਾਸ਼ਾਂ ਵਿੱਚੋਂ 12 ਇਜ਼ਰਾਈਲ ਨੂੰ ਸੌਂਪ ਦਿੱਤੀਆਂ ਗਈਆਂ ਹਨ।

ਇਜ਼ਰਾਈਲ ਦਾ ਕਹਿਣਾ ਹੈ ਕਿ ਹਮਾਸ ਲਾਸ਼ਾਂ ਵਾਪਸ ਕਰਨ ਵਿੱਚ ਬਹੁਤ ਹੌਲੀ ਰਿਹਾ ਹੈ। ਲਾਸ਼ਾਂ ਦੀ ਵਾਪਸੀ ਦਾ ਵਿਵਾਦ ਜੰਗਬੰਦੀ ਦੀ ਕਮਜ਼ੋਰੀ ਨੂੰ ਉਜਾਗਰ ਕਰਦਾ ਹੈ ਅਤੇ ਅਜੇ ਵੀ ਸਮਝੌਤੇ ਦੇ ਨਾਲ-ਨਾਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਯੁੱਧ ਨੂੰ ਖਤਮ ਕਰਨ ਦੀ 20-ਨੁਕਾਤੀ ਯੋਜਨਾ ਵਿੱਚ ਹੋਰ ਪ੍ਰਮੁੱਖ ਮੁੱਦਿਆਂ ਨੂੰ ਖਤਰੇ ਵਿੱਚ ਪਾਉਣ ਦੀ ਸੰਭਾਵਨਾ ਰੱਖਦਾ ਹੈ। ਹਾਲਾਂਕਿ, ਇਜ਼ਰਾਈਲ ਦਾ ਕਹਿਣਾ ਹੈ ਕਿ ਹਮਾਸ ਨੇ ਉਨ੍ਹਾਂ ਮ੍ਰਿਤਕ ਬੰਧਕਾਂ ਦੀਆਂ ਲਾਸ਼ਾਂ ਸੌਂਪਣ ਵਿੱਚ ਬਹੁਤ ਦੇਰ ਕੀਤੀ ਹੈ ਜੋ ਉਸ ਕੋਲ ਅਜੇ ਵੀ ਹਨ।

ਇਸ ਦੌਰਾਨ, ਹਮਾਸ ਦਾ ਕਹਿਣਾ ਹੈ ਕਿ ਗਾਜ਼ਾ ਵਿੱਚ ਭਾਰੀ ਤਬਾਹੀ ਦੇ ਵਿਚਕਾਰ ਕੁਝ ਲਾਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਸਮਾਂ ਲੱਗੇਗਾ। ਸੌਦੇ ਦੇ ਤਹਿਤ, ਇਜ਼ਰਾਈਲ ਨੂੰ ਮ੍ਰਿਤਕ ਬੰਧਕਾਂ ਦੇ ਬਦਲੇ 360 ਫਲਸਤੀਨੀ ਲਾਸ਼ਾਂ ਵਾਪਸ ਕਰਨ ਦੀ ਲੋੜ ਹੈ, ਅਤੇ ਹੁਣ ਤੱਕ, ਉਸਨੇ ਹਰੇਕ ਇਜ਼ਰਾਈਲੀ ਲਾਸ਼ ਲਈ 15 ਸੌਂਪੇ ਹਨ। ਰਫਾਹ ਮਈ 2024 ਤੋਂ ਵੱਡੇ ਪੱਧਰ 'ਤੇ ਬੰਦ ਹੈ।

# ਡੀ ਆਈ ਜੀ ਭੁੱਲਰ ਕੋਲ 16 ਕਰੋੜ ਦੀ ਅਚੱਲ ਸੰਪਤੀ

## ਪਰਿਵਾਰ ਦੀ ਸਾਲਾਨਾ ਆਮਦਨ ਕਰੀਬ 38 ਲੱਖ ਰੁਪਏ

ਚੰਡੀਗੜ੍ਹ : ਸੀ ਬੀ ਆਈ ਨੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ (ਹੁਣ ਮੁਅੱਤਲੀ ਅਧੀਨ) ਖ਼ ?ਲਾਫ਼ ਸਰੋਤਾਂ ਤੋਂ ਵੱਧ ਆਮਦਨੀ ਦੇ ਕੇਸ ਦੀ ਤਿਆਰੀ ਵਿੱਢ ਲਈ ਹੈ। ਡੀ ਆਈ ਜੀ ਭੁੱਲਰ ਅਤੇ ਦਲਾਲ ਕ੍ਰਿਸ਼ਨੂ ਸ਼ਾਰਦਾ ਇਸ ਵੇਲੇ ਬੁੜੈਲ ਜੇਲ੍ਹ 'ਚ ਬੰਦ ਹਨ। ਸੀ ਬੀ ਆਈ ਨੇ ਭੁੱਲਰ ਦੀ ਰਿਹਾਇਸ਼ ਤੋਂ 7.5 ਕਰੋੜ ਦੀ ਨਕਦੀ, ਢਾਈ ਕਿੱਲੋ ਸੋਨਾ, 24 ਲਗਜ਼ਰੀ ਘੜੀਆਂ ਤੋਂ ਇਲਾਵਾ 50 ਦੇ ਕਰੀਬ ਸੰਪਤੀਆਂ ਦੇ ਦਸਤਾਵੇਜ਼ ਹਾਸਲ ਕੀਤੇ ਹਨ ਜਿਨ੍ਹਾਂ 'ਚ ਕਈ ਬੇਨਾਮੀ ਸੰਪਤੀਆਂ ਦੇ ਵੀ ਕਾਗਜ਼ ਹਨ। ਭੁੱਲਰ ਦੀ ਰਿਹਾਇਸ਼ ਆਦਿ ਤੋਂ ਸ਼ਰਾਬ ਮਿਲਣ ਦੇ ਮਾਮਲੇ 'ਚ ਆਬਕਾਰੀ ਐਕਟ ਤਹਿਤ ਵੱਖਰਾ ਮੁਕੱਦਮਾ ਦਰਜ ਕਰਾਇਆ ਗਿਆ ਹੈ।

ਸੂਤਰਾਂ ਅਨੁਸਾਰ ਸੀ ਬੀ ਆਈ ਤਰਫ਼ੋਂ ਹੁਣ ਭੁੱਲਰ ਦੇ ਘਰੋਂ ਮਿਲੀ ਨਕਦੀ ਅਤੇ ਸੰਪਤੀ ਦੀ ਛਾਣਬੀਣ ਕੀਤੀ ਜਾਵੇਗੀ ਅਤੇ ਉਸ ਦੀ ਕੁੱਲ ਆਮਦਨੀ ਅਤੇ ਖ਼ਰਚੇ ਦਾ ਮਿਲਾਣ ਕੀਤਾ ਜਾਵੇਗਾ। ਉਸ ਮਗਰੋਂ 2009 ਬੈਚ ਦੇ ਆਈ ਪੀ ਐੱਸ ਅਧਿਕਾਰੀ ਖ਼ ?ਲਾਫ਼ ਸਰੋਤਾਂ ਤੋਂ ਵੱਧ ਆਮਦਨ ਦੇ ਨਵੇਂ ਕੇਸ ਦਾ ਮੁੱਢ ਬੱਝ ਸਕਦਾ ਹੈ। ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੇ ਕੇਂਦਰ ਸਰਕਾਰ ਕੋਲ ਪਹਿਲੀ ਜਨਵਰੀ, 2025 ਤੱਕ ਦੀ ਪ੍ਰਾਪਰਟੀ ਰਿਟਰਨ ਭਰੀ ਸੀ। ਉਸ ਮੁਤਾਬਕ ਭੁੱਲਰ ਪਰਿਵਾਰ ਕੋਲ ਅੱਠ ਸੰਪਤੀਆਂ ਹਨ ਜਿਨ੍ਹਾਂ ਦਾ ਖ਼ੁਲਾਸਾ ਖ਼ੁਦ ਡੀ ਆਈ ਜੀ ਨੇ ਕੀਤਾ ਹੈ।

ਮੌਜੂਦ ਰਿਟਰਨ ਦੀ ਕਾਪੀ ਅਨੁਸਾਰ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੀ ਪ੍ਰਤੀ ਮਹੀਨਾ ਮੌਜੂਦਾ ਬੇਸਿਕ ਤਨਖ਼ਾਹ 2,16,600 ਰੁਪਏ ਹੈ ਜੋ 58 ਫ਼ੀਸਦੀ ਡੀ ਏ ਨਾਲ 3.20 ਲੱਖ ਦੇ ਕਰੀਬ ਪ੍ਰਤੀ ਮਹੀਨਾ ਬਣ ਜਾਂਦੀ ਹੈ।




ਤਨਖ਼ਾਹ 'ਚੋਂ ਕਰੀਬ 30 ਫ਼ੀਸਦੀ ਹਿੱਸਾ ਆਮਦਨ ਕਰ 'ਚ ਚਲਾ ਜਾਂਦਾ ਹੈ। ਆਮਦਨ ਕਰ ਦੇਣ ਮਗਰੋਂ ਸਾਲਾਨਾ ਤਨਖ਼ਾਹ ਕਰੀਬ 27 ਲੱਖ ਰੁਪਏ ਬਣਦੀ ਹੈ। ਡੀ ਆਈ ਜੀ ਨੇ ਬਾਕੀ ਸਰੋਤਾਂ ਤੋਂ ਸਾਲਾਨਾ ਆਮਦਨ 11.44 ਲੱਖ ਰੁਪਏ ਹੋਣ ਦੀ ਜਾਣਕਾਰੀ ਨਸ਼ਰ ਕੀਤੀ ਹੈ। ਇਸ ਤਰੀਕੇ ਨਾਲ ਕੁੱਲ ਆਮਦਨ ਕਰੀਬ 38.44 ਲੱਖ ਰੁਪਏ ਸਾਲਾਨਾ ਬਣਦੀ ਹੈ।

ਉਧਰ ਸੀ ਬੀ ਆਈ ਨੇ ਭੁੱਲਰ ਦੀ ਰਿਹਾਇਸ਼ ਆਦਿ ਤੋਂ 7.50 ਕਰੋੜ ਦੀ ਨਕਦੀ ਫੜੀ ਹੈ। ਪ੍ਰਾਪਰਟੀ ਰਿਟਰਨ ਅਨੁਸਾਰ ਭੁੱਲਰ ਕੋਲ ਜਲੰਧਰ ਦੇ ਕੋਟ ਕਲਾਂ 'ਚ ਛੇ ਕਨਾਲ ਦਾ ਫਾਰਮ ਹਾਊਸ ਹੈ ਜਿਸ ਦੀ ਉਨ੍ਹਾਂ ਬਾਜ਼ਾਰੀ ਕੀਮਤ ਦੋ ਕਰੋੜ ਰੁਪਏ ਦੱਸੀ ਹੈ। ਇਹ ਸੰਪਤੀ ਉਨ੍ਹਾਂ ਨੂੰ ਆਪਣੇ ਪਿਤਾ ਮਹਿਲ ਸਿੰਘ ਭੁੱਲਰ ਤੋਂ 6 ਅਗਸਤ, 1993 'ਚ ਵਿਰਾਸਤ 'ਚ ਮਿਲੀ। ਚੰਡੀਗੜ੍ਹ ਦੇ ਸੈਕਟਰ-39 ਬੀ 'ਚ ਸਾਲ 1999 'ਚ ਖ਼ਰੀਦੇ ਗਏ ਫਲੈਟ ਦੀ ਮੌਜੂਦਾ ਕੀਮਤ ਕਰੀਬ ਡੇਢ ਕਰੋੜ ਰੁਪਏ ਹੈ ਅਤੇ ਇਹ ਫਲੈਟ ਪਰਿਵਾਰ ਨੇ 1999 'ਚ ਛੇ ਲੱਖ ਰੁਪਏ 'ਚ ਖ਼ਰੀਦਿਆ ਸੀ। ਲੁਧਿਆਣਾ ਦੇ ਪਿੰਡ ਇਯਾਲੀ ਖ਼ੁਰਦ ਵਿਚਲੀ 3 ਕਨਾਲ 18 ਮਰਲੇ ਜ਼ਮੀਨ ਦੀ ਕੀਮਤ 2.10 ਕਰੋੜ ਰੁਪਏ ਹੈ ਜੋ ਭੁੱਲਰ ਪਰਿਵਾਰ ਨੇ 2005 'ਚ 7.35 ਲੱਖ ਰੁਪਏ 'ਚ ਖ਼ਰੀਦੀ ਸੀ।

ਮੁਹਾਲੀ ਦੇ ਸੈਕਟਰ-90 'ਚ ਚੰਡੀਗੜ੍ਹ ਓਵਰਸੀਜ਼ ਕੋਆਪਰੇਟਿਵ ਸੁਸਾਇਟੀ 'ਚ ਸਾਲ 2005 'ਚ 20 ਲੱਖ ਰੁਪਏ ਦਾ ਫਲੈਟ ਖ਼ਰੀਦਿਆ ਗਿਆ ਜਿਸ ਦੀ ਬਾਜ਼ਾਰੀ ਕੀਮਤ ਨਹੀਂ ਦੱਸੀ ਗਈ ਹੈ। ਇਸ ਫਲੈਟ ਦਾ ਹਾਲੇ ਕਬਜ਼ਾ ਨਹੀਂ ਮਿਲਿਆ ਹੈ ਕਿਉਂਕਿ ਕੇਸ ਜ਼ਿਲ੍ਹਾ ਖਪਤਕਾਰ ਫੋਰਮ ਚੰਡੀਗੜ੍ਹ 'ਚ ਬਕਾਇਆ ਹੈ। ਰਿਟਰਨ ਅਨੁਸਾਰ ਭੁੱਲਰ ਪਰਿਵਾਰ ਦੀ ਚੰਡੀਗੜ੍ਹ ਦੇ ਸੈਕਟਰ-40 ਬੀ ਵਿਚਲੀ 528 ਗਜ਼ ਦੀ ਕੋਠੀ ਦੀ ਮੌਜੂਦਾ ਕੀਮਤ ਪੰਜ ਕਰੋੜ ਰੁਪਏ ਦੱਸੀ ਗਈ ਹੈ ਜੋ ਸਾਲ 2008 'ਚ 1.32 ਕਰੋੜ 'ਚ ਖ਼ਰੀਦੀ ਗਈ ਸੀ। ਇਸੇ ਤਰ੍ਹਾਂ ਕਪੂਰਥਲਾ ਦੇ ਪਿੰਡ ਖਾਜੂਰਾਲਾ 'ਚ ਪੰਜ ਕਨਾਲ ਜ਼ਮੀਨ ਤਬਾਦਲੇ 'ਚ 2014 'ਚ ਮਿਲੀ ਜਿਸ ਦੀ ਮੌਜੂਦਾ ਕੀਮਤ 60 ਲੱਖ ਰੁਪਏ ਦੱਸੀ ਗਈ ਹੈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮੰਡ ਸ਼ੇਰੀਆਂ 'ਚ ਕਰੀਬ 15 ਏਕੜ ਜ਼ਮੀਨ (ਤਬਾਦਲੇ ਰਾਹੀਂ) ਦੀ ਮੌਜੂਦਾ ਕੀਮਤ 3 ਕਰੋੜ ਰੁਪਏ ਦੱਸੀ ਗਈ ਹੈ। ਭੁੱਲਰ ਪਰਿਵਾਰ ਨੇ ਸਾਲ 2023 'ਚ ਨਿਊ ਚੰਡੀਗੜ੍ਹ 'ਚ ਓਮੈਕਸ ਡਿਵੈਲਪਰ ਤੋਂ 1041.87 ਗਜ਼ ਦਾ ਪਲਾਟ ਕਰੀਬ 1.60 ਕਰੋੜ 'ਚ ਖ਼ਰੀਦਿਆ ਹੈ। ਰਿਟਰਨ 'ਚ ਭੁੱਲਰ ਨੇ ਸਭ ਸੰਪਤੀਆਂ ਤੋਂ ਸਾਲਾਨਾ ਆਮਦਨ 11.44 ਲੱਖ ਰੁਪਏ ਦੱਸੀ ਹੈ। ਇਹ ਸਿਰਫ਼ ਅਚੱਲ ਸੰਪਤੀ ਹੈ। ਸੀ ਬੀ ਆਈ ਵੱਲੋਂ ਬਰਾਮਦ ਕੀਤੇ ਢਾਈ ਕਿੱਲੋ ਸੋਨੇ, ਘੜੀਆਂ, ਗੱਡੀਆਂ ਆਦਿ ਦੀ ਕੀਮਤ ਇਸ ਤੋਂ ਵੱਖਰੀ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਲੱਛਣ :**

1. ਸਾਹ ਲੈਣ ਵਿੱਚ ਮੁਸ਼ਕਲ ਆਉਣੀ।
2. ਸਾਹ ਲੈਣ ਸਮੇਂ ਸੀਟੀ ਵਰਗੀ ਆਵਾਜ਼ ਦਾ ਆਉਣਾ।
3. ਖਾਂਸੀ।
4. ਬਲਗਮ ਦਾ ਆਉਣਾ।

**ਕਾਰਨ :**

1. ਐਲਰਜੀ।
2. ਕਸਰਤ ਦਮੇ ਨੂੰ ਵਿਗਾੜ ਸਕਦੀ ਹੈ।
3. ਸਿਗਰਟ ਪੀਣਾ।
4. ਮੌਸਮ ਵਿੱਚ ਤਬਦੀਲੀ, ਜ਼ੁਕਾਮ ਜਾਂ ਫਲੂ (ਵਾਇਰਲ)।

ਰੋਕਥਾਮ/ਬਚਾਅ :

1. ਐਲਰਜੀ ਦਾ ਇਲਾਜ ਕਰੋ (ਅਧਿਆਇ ਨੂੰ ਪੜ੍ਹੋ)।
2. ਹਵਾ ਦੇ ਪ੍ਰਦੂਸ਼ਨ ਤੋਂ ਬਚੋ (ਜਦੋਂ ਹਵਾ ਦਾ ਪ੍ਰਦੂਸ਼ਨ ਬਹੁਤ ਜ਼ਿਆਦਾ ਹੋਵੇ ਤਾਂ ਘਰ ਦੇ ਅੰਦਰ ਰਹੋ)।
3. ਸਿਗਰਟ ਪੀਣਾ ਛੱਡੋ।
4. ਬਹੁਤ ਜ਼ਿਆਦਾ ਸੁਗੰਧ ਵਾਲੇ ਇਤਰ ਨਾ ਲਗਾਓ।
5. ਠੰਡੀ ਹਵਾ ਵਿੱਚ ਸਾਹ, ਨੱਕ ਰਾਹੀਂ ਲਵੋ।
6. ਸਾਲਾਨਾ ਫਲੂ ਦੇ ਟੀਕੇ ਲਗਵਾਓ

**ਘਰੇਲੂ ਇਲਾਜ :**

1. ਜੇਕਰ ਸਾਹ ਲੈਣ ਵਿੱਚ ਮੁਸ਼ਕਲ ਆਵੇ ਤਾਂ ਸ਼ਾਂਤ ਰਹੋ, ਕਿਉਂਕਿ ਮਾਨਸਿਕ ਤਣਾਓ ਦਮੇ ਨੂੰ ਹੋਰ ਵਿਗਾੜਦਾ ਹੈ।
2. ਡਾਕਟਰ ਦੀ ਸਲਾਹ ਤੋਂ ਬਗ਼ੈਰ ਕਿਸੇ ਵੀ ਦਵਾਈ ਦੀ ਵਰਤੋਂ ਨਾ ਕਰੋ।
3. ਇਨਹੇਲਰ (ਸਾਹ ਲੈਣ ਵਾਲੇ ਰਸਤੇ ਨੂੰ ਦਵਾਈ ਨਾਲ ਖੋਲ੍ਹਣ ਵਾਲਾ ਉਪਕਰਨ) ਦੀ ਵਰਤੋਂ ਦਾ ਸਹੀ ਤਰੀਕਾ ਸਿੱਖੋ।
4. ਜੇਕਰ ਕਸਰਤ ਕਰਨ ਨਾਲ ਦਮਾ ਵਧਦਾ ਹੈ, ਤਾਂ




ਕਸਰਤ ਕਰਨ ਤੋਂ ਇੱਕ ਘੰਟਾ ਪਹਿਲਾਂ ਇਨਹੇਲਰ ਦੀ ਵਰਤੋਂ ਕਰੋ।
5. ਆਪਣੀ ਐਲਰਜੀ ਦਾ ਇਲਾਜ ਕਰਵਾਓ।
6. ਘਰ ਵਿੱਚ ਖੁੱਲ੍ਹੀ ਹਵਾ ਦਾ ਉੱਚਿਤ ਬੰਦੋਬਸਤ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਦਮੇ ਦਾ ਪਹਿਲਾ ਦੌਰਾ ਹੋਵੇ।
2. ਜਦੋਂ ਗਲੇ ਅੰਦਰੋਂ ਥੁੱਕ ਹਰੇ, ਪੀਲੇ ਜਾਂ ਖ਼ੂਨ ਵਰਗੇ ਰੰਗ ਦਾ ਹੋਵੇ। ਇਹ ਕਿਸੇ ਇਨਫ਼ੈਕਸ਼ਨ ਦੇ ਕਾਰਨ ਹੋ ਸਕਦਾ ਹੈ।
3. ਬੁਖ਼ਾਰ ਦੇ ਨਾਲ ਨਾਲ ਸਾਹ ਲੈਣ ਵਿੱਚ ਮੁਸ਼ਕਲ ਆਉਣੀ।
4. ਘਰੇਲੂ ਇਲਾਜ ਦੇ ਬਾਅਦ ਵੀ ਜੇਕਰ ਦਮੇ ਦਾ ਦੌਰਾ ਵਾਰ ਵਾਰ ਹੋਵੇ।

**ਇਨਹੇਲਰ ਦੀ ਸਹੀ ਵਰਤੋਂ ਦਾ ਤਰੀਕਾ**

1. ਇਨਹੇਲਰ ਨੂੰ ਚੰਗੀ ਤਰ੍ਹਾਂ ਹਿਲਾਓ।
2. ਇਨਹੇਲਰ ਨੂੰ ਆਪਣੇ ਅੰਗੂਠੇ ਅਤੇ ਪਹਿਲੀ ਉਂਗਲੀ ਦੇ ਨਾਲ ਫੜੋ।
3. ਜਿੰਨਾ ਜ਼ਿਆਦਾ ਸੰਭਵ ਹੋ ਸਕੇ, ਸਾਹ ਨੂੰ ਬਾਹਰ ਕੱਢ ਦੇਵੋ।
4. ਆਪਣੇ ਸਿਰ ਨੂੰ ਪਿੱਛੇ ਨੂੰ ਝੁਕਾਓ ਅਤੇ ਇਨਹੇਲਰ ਦੇ ਅਗਲੇ ਹਿੱਸੇ ਨੂੰ ਆਪਣੇ ਮੂੰਹ ਵਿੱਚ ਪਾਓ।
5. ਦਵਾਈ ਦੀ ਮਾਤਰਾ ਨੂੰ ਕੱਢਣ ਲਈ ਇਨਹੇਲਰ ਨੂੰ ਦਬਾਓ।
6. ਹੌਲੀ ਹੌਲੀ ਅਤੇ ਲੰਬੇ ਸਾਹ ਲਵੋ।
7. ਇਨਹੇਲਰ ਨੂੰ ਵਰਤਣ ਤੋਂ ਬਾਅਦ ਆਪਣੇ ਮੂੰਹ ਨੂੰ ਅੰਦਰੋਂ ਪਾਣੀ ਨਾਲ ਚੰਗੀ ਤਰਾਂ ਸਾਫ਼ ਕਰੋ।
8. ਆਪਣੇ ਇਨਹੇਲਰ ਨੂੰ ਹਫ਼ਤੇ ਵਿੱਚ ਘੱਟ ਤੋਂ ਘੱਟ ਇੱਕ ਵਾਰ ਸਾਫ਼ ਕਰੋ।

**ਛਾਤੀ ਦਾ ਕੈਂਸਰ**

**(ਬਰੈਸਟ ਕੈਂਸਰ)**

ਛਾਤੀ ਦਾ ਕੈਂਸਰ 40-55 ਸਾਲ ਦੀਆਂ ਔਰਤਾਂ ਵਿੱਚ ਮੌਤ ਦਾ ਮੁੱਖ ਕਾਰਨ ਹੈ। ਜੇਕਰ ਔਰਤਾਂ ਵਿੱਚ ਛਾਤੀ ਦੇ ਕੈਂਸਰ ਦਾ ਪਹਿਲਾਂ ਪਤਾ ਲੱਗ ਜਾਵੇ ਤਾਂ ਆਮ ਤੌਰ 'ਤੇ ਇਸਦਾ ਇਲਾਜ ਹੋ ਜਾਂਦਾ ਹੈ। ਹਰ ਮਹੀਨੇ ਆਪਣੇ ਆਪ ਛਾਤੀ ਦੀ ਜਾਂਚ ਕਰਕੇ ਅਤੇ ਮੈਮੋਗ੍ਰਾਮ (ਛਾਤੀ ਦਾ ਐਕਸ-ਰੇ) ਨਾਲ ਇਸਦਾ ਪਹਿਲਾਂ ਪਤਾ ਲਗਾਇਆ ਜਾ ਸਕਦਾ ਹੈ।

**ਕਾਰਨ :**

1. ਪਰਿਵਾਰਿਕ ਪਿਛੋਕੜ ਵਿੱਚ ਛਾਤੀ ਦਾ ਕੈਂਸਰ ਹੋਣਾ।
2. ਜੇਕਰ ਔਰਤ ਨੇ ਕਦੇ ਵੀ ਬੱਚੇ ਨੂੰ ਜਨਮ ਨਹੀਂ ਦਿੱਤਾ ਜਾਂ ਕਦੇ ਵੀ ਗਰਭਵਤੀ ਨਹੀਂ ਹੋਈ।
3. ਜੇਕਰ ਤੁਹਾਨੂੰ ਕੋਈ ਹੋਰ ਕੈਂਸਰ ਹੈ।
4. ਸਿਗਰਟ ਪੀਣਾ।

**ਜਾਂਚ :**

1. ਮਹੀਨੇ ਵਿੱਚ ਇੱਕ ਵਾਰ ਆਪ, ਆਪਣੀ ਛਾਤੀ ਦੀ ਜਾਂਚ ਕਰੋ। ਜੇਕਰ ਤੁਹਾਨੂੰ ਕੋਈ ਗਿਲਟੀ ਮਹਿਸੂਸ ਹੋਵੇ, ਤਾਂ ਇਸਦੀ ਜਾਂਚ ਡਾਕਟਰ ਕੋਲੋਂ ਕਰਵਾਓ। ਤੁਹਾਨੂੰ ਡਾਕਟਰ ਕੋਲੋਂ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਆਪ, ਆਪਣੀ ਛਾਤੀ ਦੀ ਜਾਂਚ ਕਰਨੀ ਹੈ।
2. ਮੈਮੋਗ੍ਰਾਮ : ਇਹ ਛਾਤੀ ਦਾ ਐਕਸ-ਰੇ ਹੈ, 50 ਸਾਲ ਦੀ ਉਮਰ ਵਿੱਚ ਸ਼ੁਰੂ ਕਰਕੇ ਹਰ ਦੋ ਸਾਲ ਬਾਅਦ ਇਸਨੂੰ ਕਰਵਾਉਣਾ ਚਾਹੀਦਾ ਹੈ। ਜੇਕਰ ਤੁਹਾਨੂੰ ਛਾਤੀ ਦੇ ਕੈਂਸਰ ਦਾ ਜ਼ਿਆਦਾ ਖ਼ਤਰਾ ਹੈ ਤਾਂ ਡਾਕਟਰ ਤੁਹਾਨੂੰ ਮੈਮੋਗ੍ਰਾਮ ਹੋਰ ਵੀ ਜਲਦੀ ਕਰਵਾਉਣ ਦੀ ਸਲਾਹ ਦੇਣਗੇ।

**ਇਲਾਜ :**

ਇਸਦਾ ਇਲਾਜ ਇਸਦੇ ਆਕਾਰ, ਸਥਾਨ ਅਤੇ ਹੋਰ ਤੱਥਾਂ 'ਤੇ ਨਿਰਭਰ ਕਰਦਾ ਹੈ। ਇਸਦਾ ਇਲਾਜ ਅਪ੍ਰੇਸ਼ਨ, ਕੀਮੋਥੈਰੇਪੀ (ਦਵਾਈਆਂ ਨਾਲ ਇਲਾਜ), ਰੇਡੀਏਸ਼ਨ (ਵਿਕਿਰਣ) ਜਾਂ ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਕੀਤਾ ਜਾਂਦਾ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਰੂਸ ਨੇ ਯੂਕ੍ਰੇਨ 'ਤੇ ਕੀਤਾ ਡਰੋਨ ਅਤੇ ਮਿਜ਼ਾਈਲ ਹਮਲਾ, 6 ਲੋਕਾਂ ਦੀ ਮੌਤ



ਕੀਵ : ਯੂਕ੍ਰੇਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਰੂਸ ਨੇ ਬੁੱਧਵਾਰ ਨੂੰ ਯੂਕ੍ਰੇਨ 'ਤੇ ਇੱਕ ਵੱਡਾ ਡਰੋਨ ਅਤੇ ਮਿਜ਼ਾਈਲ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟ 6 ਲੋਕ ਮਾਰੇ ਗਏ। ਇਹ ਹਮਲੇ ਅਜਿਹੇ ਸਮੇਂ ਵਿਚ ਕੀਤੇ ਗਏ ਹਨ, ਜਦੋਂ ਇਕ ਦਿਨ ਪਹਿਲਾਂ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਆਪਣੀ ਯੋਜਨਾਬੱਧ ਮੁਲਾਕਾਤ ਨੂੰ ਇਹ ਕਹਿੰਦੇ ਹੋਏ ਮੁਲਤਵੀ ਕਰ ਦਿੱਤਾ ਕਿ ਉਹ ਸਮਾਂ ਬਰਬਾਦ ਨਹੀਂ ਕਰਨਾ ਚਾਹੁੰਦੇ ਹਨ। ਯੂਕ੍ਰੇਨ ਦੇ ਊਰਜਾ ਮੰਤਰੀ ਨੇ ਕਿਹਾ ਕਿ ਦੇਸ਼ ਦੇ ਊਰਜਾ ਬੁਨਿਆਦੀ ਢਾਂਚੇ 'ਤੇ ਰਾਤ ਭਰ ਹਮਲੇ ਕੀਤੇ ਗਏ, ਜੋ ਬੁੱਧਵਾਰ ਤੜਕੇ ਤੱਕ ਜਾਰੀ ਰਹੇ। ਇਹ ਸਰਦੀਆਂ ਤੋਂ ਪਹਿਲਾਂ ਦੇਸ਼ ਦੇ ਊਰਜਾ ਸਿਸਟਮ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਦਾ ਹਿੱਸਾ ਹੈ। ਕੀਵ ਪ੍ਰਸ਼ਾਸਨ ਦੇ ਮੁਖੀ ਤੈਮੂਰ ਤਾਕਾਚੇਂਕੋ ਨੇ ਕਿਹਾ ਕਿ ਹਮਲੇ ਵਿੱਚ ਘੱਟੋ-ਘੱਟ 18 ਲੋਕ ਜ਼ਖਮੀ ਹੋਏ ਹਨ। ਯੂਕ੍ਰੇਨ ਦੇ ਊਰਜਾ ਮੰਤਰਾਲਾ ਨੇ ਦੱਸਿਆ ਕਿ ਹਮਲੇ ਕਾਰਨ ਦੇਸ਼ ਭਰ ਵਿੱਚ ਬਿਜਲੀ ਬੰਦ ਹੋ ਗਈ। ਮੰਤਰਾਲਾ ਨੇ ਕਿਹਾ ਕਿ ਜਿੱਥੇ ਵੀ ਸੰਭਵ ਹੋਵੇ ਮੁਰੰਮਤ ਕੀਤੀ ਜਾ ਰਹੀ ਹੈ ਅਤੇ ਬਿਜਲੀ 'ਜਿੰਨੀ ਜਲਦੀ ਹੋ ਸਕੇ' ਬਹਾਲ ਕਰ ਦਿੱਤੀ ਜਾਵੇਗੀ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਇੱਕ ਬਿਆਨ ਵਿੱਚ ਕਿਹਾ, 'ਇੱਕ ਹੋਰ ਰਾਤ ਜੋ ਸਾਬਤ ਕਰਦੀ ਹੈ ਕਿ ਰੂਸ ਯੁੱਧ ਨੂੰ ਲੰਮਾ ਖਿੱਚਣ ਲਈ ਲੋੜੀਂਦਾ ਦਬਾਅ ਮਹਿਸੂਸ ਨਹੀਂ ਕਰ ਰਿਹਾ ਹੈ।' ਉਨ੍ਹਾਂ ਕਿਹਾ ਕਿ ਹਮਲਿਆਂ ਨੇ ਕੀਵ ਅਤੇ ਜ਼ਾਪੋਰਿਜ਼ੀਆ ਸ਼ਹਿਰਾਂ ਦੇ ਨਾਲ-ਨਾਲ ਓਡੇਸਾ, ਚੇਰਨੀਹਿਵ, ਕਿਰੋਵੋਹਰਾਦ, ਪੋਲਟਾਵਾ, ਵਿਨਿਤਸੀਆ, ਚੇਰਕਾਸੀ ਅਤੇ ਸੁਮੀ ਦੇ ਖੇਤਰਾਂ ਵਿੱਚ ਵਿਆਪਕ ਨੁਕਸਾਨ ਪਹੁੰਚਾਇਆ। ਜ਼ੇਲੇਂਸਕੀ ਨੇ ਯੂਰਪੀਅਨ ਯੂਨੀਅਨ, ਸੰਯੁਕਤ ਰਾਜ ਅਮਰੀਕਾ ਅਤੇ 7 ਉਦਯੋਗਿਕ ਦੇਸ਼ਾਂ ਦੇ ਸਮੂਹ (77) ਨੂੰ ਰੂਸ 'ਤੇ ਪਾਬੰਦੀਆਂ ਲਗਾਉਣ ਲਈ ਕਦਮ ਚੁੱਕਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, 'ਇਹ ਬਹੁਤ ਮਹੱਤਵਪੂਰਨ ਹੈ ਕਿ ਦੁਨੀਆ ਹੁਣ ਚੁੱਪ ਨਾ ਰਹੇ ਅਤੇ ਰੂਸ ਦੇ ਧੋਖੇਬਾਜ਼ ਹਮਲਿਆਂ ਦਾ ਇੱਕਜੁੱਟ ਹੋ ਕੇ ਜਵਾਬ ਦੇਵੇ।'

# ਕਦੇ-ਕਦੇ ਹਾਰ ਨਾ ਮੰਨਣਾ ਹੀ ਉਪਦੇਸ਼ ਬਣ ਜਾਂਦਾ ਹੈ

ਕੁਝ ਸਾਲ ਪਹਿਲਾਂ, ਮੇਰਾ ਇਕ ਕਰੀਬੀ ਦੋਸਤ ਸ਼ਰਾਬ ਦੀ ਲਤ ਵਿਚ ਬੁਰੀ ਤਰ੍ਹਾਂ ਫਸ ਗਿਆ। ਇਕ ਹੋਣਹਾਰ ਤੇ ਕਾਬਲ ਨੌਜਵਾਨ ਨੂੰ ਸ਼ਰਾਬ ਦੀ ਲਤ ਵਿਚ ਫਸਦੇ ਦੇਖਣਾ ਦਿਲ ਦਹਿਲਾ ਦੇਣ ਵਾਲਾ ਸੀ। ਇਕ ਰਾਤ, ਉਹ ਆਪਣੀ ਕਾਰ ਲੈ ਕੇ ਪੂਰੀ ਤਰ੍ਹਾਂ ਨਸ਼ੇ 'ਚ ਲੋਨਾਵਾਲਾ (ਮੁੰਬਈ) ਤੱਕ ਚਲਿਆ ਗਿਆ। ਮੈਂ ਉਸ ਨੂੰ ਵਾਰ-ਵਾਰ ਫ਼ੋਨ ਕਰਦਾ ਰਿਹਾ, ਉਸ ਨੂੰ ਰੁਕਣ, ਵਾਪਸ ਮੁੜਨ ਅਤੇ ਕਿਸੇ ਸੁਰੱਖਿਅਤ ਥਾਂ 'ਤੇ ਗੱਡੀ ਰੋਕਣ ਲਈ ਬੇਨਤੀ ਕਰਦਾ ਰਿਹਾ। ਉਸ ਨੇ ਮੇਰੀਆਂ ਜ਼ਿਆਦਾਤਰ ਕਾਲਾਂ ਦਾ ਜਵਾਬ ਨਹੀਂ ਦਿੱਤਾ। ਆਖਿਰਕਾਰ ਉਸ ਨੇ ਜਦੋਂ ਫ਼ੋਨ ਚੁੱਕਿਆ, ਤਾਂ ਉਸ ਦੀ ਆਵਾਜ਼ ਲੜਖੜਾ ਰਹੀ ਸੀ ਅਤੇ ਉਹ ਗੁੱਸੇ ਵਿਚ ਸੀ। ਮੈਨੂੰ ਲੱਗਾ ਕਿ ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਰ ਰਿਹਾ ਹੈ।



ਮਹੀਨਿਆਂ ਬਾਅਦ, ਜਦੋਂ ਉਹ ਕਿਸੇ ਤਰ੍ਹਾਂ ਸ਼ਰਾਬ ਪੀਣਾ ਛੱਡ ਸਕਿਆ ਤਾਂ ਉਹ ਮੈਨੂੰ ਕਾਫੀ ਹਾਊਸ 'ਤੇ ਮਿਲਿਆ ਅਤੇ ਕੁਝ ਅਜਿਹਾ ਕਿਹਾ ਜੋ ਮੈਂ ਕਦੇ ਨਹੀਂ ਭੁੱਲਾਂਗਾ। ਉਸਨੇ ਕਿਹਾ, "ਬੌਬ, ਕੀ ਤੁਹਾਨੂੰ ਉਹ ਰਾਤ ਯਾਦ ਹੈ ਜਦੋਂ ਮੈਂ ਸ਼ਰਾਬ ਪੀ ਕੇ ਗੱਡੀ ਚਲਾ ਰਿਹਾ ਸੀ ਅਤੇ ਤੂੰ ਮੈਨੂੰ ਵਾਰ-ਵਾਰ ਫ਼ੋਨ ਕਰ ਰਿਹਾ ਸੀ? ਤੈਨੂੰ ਲੱਗਾ ਸੀ ਮੈਂ ਤੈਨੂੰ ਸੁਣ ਨਹੀਂ ਪਾ ਰਿਹਾ ਹਾਂ ਪਰ ਮੈਂ ਸੁਣ ਰਿਹਾ ਸੀ, ਅਤੇ ਉਸ ਧੁੰਦ ਵਿਚ ਇਕ ਹੀ ਗੱਲ ਮੇਰੇ ਦਿਮਾਗ ਵਿਚੋਂ ਨਿਕਲ ਰਹੀ ਸੀ, ਕੀ ਮੈਂ ਇੰਨਾ ਕਾਬਿਲ ਹਾਂ ਕਿ ਬੌਬ ਮੈਨੂੰ ਫੋਨ ਕਰਦਾ ਰਿਹਾ?" ਕਿਉਂਕਿ ਇਹੀ ਉਹ ਸਮਾਂ ਸੀ ਜਦੋਂ ਮੈਂ ਖੁਦ ਨੂੰ ਸਭ ਤੋਂ ਵੱਧ ਨਾਕਾਬਿਲ ਮਹਿਸੂਸ ਕਰ ਰਿਹਾ ਸੀ। ਮੈਂ ਪੀਣਾ ਬੰਦ ਨਹੀਂ ਕਰ ਪਾ ਰਿਹਾ ਸੀ। ਮੈਂ ਸਭ ਨੂੰ ਨਿਰਾਸ਼ ਕੀਤਾ ਸੀ, ਆਪਣੇ ਆਪ ਨੂੰ ਵੀ। ਪਰ ਤੇਰੇ ਫੋਨ ਮੈਨੂੰ ਕੁਝ ਹੋਰ ਦੱਸ ਰਹੇ ਸਨ, ਕਿ ਕੋਈ ਹੁਣ ਵੀ ਮੈਨੂੰ ਲਾਇਕ ਮੰਨਦਾ ਹੈ।"

ਮੈਂ ਕਾਫੀ ਦੇਰ ਤੱਕ ਚੁੱਪ ਰਿਹਾ। ਉਸ ਦੇ ਸ਼ਬਦਾਂ ਨੇ ਮੈਨੂੰ ਸਾਲਾਂ 'ਚ ਸੁਣੀ ਕਿਸੇ ਵੀ ਗੱਲ ਨਾਲੋਂ ਜ਼ਿਆਦਾ ਡੂੰਘਾ ਧੱਕਾ ਪਹੁੰਚਾਇਆ। ਅਸੀਂ ਅਕਸਰ ਸੋਚਦੇ ਹਾਂ ਕਿ ਲੋਕਾਂ ਨੂੰ ਉਪਦੇਸ਼ ਦੇਣ, ਉਨ੍ਹਾਂ ਨੂੰ ਝਿੜਕਣ ਜਾਂ ਉਨ੍ਹਾਂ ਨੂੰ ਲੰਮਾ-ਚੌੜਾ ਉਪਦੇਸ਼ ਦੇਣ ਨਾਲ ਉਹ ਵਾਪਸ ਆ ਜਾਣਗੇ। ਪਰ ਕਦੇ-ਕਦੇ ਬਸ ਹਾਰ ਨਾ ਮੰਨਣ ਦਾ ਕੰਮ ਹੀ ਉਪਦੇਸ਼ ਬਣ ਜਾਂਦਾ ਹੈ। ਅਸੀਂ ਇਕ ਅਜਿਹੀ ਦੁਨੀਆ ਵਿਚ ਰਹਿੰਦੇ ਹਾਂ, ਜਿੱਥੇ ਲੋਕਾਂ ਨੂੰ ਆਸਾਨੀ ਨਾਲ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਇਕ ਵਾਰ ਅਸਫਲ ਹੋ ਜਾਓ ਅਤੇ ਤੁਹਾਨੂੰ ਨਕਾਰ ਦਿੱਤਾ ਜਾਂਦਾ ਹੈ। ਇਕ ਕਮਜ਼ੋਰੀ ਨਾਲ ਜੂਝੋ ਅਤੇ ਤੁਹਾਨੂੰ ਨਿਰਾਸ਼ਾਜਨਕ ਕਰਾਰ ਦੇ ਦਿੱਤਾ ਜਾਂਦਾ ਹੈ। ਆਪਣਾ ਰਸਤਾ ਭਟਕ ਜਾਓ ਅਤੇ ਅਚਾਨਕ ਹਰ ਕੋਈ ਇਹ ਦਿਖਾਵਾ ਕਰਨ ਲੱਗਦਾ ਹੈ ਕਿ ਉਹ ਤੁਹਾਨੂੰ ਜਾਣਦੇ ਹੀ ਨਹੀਂ ਸਨ। ਅਸੀਂ ਇਸ ਨੂੰ ਵਿਹਾਰਿਕ ਹੋਣਾ ਕਹਿੰਦੇ ਹਾਂ। ਪਰ ਅਸਲੀਅਤ ਵਿਚ ਇਹ ਦਰਸਾਉਂਦਾ ਹੈ ਕਿ ਅਸੀਂ ਭੁੱਲ ਗਏ ਹਾਂ ਕਿ ਕ੍ਰਿਪਾ ਕਿਵੇਂ ਕੰਮ ਕਰਦੀ ਹੈ। ਮੇਰਾ ਦੋਸਤ ਇਸ ਲਈ ਸੰਜਮ ਵਿਚ ਨਹੀਂ ਪਰਤਿਆ ਕਿਉਂਕਿ ਕਿਸੇ ਨੇ ਉਸ ਨੂੰ ਪਾਪ ਬਾਰੇ ਉਪਦੇਸ਼ ਦਿੱਤਾ ਸੀ। ਉਹ ਕਈ ਕਾਰਨਾਂ ਕਰ ਕੇ ਵਾਪਸ ਆਇਆ ਪਰ ਉਨ੍ਹਾਂ ਵਿਚੋਂ ਇਕ ਇਹ ਸੀ ਕਿ ਕਿਸੇ ਨੂੰ ਵਿਸ਼ਵਾਸ ਸੀ ਕਿ ਉਹ ਅਜੇ ਵੀ ਯੋਗ ਹੈ। ਉਸ ਵਿਸ਼ਵਾਸ ਨੇ ਉਸ ਦੇ ਅੰਦਰ ਇਕ ਚੰਗਿਆੜੀ ਜਗਾਈ, ਜਦੋਂ ਕਿ ਉਸ ਦੇ ਅੰਦਰ ਖੁਦ ਦੀ ਕੋਈ ਰੌਸ਼ਨੀ ਨਹੀਂ ਬਚੀ ਸੀ। ਇਸ ਸਮੇਂ ਸਾਡੇ ਆਲੇ-ਦੁਆਲੇ ਅਜਿਹੇ ਲੋਕ ਹਨ, ਜੋ ਚੁੱਪਚਾਪ ਆਪਣੇ ਹੀ ਰਾਖਸ਼ਸਾਂ ਨਾਲ ਲੜ ਰਹੇ ਹਨ, ਜਿਵੇਂ ਕਿ ਨਸ਼ੇ ਦੀ ਲਤ, ਉਦਾਸੀ, ਅਸਫਲਤਾ ਅਤੇ ਸ਼ਰਮ। ਤੁਹਾਨੂੰ ਸ਼ਾਇਦ ਪਤਾ ਨਾ ਹੋਵੇ, ਪਰ ਤੁਹਾਡਾ ਧੀਰਜ, ਤੁਹਾਡੀ ਫ਼ੋਨ ਕਾਲ, ਉਨ੍ਹਾਂ ਦਾ ਸਾਥ ਨਾ ਛੱਡਣਾ ਹੀ ਸ਼ਾਇਦ ਉਨ੍ਹਾਂ ਨੂੰ ਬਚਾ ਸਕਦਾ ਹੈ। ਜਦੋਂ ਅਸੀਂ ਕਿਸੇ ਨੂੰ ਉਸ ਦੇ ਸਭ ਬੁਰੇ ਸਮੇਂ ਵਿਚ ਦੇਖਦੇ ਹਾਂ ਅਤੇ ਫਿਰ ਵੀ ਉਸ ਨੂੰ ਪਿਆਰ ਦੇ ਲਾਇਕ ਸਮਝਦੇ ਹਾਂ, ਤਾਂ ਅਸੀਂ ਉਹੀ ਦੁਹਰਾਉਂਦੇ ਹਾਂ ਜੋ ਪਰਮੇਸ਼ਰ ਹਰ ਦਿਨ ਸਾਡੇ ਨਾਲ ਕਰਦਾ ਹੈ। ਉਹ ਸੱਦਣਾ ਕਦੇ ਬੰਦ ਨਹੀਂ ਕਰਦਾ। ਜਦੋਂ ਅਸੀਂ ਪੂਰੀ ਰਫਤਾਰ ਨਾਲ ਗਲਤ ਦਿਸ਼ਾ 'ਚ ਗੱਡੀ ਚਲਾ ਰਹੇ ਹੁੰਦੇ ਹਾਂ, ਤਾਂ ਵੀ ਉਹ ਫ਼ੋਨ ਕਰਦਾ ਰਹਿੰਦਾ ਹੈ, ਕੰਨਾਂ 'ਚ ਕੁਝ ਕਹਿੰਦਾ ਰਹਿੰਦਾ ਹੈ ਅਤੇ ਕਹਿੰਦਾ ਹੈ, "ਤੁਸੀਂ ਅਜੇ ਵੀ ਮੇਰੇ ਹੋ।" ਤਾਂ ਅਗਲੀ ਵਾਰ ਜਦੋਂ ਕੋਈ ਤੁਹਾਨੂੰ ਨਿਰਾਸ਼ ਕਰੇ ਤਾਂ ਜਲਦੀ ਉਥੇ ਨਾ ਜਾਓ। ਇਹ ਨਾ ਸੋਚੋ ਕਿ ਉਨ੍ਹਾਂ ਦੀ ਮਦਦ ਨਹੀਂ ਕੀਤੀ ਜਾ ਸਕਦੀ। ਯਾਦ ਰੱਖੋ ਕਿ ਤੁਹਾਡੀ ਦ੍ਰਿੜ੍ਹਤਾ ਇਕ ਦਿਨ ਉਨ੍ਹਾਂ ਨੂੰ ਇਹ ਕਹਿਣ 'ਤੇ ਮਜਬੂਰ ਕਰ ਸਕਦੀ ਹੈ, "ਕੀ ਮੈਂ ਸੱਚਮੁੱਚ ਇੰਨਾ ਯੋਗ ਹਾਂ?" ਅਤੇ ਹੋ ਸਕਦਾ ਹੈ ਕਿ ਹੰਝੂਆਂ ਅਤੇ ਜਾਗ੍ਰਿਤੀ ਰਾਹੀਂ ਪੁੱਛਿਆ ਗਿਆ ਇਹ ਸਵਾਲ, ਉਨ੍ਹਾਂ ਦੇ ਘਰ ਵਾਪਸੀ ਦੇ ਸਫ਼ਰ ਦੀ ਸ਼ੁਰੂਆਤ ਹੋਵੇ!

-ਰਾਬਰਟ ਕਲੀਮੈਂਟਸ




# ਦੀ ਸਿੱਖ ਸੈਂਟਰ ਆਫ਼ ਨਿਊਯਾਰਕ ਇੰਕ.

**38-17 Parsons Blvd Flushing New York 11355**
**222-31 96th Ave Queens Village New York 11429**

# ਜਨਤਕ ਸੂਚਨਾ

**ਮੈਂਬਰਸ਼ਿਪ ਲਈ ਰਜਿਸਟ੍ਰੇਸ਼ਨ ਹੁਣ ਸ਼ੁਰੂ ਹੈ**

ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਜੀ ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕੀ, ਨਵੀਂ ਮੈਂਬਰਸ਼ਿਪ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਸਿੱਖ ਸੈਂਟਰ ਦੇ ਸੰਵਿਧਾਨ ਅਤੇ ਉਪ-ਨਿਯਮਾਂ (bylaws) ਅਨੁਸਾਰ, ਅਸੀਂ ਦੋਵਾਂ ਗੁਰਦੁਆਰਾ ਸਾਹਿਬ (ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ) ਤੋਂ ਨਵੀਂ ਮੈਂਬਰਸ਼ਿਪ ਰਜਿਸਟਰ ਕਰਨ ਦੀ ਪ੍ਰਕਿਰਿਆ ਵਿੱਚ ਹਾਂ। ਸਿੱਖ ਸੰਗਤ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ, ਅਸੀਂ ਸਾਧ ਸੰਗਤ ਨੂੰ ਮੈਂਬਰਸ਼ਿਪ ਅਰਜ਼ੀ ਫਾਰਮ ਜਮ੍ਹਾਂ ਕਰਾਉਣ ਲਈ ਬੇਨਤੀ ਕਰਦੇ ਹਾਂ। ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ, ਰਜਿਸਟ੍ਰੇਸ਼ਨ ਦੀਆਂ ਮਿਤੀਆਂ ਅਤੇ ਸਥਾਨ ਹੇਠ ਲਿਖੇ ਅਨੁਸਾਰ ਹਨ:

**ਐਤਵਾਰ - 31 ਅਗਸਤ, 2025 ਤੋਂ ਐਤਵਾਰ - 26 ਅਕਤੂਬਰ, 2025 ਤੱਕ ਸਮਾਂ: ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ**
**ਫਲੱਸ਼ਿੰਗ ਸਿੱਖ ਸੈਂਟਰ ਗੁਰੂਘਰ, 38-17 Parsons Blvd Flushing NY 11355 ਐਤਵਾਰ ਦੀਆਂ ਤਰੀਕਾਂ: ਸਤੰਬਰ 7 ਅਤੇ 21, 2025, ਅਕਤੂਬਰ 5, 19 ਅਤੇ 26, 2025 ਕੁਈਨਜ਼ ਵਿਲੇਜ ਗੁਰੂਘਰ, 222-31, 96th Avenue Queens Village, NY 11429**
**ਐਤਵਾਰ ਦੀਆਂ ਤਰੀਕਾਂ: ਅਗਸਤ 31, ਸਤੰਬਰ 14 ਅਤੇ 28, 2025, ਅਕਤੂਬਰ 12 ਅਤੇ 26, 2025**

## ਰਜਿਸਟ੍ਰੇਸ਼ਨ ਲਈ ਜ਼ਰੂਰੀ ਸ਼ਰਤਾਂ:

• ਸਾਰੇ ਬਿਨੈਕਾਰਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ; • ਫੋਟੋ ਆਈ.ਡੀ., ਜਿਵੇਂ ਕਿ ਡਰਾਈਵਰ ਲਾਇਸੈਂਸ/ਪਾਸਪੋਰਟ/ਸਰਕਾਰੀ-ਜਾਰੀ ਆਈ.ਡੀ.; • ਪਤੇ ਦਾ ਸਬੂਤ (Proof of Address); • ਮੈਂਬਰਸ਼ਿਪ ਫੀਸ $10 ਹੈ; • ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਮੈਂਬਰਸ਼ਿਪ ਦੌਰਾਨ ਪੇਸ਼ ਕੀਤੇ ਗਏ ਸਾਰੇ ਦਸਤਾਵੇਜ਼ ਅਸਲੀ ਹੋਣ • (ਫੋਟੋ ਕਾਪੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ)। ਧੰਨਵਾਦ, ਚੋਣ ਅਤੇ ਮੈਂਬਰਸ਼ਿਪ ਕਮੇਟੀ

**ਹਿੰਮਤ ਸਿੰਘ, 646-358-7745 ਚੇਅਰਮੈਨ, ਚੋਣ ਅਤੇ ਮੈਂਬਰਸ਼ਿਪ ਕਮੇਟੀ**
**ਮਨਦੀਪ ਸਿੰਘ ਮੈਂਬਰ, ਚੋਣ ਅਤੇ ਮੈਂਬਰਸ਼ਿਪ ਕਮੇਟੀ, ਪਰਦੀਪ ਸਿੰਘ, ਮੈਂਬਰ, ਚੋਣ ਅਤੇ ਮੈਂਬਰਸ਼ਿਪ ਕਮੇਟੀ**

---

# The Sikh Center of New York Inc.

**38-17 Parsons Blvd Flushing New York 11355**
**222-31 96th Ave Queens Village New York 11429**

# PUBLIC NOTICE

**REGISTRATION FOR MEMBERSHIP IS NOW OPEN**

As all members of the Sikh Sadh Sangat are aware, registration for the new membership has begun. As per the constitution bylaws of the Sikh Center, we are in the process of registering new memberships from both Gurudwara(s) (Flushing and Queens Village). In order to encourage participation of the Sikh Sangat, we ask the Sadh Sangat to submit membership application forms. As decided by the management, the registration dates and locations are as follows:

**Sunday - August 31, 2025, to Sunday- October 26, 2025 Time: 11:00 AM to 2:00 PM**
**Flushing Sikh Center Gurughar, 38-17 Parsons Blvd Flushing NY 11355**
**Sunday Dates: September 7 and 21, 2025 October 5, 19 and 26, 2025**
**Queens Village Gurughar, 222-31, 96th Avenue Queens Village, NY 11429**
**Sunday Dates: August 31, September 14 and 28, 2025, October 12 & 26, 2025**

## Requirements for Registration:

• All applicants must be 18 years or older; • Photo ID, such as Driver's License/Passport/Government-issued ID; • Proof of Address; • There is a $10 membership fee; • Please make sure all the documents presented during the membership are original (photocopies will not be accepted).

**Thank you Election & Membership Committee**
Himmat Singh, 646-358-7745 Chairman, Election & Membership Committee
Mandeep Singh Member, E & MC , Member, Pardeep Singh E & MC

# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ 11ਵਾਂ ਛਿਮਾਹੀ ਸਾਹਿਤਕ ਸਮਾਗਮ

## ‘ਜ਼ਿੰਦਗੀ’ ਅਤੇ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਬਾਰੇ ਵਿਚਾਰਾਂ








ਸਰੀ : ਤਾਨਾਸ਼ਾਹੀ ਸਰਕਾਰ ਅਤੇ ਸਰਮਾਏਦਾਰੀ ਨਿਜ਼ਾਮ ਹੱਥੋਂ ਸਤਾਏ ਲੋਕਾਂ ਦੀ ਗੱਲ ਕਰਨ ਵਾਲੀ ਅਤੇ ਮਨੁੱਖੀ ਬਰਾਬਰੀ ਦੀ ਹਾਮੀ ‘ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ’ ਵੱਲੋਂ ਗਿਆਰਵਾਂ ਛਿਮਾਹੀ ਸਾਹਿਤਕ ਸੰਮੇਲਨ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਸਥਿਤ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿੱਚ ਜਿਸਮਾਨੀ ਤੌਰ ’ਤੇ ਵਿਛੜ ਚੁੱਕੇ ਸਾਹਿਤਕਾਰਾਂ, ਸੰਗੀਤਕਾਰਾਂ, ਹਾਸਰਸ ਕਲਾਕਾਰਾਂ, ਗਾਇਕਾਂ ਅਤੇ ਹੋਰਨਾਂ ਸ਼ਖਸੀਅਤਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਦਰਸ਼ਨ ਸਿੰਘ ਅਟਵਾਲ, ਚਮਕੌਰ ਸਿੰਘ ਸੇਖੋਂ ਤੇ ਹਰਚੰਦ ਸਿੰਘ ਗਿੱਲ ਨੇ ਉਸਤਾਦ ਸ਼ਾਇਰ ਉਲਫਤ ਬਾਜਵਾ ਅਤੇ ਲੋਕ ਕਵੀ ਗੁਰਦਾਸ ਰਾਮ ਆਲਮ ਦੀਆਂ ਕਾਵਿ ਰਚਨਾਵਾਂ ਦੀ ਸਾਂਝ ਪਾਈ।

ਸਾਹਿਤਕ ਸੰਮੇਲਨ ਦੇ ਦੂਜੇ ਹਿੱਸੇ ਵਿੱਚ ਜ਼ਿੰਦਗੀ ਵਿਸ਼ੇ ’ਤੇ ਵਿਚਾਰ ਚਰਚਾ ਹੋਈ, ਜਿਸ ਦੌਰਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਸ਼ਹੀਦ ਕਵੀ ਡਾ ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ ਬਾਰੇ ਕਵਿਤਾ ਅਤੇ ਜਪਾਨੀ ਬਸਤੀਵਾਦੀਆਂ ਹੱਥੋਂ ਉਹਨਾਂ ਦੀ ਸ਼ਹਾਦਤ ਅਤੇ ਸਮੁੱਚੇ ਜੀਵਨ ’ਤੇ ਪਰਚਾ ਪੜ੍ਹਿਆ। ਦੂਜਾ ਪਰਚਾ ਜ਼ਿੰਦਗੀ ਵਿਸ਼ੇ ’ਤੇ ਪ੍ਰਿੰਸੀਪਲ ਕਸ਼ਮੀਰਾ ਸਿੰਘ ਨੇ ਸਾਂਝਾ ਕੀਤਾ। ਟੀਵੀ ਹੋਸਟ ਮਨਮੋਹਣ ਸਿੰਘ ਸਮਰਾ ਅਤੇ ਕੈਪਟਨ ਜੀਤ ਮੈਹਰਾ ਨੇ ਵੀ ਜ਼ਿੰਦਗੀ ਬਾਰੇ ਵਿਚਾਰ ਸਾਂਝੇ ਕੀਤੇ।

ਸਾਹਿਤਕ ਸੰਮੇਲਨ ਵਿੱਚ 5 ਮਤੇ ਲੋਕ ਕਵੀ ਗੁਰਦਾਸ ਰਾਮ ਆਲਮ ਅਤੇ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੇ ਸਬੰਧ ਵਿੱਚ ਵਿਚਾਰੇ ਅਤੇ ਪਾਸ ਕੀਤੇ ਗਏ, ਜਿਹਨਾਂ ਦੀ ਪ੍ਰੋੜਤਾ ਕਿਰਪਾਲ ਸਿੰਘ ਜੌਹਲ ਵੱਲੋਂ ਕੀਤੀ ਗਈ। ਇਸ ਸਾਹਿਤਕ ਸੰਮੇਲਨ ਵਿੱਚ ਪ੍ਰੋਫੈਸਰ ਨਿਰਮਲ ਗਿੱਲ, ਰਮਨੀ ਕਲੇਰ, ਕੈਮਰਨ, ਰਛਪਾਲ ਭਾਰਦਵਾਜ, ਅਸ਼ੋਕ ਮੇਹਟਾ, ਚੌਧਰੀ ਸੁਸ਼ੀਲ, ਗੁਲਸ਼ਨ ਭਨੋਟ, ਗੁਰਦਿਆਲ ਸਿੰਘ ਜੌਹਲ, ਸੁਰਜੀਤ ਸਿੰਘ ਗਿੱਲ, ਗੁਰਮੀਤ ਸਿੰਘ ਕਾਲਕਾ, ਦਵਿੰਦਰ ਕੌਰ ਜੌਹਲ, ਜਗਜੀਤ ਸਿੰਘ ਸੇਖੋਂ, ਗੁਰਸ਼ਰਨ ਸਿੰਘ, ਬਖਸ਼ੀਸ਼ ਸਿੰਘ, ਅਵਤਾਰ ਸਿੰਘ, ਸਰਬਜੀਤ ਸਿੰਘ ਬਾਸੀ, ਲੈਂਬਰ ਸਿੰਘ ਕੰਦੋਲਾ, ਜੋਗਾ ਸਿੰਘ ਆਦਿ ਸਹਿਤ ਪ੍ਰੇਮੀ ਸ਼ਾਮਲ ਹੋਏ ਅਤੇ ਸਮਾਗਮ ਦੀ ਕਵਰੇਜ ਨਿਰੰਜਨ ਸਿੰਘ ਲੇਹਲ ਸਿੱਧੀ ਗੱਲ ਚੈਨਲ ਪ੍ਰਸਾਰਨ ਸੇਵਾ ਤੇਜਵੀਰ ਸਿੰਘ ਸੰਧੂ ਵੱਲੋਂ ਸਾਂਝੀ ਕੀਤੀ ਗਈ। ਅਵਤਾਰ ਸਿੰਘ ਢਿਲੋਂ, ਪ੍ਰਧਾਨ ਸੀਨੀਅਰ ਸਿਟੀਜ਼ਨ ਸੈਂਟਰ ਨੇ ਸਭਨਾਂ ਦਾ ਧੰਨਵਾਦ ਕੀਤਾ। ਪ੍ਰਿੰਸੀਪਲ ਮਲੂਕ ਚੰਦ ਕਲੇਰ ਸੰਥਾਪਕ ਲੋਕ ਕਵੀ ਗੁਰਦਾਸ ਰਾਮ ਆਲਮ ਸਹਿਤ ਸਭਾ ਕੈਨੇਡਾ ਵੱਲੋਂ ਸੰਚਾਲਨ ਬਾਖੂਬੀ ਕੀਤਾ ਗਿਆ। ਸੰਮੇਲਨ ਸਭਨਾਂ ਦੇ ਸਹਿਯੋਗ ਨਾਲ ਪ੍ਰਭਾਵਸ਼ਾਲੀ ਹੋ ਨਿਬੜਿਆ।

# ਪਟਾਕਿਆਂ ਦੀ ਆੜ ’ਚ ਖੂਬ ਜਲੀ ਪਰਾਲੀ, ਪੰਜਾਬ ’ਚ ਟੁੱਟੇ ਸਾਰੇ ਰਿਕਾਰਡ



ਚੰਡੀਗੜ੍ਹ : ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਗਿਣਤੀ 308 ਤੱਕ ਪਹੁੰਚ ਗਈ ਹੈ। ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਅਜਿਹੇ ਸਭ ਤੋਂ ਵੱਧ ਮਾਮਲੇ ਹਨ, ਹਰੇਕ ਵਿੱਚ 113। ਤਰਨ ਤਾਰਨ ਜ਼ਿਲ੍ਹੇ ਵਿੱਚ ਹੁਣ ਤੱਕ ਪੰਜਾਬ ਵਿੱਚ ਪਰਾਲੀ ਸਾੜਨ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਅੰਮ੍ਰਿਤਸਰ 104 ਮਾਮਲਿਆਂ ਨਾਲ ਸਭ ਤੋਂ ਅੱਗੇ ਹੈ, ਕਿਉਂਕਿ ਬਹੁਤ ਸਾਰੇ ਕਿਸਾਨ ਰਾਜ ਸਰਕਾਰ ਨੂੰ ਇਸ ਅਭਿਆਸ ਨੂੰ ਬੰਦ ਕਰਨ ਦੀ ਅਪੀਲ ਕਰਦੇ ਹਨ। ਅਪੀਲਾਂ ਨੂੰ ਅਣਦੇਖਾ ਕਰਦੇ ਹੋਏ, ਉਹ ਫਸਲਾਂ ਦੇ ਬਚੇ ਹੋਏ ਹਿੱਸੇ ਨੂੰ ਸਾੜਨਾ ਜਾਰੀ ਰੱਖਦੇ ਹਨ। ਦੀਵਾਲੀ ਦੇ ਮੌਕੇ ’ਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਇਸ ਵਾਧੇ ਨੇ ਪ੍ਰਦੂਸ਼ਣ ਨੂੰ ਹੋਰ ਵਧਾ ਦਿੱਤਾ ਹੈ।

ਦਿੱਲੀ-ਐਨਸੀਆਰ ਵਿੱਚ ਪ੍ਰਦੂਸ਼ਣ: ਦਿੱਲੀ-ਐਨਸੀਆਰ ਦੇ ਕਈ ਇਲਾਕਿਆਂ ਵਿੱਚ ਹਵਾ ਗੁਣਵੱਤਾ ਸੂਚਕਾਂਕ (ਏਕਿਊਆਈ) 350 ਤੱਕ ਪਹੁੰਚ ਗਿਆ ਹੈ। ਇਸ ਤੋਂ ਵੱਧ ਹੋ ਗਿਆ ਹੈ, ਜਿਸ ਕਾਰਨ ਰਾਜਧਾਨੀ ਦੇ ਕਈ ਇਲਾਕੇ ਰੈੱਡ ਜ਼ੋਨ ਵਿੱਚ ਹਨ। ਦਿੱਲੀ-ਐਨਸੀਆਰ ਵਿੱਚ ਹਵਾ ਪ੍ਰਦੂਸ਼ਣ ਵਿੱਚ ਵਾਧਾ ਅਕਸਰ ਪੰਜਾਬ ਅਤੇ ਹਰਿਆਣਾ ਵਿੱਚ ਪਰਾਲੀ ਸਾੜਨ ਕਾਰਨ ਹੁੰਦਾ ਹੈ।

ਕਿਉਂਕਿ ਅਕਤੂਬਰ ਅਤੇ ਨਵੰਬਰ ਵਿੱਚ ਬਾਜਰੇ ਦੀ ਕਟਾਈ ਤੋਂ ਬਾਅਦ, ਜੌਂ ਦੀ ਫਸਲ ਅਤੇ ਕਣਕ ਦੀ ਬਿਜਾਈ ਲਈ ਬਹੁਤ ਘੱਟ ਸਮਾਂ ਹੁੰਦਾ ਹੈ। ਇਸੇ ਕਰਕੇ ਬਹੁਤ ਸਾਰੇ ਕਿਸਾਨ ਅਗਲੀ ਫਸਲ ਬੀਜਣ ਲਈ ਪਰਾਲੀ ਸਾਫ਼ ਕਰਨ ਲਈ ਆਪਣੇ ਖੇਤਾਂ ਨੂੰ ਸਾੜ ਦਿੰਦੇ ਹਨ। ਆਓ ਇਸਨੂੰ ਰੱਖੀਏ।

ਪੰਜਾਬ ਦੀ ਪਰਾਲੀ ਦੀ ਸਥਿਤੀ

ਅੰਕੜਿਆਂ ਅਨੁਸਾਰ, ਹੋਰ ਜ਼ਿਲ੍ਹਿਆਂ ਵਿੱਚੋਂ, ਫਿਰੋਜ਼ਪੁਰ ਵਿੱਚ ਪਰਾਲੀ ਸਾੜਨ ਦੇ 16 ਮਾਮਲੇ, ਪਟਿਆਲਾ ਵਿੱਚ 15 ਅਤੇ ਗੁਰਦਾਸਪੁਰ ਵਿੱਚ ਸੱਤ ਮਾਮਲੇ ਸਾਹਮਣੇ ਆਏ। ਪਿਛਲੇ ਹਫ਼ਤੇ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਵਾਧੇ ਨੂੰ ਦਰਸਾਉਂਦੇ ਹੋਏ, ਪਰਾਲੀ ਸਾੜਨ ਦੀਆਂ ਘਟਨਾਵਾਂ 11 ਅਕਤੂਬਰ ਨੂੰ 116 ਤੋਂ ਵਧ ਕੇ 13 ਅਕਤੂਬਰ ਨੂੰ 308 ਹੋ ਗਈਆਂ। ਪੀਪੀਸੀਬੀ ਦੇ ਅੰਕੜਿਆਂ ਅਨੁਸਾਰ, ਹੁਣ ਤੱਕ 132 ਮਾਮਲਿਆਂ ਵਿੱਚ ਰੁ. 6.5 ਲੱਖ ਤੋਂ ਵੱਧ ਦੇ ਵਾਤਾਵਰਣ ਮੁਆਵਜ਼ਾ ਜੁਰਮਾਨੇ ਲਗਾਏ ਗਏ ਹਨ। ਲਗਾਏ ਗਏ ਹਨ।

ਕੁੱਲ ਜੁਰਮਾਨਿਆਂ ਵਿੱਚੋਂ, ?4.70 ਲੱਖ ਤੋਂ ਵੱਧ ਦੀ ਵਸੂਲੀ ਕੀਤੀ ਗਈ ਹੈ। ਇਸ ਤੋਂ ਇਲਾਵਾ, ਪਰਾਲੀ ਸਾੜਨ ਦੀਆਂ ਘਟਨਾਵਾਂ ਲਈ 147 ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਤਰਨਤਾਰਨ, ਜਿਸ ਵਿੱਚ ਉੱਤਰ ਪ੍ਰਦੇਸ਼ ਵਿੱਚ 61 ਅਤੇ ਅੰਮ੍ਰਿਤਸਰ ਵਿੱਚ 37 ਸ਼ਾਮਲ ਹਨ।

ਭਾਰਤੀ ਦੰਡ ਸੰਹਿਤਾ ਦੀ ਧਾਰਾ 223 (ਜਨਤਕ ਸੇਵਕ ਦੁਆਰਾ ਜਾਰੀ ਹੁਕਮਾਂ ਦੀ ਉਲੰਘਣਾ) ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੰਜਾਬ ਵਿੱਚ 2024 ਵਿੱਚ ਪਰਾਲੀ ਸਾੜਨ ਦੀਆਂ 10,909 ਘਟਨਾਵਾਂ ਦਰਜ ਕੀਤੀਆਂ ਗਈਆਂ, ਜਦੋਂ ਕਿ 2023 ਵਿੱਚ ਇਹ ਗਿਣਤੀ 36,663 ਸੀ।

# 41 ਸਾਲਾਂ ਬਾਅਦ ਵੀ ਸਿੱਖਾਂ ਦੇ ਜ਼ਖ਼ਮ ਅੱਲੇ !

## ਯੂ.ਕੇ. ’ਚ ਉੱਠੀ ’84 ਦੇ ਦੰਗਿਆਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਦੀ ਮੰਗ



ਲੰਡਨ : ਭਾਰਤ ਵਿੱਚ ਕਾਂਗਰਸ ਸਰਕਾਰ ਸਮੇਂ ਹੋਏ ਸਿੱਖ ਵਿਰੋਧੀ ਹਿੰਸਾ ਦੇ ਜ਼ਖ਼ਮ 41 ਸਾਲ ਬੀਤ ਜਾਣ ਤੋਂ ਬਾਅਦ ਵੀ ਅੱਲੇ ਹਨ। ਭਾਰਤ ਵਿੱਚ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਸਿੱਖਸ ਫਾਰ ਜਸਟਿਸ ਯੂ.ਕੇ. ਅਤੇ ਵਿਆਪਕ ਸਿੱਖ ਭਾਈਚਾਰੇ ਵੱਲੋਂ ਯੂ.ਕੇ. ਦੇ ਪ੍ਰਧਾਨ ਮੰਤਰੀ ਦੇ ਨਿਵਾਸ ਸਥਾਨ 10 ਡਾਊਨਿੰਗ ਸਟ ?ਰੀਟ ਵਿੱਚ ਇਕੱਠੇ ਹੋ ਕੇ ਇੱਕ ਮੰਗ ਪੱਤਰ ਦਿੱਤਾ ਗਿਆ। ਇਹ ਮੰਗ ਪੱਤਰ ਪ੍ਰਧਾਨ ਮੰਤਰੀ ਨਿਵਾਸ ’ਤੇ ਸਿੱਖਸ ਫਾਰ ਜਸਟਿਸ ਯੂ.ਕੇ. ਦੇ ਕਾਰਕੁੰਨਾਂ ਗੁਰਚਰਨ ਸਿੰਘ, ਮੰਗਲ ਸਿੰਘ, ਜਸਬੀਰ ਸਿੰਘ ਘੁੰਮਣ ਤੇ ਹੋਰ ਸਾਥੀਆਂ ਨੇ ਯੂ.ਕੇ. ਦੇ ਕਿੰਗ ਚਾਰਲਸ ਦੀ ਸਰਕਾਰ ਨੂੰ ਸੌਂਪਿਆ। ਉਨ੍ਹਾਂ ਕਿਹਾ ਕਿ ਨਵੰਬਰ 1984 ਦੌਰਾਨ ਭਾਰਤ ਵਿੱਚ ਸਿੱਖਾਂ ਉੱਤੇ ਹੋਏ ਅੱਤਿਆਚਾਰਾਂ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ ’ਤੇ ਮਾਨਤਾ ਦਿੱਤੀ ਜਾਵੇ।

ਉਨ੍ਹਾਂ ਨੇ ਮੰਗ ਪੱਤਰ ਵਿੱਚ ਕਿਹਾ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਪੂਰੇ ਭਾਰਤ ਵਿੱਚ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਗਿਆ ਤੇ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਸ ਕਤਲੇਆਮ ਵਿੱਚ ਬਚੇ ਹੋਏ ਲੋਕਾਂ, ਪੱਤਰਕਾਰਾਂ, ਮਨੁੱਖੀ ਅਧਿਕਾਰਾਂ ਦੀਆਂ ਸੰਸਥਾਵਾਂ ਅਤੇ ਸੁਤੰਤਰ ਪੁੱਛਗਿੱਛਾਂ ਦੇ ਸਬੂਤਾਂ ਨੇ ਸ਼ੱਕ ਤੋਂ ਪਰੇ ਇਹ ਸਾਬਤ ਕੀਤਾ ਹੈ ਕਿ ਇਹ ਅੱਤਿਆਚਾਰ ਨਾ ਤਾਂ ਆਪੋ-ਆਪਣੇ ਸਨ ਅਤੇ ਨਾ ਹੀ ਅਲੱਗ-ਥਲੱਗ ਸਨ। ਇਸ ਦੀ ਬਜਾਏ ਉਨ੍ਹਾਂ ਨੂੰ ਸੰਗਠਿਤ ਕੀਤਾ ਗਿਆ, ਕਤਲੇਆਮ ਰਾਜਨੀਤਿਕ ਨੇਤਾਵਾਂ, ਕਾਨੂੰਨ ਲਾਗੂ ਕਰਨ ਵਾਲੇ ਅਤੇ ਸਰਕਾਰੀ ਤੰਤਰ ਦੀ ਸ਼ਮੂਲੀਅਤ ਅਤੇ ਸਰਗਰਮ ਭਾਗੀਦਾਰੀ ਨਾਲ ਕੀਤੇ ਗਏ।

ਆਗੂਆਂ ਨੇ ਕਿਹਾ ਕਿ 1984-1994 ਦਰਮਿਆਨ ਨਵੀਂ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ 30,000 ਤੋਂ ਵੱਧ ਸਿੱਖ ਮਾਰੇ ਗਏ। ਨਵੰਬਰ 1984 ਹਿੰਸਾ ਦੇ ਸਭ ਤੋਂ ਕੇਂਦ੍ਰਿਤ ਦੌਰ ਨੂੰ ਦਰਸਾਉਂਦਾ ਹੈ ਅਤੇ ਬਲਾਤਕਾਰ, ਅੱਗਜ਼ਨੀ ਅਤੇ ਜਬਰੀ ਉਜਾੜੇ ਦੀਆਂ ਵਿਆਪਕ ਘਟਨਾਵਾਂ ਨਿਸ਼ਾਨਾ ਬਣਾਏ ਖੇਤਰਾਂ ਵਿੱਚ ਸਿੱਖ ਭਾਈਚਾਰੇ ਦੀ ਹੋਂਦ ਨੂੰ ਤਬਾਹ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ। ਨਿਆਂ ਦੀਆਂ ਦਸਤਾਵੇਜ਼ੀ ਅਸਫਲਤਾਵਾਂ ਜਿਵੇਂ ਕਿ ਬਹੁਤ ਸਾਰੇ ਰਾਜਨੀਤਿਕ ਨੇਤਾਵਾਂ ਅਤੇ ਅਧਿਕਾਰੀਆਂ ਨੂੰ ਬਚਾਇਆ ਗਿਆ ਹੈ ਜਾਂ ਤਾਂ ਕਦੇ ਵੀ ਮੁਕੱਦਮਾ ਨਹੀਂ ਚਲਾਇਆ ਗਿਆ ਜਾਂ ਜਵਾਬਦੇਹੀ ਤੋਂ ਬਚਾਇਆ ਹੈ। ਮਨੁੱਖੀ ਅਧਿਕਾਰ ਸਮੂਹਾਂ ਦੀਆਂ ਖੋਜਾਂ ਜਿਸ ਵਿੱਚ ਐੱਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਸ਼ਾਮਲ ਹਨ, ਨੇ ਕਿਹਾ ਕਿ ਜੋ ਕਿ ਕਤਲੇਆਮ ਨੂੰ ਸੰਗਠਿਤ ਕਤਲੇਆਮ ਦੇ ਰੂਪ ਵਿੱਚ ਸ਼੍ਰੇਣੀਬੱਧ ਕਰਦੇ ਹਨ ਉਹ ਮਨੁੱਖਤਾ ਦੇ ਵਿਰੁੱਧ ਅਪਰਾਧ ਹਨ। ਸਿੱਖਸ ਫਾਰ ਜਸਟਿਸ ਯੂ.ਕੇ. ਨੇ ਕਿਹਾ ਕਿ 1948 ਦੀ ਨਸਲਕੁਸ਼ੀ ਕਨਵੈਂਨਸ਼ਨ, ਜਿਸ ’ਚ ਯੂਨਾਈਟਿਡ ਕਿੰਗਡਮ ਇੱਕ ਹਸਤਾਖਰਕਰਤਾ ਮੈਂਬਰ ਹੈ, ਨਸਲਕੁਸ਼ੀ ਨੂੰ ਪੂਰੇ ਜਾਂ ਅੰਸ਼ਕ ਰੂਪ ਵਿੱਚ, ਇੱਕ ਰਾਸ਼ਟਰੀ, ਨਸਲੀ, ਜਾਂ ਧਾਰਮਿਕ ਸਮੂਹ ਨੂੰ ਤਬਾਹ ਕਰਨ ਦੇ ਇਰਾਦੇ ਨਾਲ ਕੀਤੇ ਗਏ ਕੰਮਾਂ ਵਜੋਂ ਪਰਿਭਾਸ਼ਿਤ ਕਰਦਾ ਹੈ। 1984 ਦੀ ਸਿੱਖ ਵਿਰੋਧੀ ਹਿੰਸਾ ਦੇ ਆਲੇ-ਦੁਆਲੇ ਦੇ ਸਬੂਤ ਅਤੇ ਗਵਾਹੀਆਂ ਇਸ ਪਰਿਭਾਸ਼ਾ ਨੂੰ ਪੂਰਾ ਕਰਦੀਆਂ ਹਨ। ਇਸ ਲਈ, ਅਸੀਂ ਪ੍ਰਧਾਨ ਮੰਤਰੀ ਅਤੇ ਮਹਾਰਾਜਾ ਚਾਰਲਸ ਦੀ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਰਸਮੀ ਤੌਰ ’ਤੇ ਭਾਰਤ ਵਿੱਚ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾਵੇ ਅਤੇ ਦੁਨੀਆ ਨੂੰ ਯਕੀਨੀ ਬਣਾਉਣ ਲਈ ਸੰਯੁਕਤ ਰਾਸ਼ਟਰ ਸਮੇਤ ਅੰਤਰਰਾਸ਼ਟਰੀ ਫੋਰਮਾਂ ਇਸ ਮਾਮਲੇ ਨੂੰ ਉਠਾਉਣ ਤੇ ਪੀੜਤਾਂ ਅਤੇ ਬਚੇ ਲੋਕਾਂ ਲਈ ਸੱਚਾਈ, ਜਵਾਬਦੇਹੀ ਅਤੇ ਨਿਆਂ ਲਈ ਸਮਰਥਨ ਕਰਨ ਅਤੇ ਮਿਆਦ ਦੇ ਨਾਲ ਸੰਬੰਧਿਤ ਯੂ.ਕੇ. ਆਰਕਾਈਵ ਖੋਲ੍ਹਣਾ ਸ਼ਾਮਲ ਹੈ। ਭਾਰਤ ਤੋਂ ਬਾਹਰ ਬਰਤਾਨੀਆ ਵਿੱਚ ਸਿੱਖ ਭਾਈਚਾਰੇ, ਜੋ ਸਭ ਤੋਂ ਵੱਡੇ ਦੇਸ਼ਾਂ ਵਿੱਚੋਂ ਇੱਕ ਹੈ, ਇਸ ਦੇ ਦਰਦ, ਇਤਿਹਾਸ ਅਤੇ ਨਿਆਂ ਲਈ ਚੱਲ ਰਹੇ ਸੰਘਰਸ਼ ਨੂੰ ਸਵੀਕਾਰ ਕਰਨ ਲਈ ਇਨ੍ਹਾਂ ਘਟਨਾਵਾਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣਾ ਨਾ ਸਿਰਫ਼ ਸਿੱਖਾਂ ਲਈ ਨਿਆਂ ਦਾ ਮਾਮਲਾ ਹੈ ਸਗੋਂ ਮਨੁੱਖੀ ਅਧਿਕਾਰਾਂ, ਜਵਾਬਦੇਹੀ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਸ਼ਾਸਨ ਪ੍ਰਤੀ ਯੂਨਾਈਟਿਡ ਕਿੰਗਡਮ ਦੀ ਵਚਨਬੱਧਤਾ ਦੀ ਪੁਸ਼ਟੀ ਵੀ ਹੈ। ਉਨ੍ਹਾਂ ਕਿਹਾ ਕਿ 1984 ਦੇ ਪੀੜਤਾਂ ਦੇ ਦੁੱਖਾਂ ਨੂੰ ਸਵੀਕਾਰ ਕਰਦੇ ਹੋਏ ਯੂ.ਕੇ. ਸਰਕਾਰ ਇਹ ਯਕੀਨੀ ਬਣਾਉਂਦੇ ਹੋਏ ਇਤਿਹਾਸਕ ਸੱਚਾਈ ਨੂੰ ਦਰਜ ਕਰਦੇ ਹੋਏ ਨਾਲ ਖੜ੍ਹੇ ਹੋਣ।

# ਰਾਜਕੁਮਾਰ ਐਂਡਰਿਊ ਨੇ ਛੱਡੀ ‘ਡਿਊਕ ਆਫ਼ ਯਾਰਕ’ ਦੀ ਸ਼ਾਹੀ ਉਪਾਧੀ



ਲੰਡਨ : ਪ੍ਰਿੰਸ ਐਂਡਰਿਊ ਨੇ ਕਿਹਾ ਕਿ ਯੌਨ ਅਪਰਾਧੀ ਜੈਫਰੀ ਐਪਸਟੀਨ ਨਾਲ ਉਨ੍ਹਾਂ ਦੀ ਦੋਸਤੀ ਮੁੜ ਸੁਰਖੀਆਂ ਵਿਚ ਆਉਣ ਤੋਂ ਬਾਅਦ ਉਹ ‘ਡਿਊਕ ਆਫ਼ ਯਾਰਕ’ ਦੀ ਆਪਣੀ ਸ਼ਾਹੀ ਉਪਾਧੀ ਨੂੰ ਤਿਆਗ ਰਹੇ ਹਨ।

ਰਾਜਕੁਮਾਰ ਐਂਡਰਿਊ ਨੇ ਬਕਿੰਘਮ ਪੈਲੇਸ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਮਹਾਰਾਜਾ ਚਾਰਲਸ-3 ਦੇ ਛੋਟੇ ਭਰਾ ਪ੍ਰਿੰਸ ਐਂਡਰਿਊ ਨੇ ਕਿਹਾ ਕਿ ਉਸ ਨੇ ਅਤੇ ਸ਼ਾਹੀ ਪਰਿਵਾਰ ਨੇ ਫੈਸਲਾ ਕੀਤਾ ਹੈ ਕਿ ਮੇਰੇ ਵਿਰੁੱਧ ਲਗਾਤਾਰ ਲਾਏ ਜਾ ਰਹੇ ਦੋਸ਼ ਮਹਾਰਾਣੀ ਅਤੇ ਸ਼ਾਹੀ ਪਰਿਵਾਰ ਦੇ ਕੰਮ ਵਿਚ ਵਿਘਨ ਪਾਉਣਗੇ।

# ਜਥੇਦਾਰ ਗੜਗੱਜ ਦਾ ਦਸਤਾਰਬੰਦੀ ਸਮਾਗਮ 25 ਅਕਤੂਬਰ ਨੂੰ

ਅੰਮ੍ਰਿਤਸਰ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਬੰਦੀ ਸਮਾਗਮ 25 ਅਕਤੂਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰੱਖਿਆ ਗਿਆ ਹੈ। ਇਸ ਤੋਂ ਪਹਿਲਾਂ 10 ਮਾਰਚ ਨੂੰ ਜਥੇਦਾਰ ਗੜਗੱਜ ਦੀ ਸ਼੍ਰੋਮਣੀ ਕਮੇਟੀ ਨੇ ਆਪਣੇ ਪੱਧਰ 'ਤੇ ਦਸਤਾਰਬੰਦੀ ਕੀਤੀ ਸੀ, ਜਿਸ ਨੂੰ ਨਿਹੰਗ ਸਿੰਘ ਜਥੇਬੰਦੀਆਂ ਸੰਪਰਦਾਵਾਂ ਟਕਸਾਲਾਂ ਤੋਂ ਮਾਨਤਾ ਨਹੀਂ ਸੀ ਪ੍ਰਾਪਤ ਹੋਈ। ਜਿਸ ਕਾਰਨ ਲਗਾਤਾਰ ਚੱਲ ਰਹੇ ਵਿਵਾਦ ਤੋਂ ਬਾਅਦ ਉਪਰੋਕਤਾ ਦੇ ਕਹਿਣ 'ਤੇ ਸ਼੍ਰੋਮਣੀ ਕਮੇਟੀ ਨੇ ਮੁੜ ਸਮਾਗਮ ਰੱਖ ਕੇ ਉਪਰੋਕਤ ਪਾਸੋਂ ਮਾਨਤਾ ਪ੍ਰਾਪਤ ਕਰਨ ਲਈ ਜਥੇਦਾਰ ਗੜਗੱਜ ਦੀ ਮੁੜ ਦਸਤਾਰਬੰਦੀ ਕਰਨ ਦਾ ਫੈਸਲਾ ਲਿਆ ਹੈ।



ਪਿਛਲੇ ਲੰਘੇ ਸਮਾਗਮਾਂ ਵਿੱਚ ਜਥੇਦਾਰ ਨੂੰ ਵੱਖ-ਵੱਖ ਵਿਰੋਧ ਝੱਲਣੇ ਪਏ ਹਨ, ਜਿਸ ਵਿੱਚ ਮੁੱਖ ਤੌਰ ਤੇ 6 ਜੂਨ ਅਤੇ ਬੰਦੀ ਛੋੜ ਦਿਵਸ ਦਾ ਸਮਾਗਮ ਸ਼ਾਮਲ ਹੈ । ਇਸ ਤੋਂ ਬਾਅਦ ਹੁਣ ਸ਼੍ਰੋਮਣੀ ਕਮੇਟੀ ਨੇ ਇਹ ਸਮਾਗਮ ਰੱਖ ਕੇ ਪੱਤਰ ਜਾਰੀ ਕੀਤਾ ਹੈ। ਜਿਸ ਵਿੱਚ ਸਕੱਤਰ ਪ੍ਰਤਾਪ ਸਿੰਘ ਨੇ ਮੁਖੀਆਂ ਨੂੰ ਬੇਨਤੀ ਕੀਤੀ ਹੈ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਮੁੱਖ ਰੱਖਦਿਆਂ, ਸਿੰਘ ਸਾਹਿਬ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਮੂਹ ਨਿਹੰਗ ਸਿੰਘ ਦਲ ਪੰਥਾਂ, ਸਿੱਖ ਸੰਪਰਦਾਵਾਂ, ਜਥੇਬੰਦੀਆਂ ਅਤੇ ਮਹਾਪੁਰਖਾਂ ਵੱਲੋਂ ਮਾਨ ਸਨਮਾਨ ਦੇ ਕੇ ਪੰਥਕ ਜਿੰਮੇਵਾਰੀ ਸੌਂਪਣ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ (ਰੋਪੜ) ਵਿਖੇ 25 ਅਕਤੂਬਰ ਨੂੰ ਸਵੇਰੇ 10 ਵਜੇ ਵਿਸ਼ੇਸ਼ ਸਮਾਗਮ ਹੋਵੇਗਾ। ਇਸ ਸਮਾਗਮ ਸਮੇਂ ਸ਼ਾਮਲ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ 20 ਅਕਤੂਬਰ ਨੂੰ ਇਹ ਸਮਾਗਮ ਰੱਖਣ ਸਬੰਧੀ ਸ਼੍ਰੋਮਣੀ ਕਮੇਟੀ ਵਿਚਾਰ ਕਰ ਰਹੇ ਸੀ ਪ੍ਰੰਤੂ ਬੰਦੀ ਛੋੜ ਦਿਵਸ ਹੋਣ ਕਾਰਨ ਇਸ ਸਮਾਗਮ ਨੂੰ ਅਗਾਂਹ ਪਾਇਆ ਗਿਆ ਜੋ ਹੁਣ 25 ਅਕਤੂਬਰ ਨੂੰ ਰੱਖਿਆ ਗਿਆ ਹੈ।

# ਪੁੱਤ ਦੀ ਸ਼ੱਕੀ ਹਾਲਾਤ 'ਚ ਮੌਤ ਸੰਬੰਧੀ ਮੁਹੰਮਦ ਮੁਸਤਫਾ ਤੇ ਰਜ਼ੀਆ ਸੁਲਤਾਨਾ ਸਮੇਤ ਚਾਰ ਖ਼ਿਲਾਫ਼ ਮਾਮਲਾ ਦਰਜ





ਪੰਚਕੂਲਾ : ਪੰਜਾਬ ਦੇ ਸਾਬਕਾ ਡੀ. ਜੀ. ਪੀ. ਮੁਹੰਮਦ ਮੁਸਤਫਾ ਦੇ ਪੁੱਤਰ ਅਕੀਲ ਅਖ਼ਤਰ ਦੀ ਸ਼ੱਕੀ ਹਾਲਾਤ 'ਚ ਹੋਈ ਮੌਤ ਦੇ ਮਾਮਲੇ 'ਚ ਪੰਚਕੂਲਾ ਦੇ ਐਮ. ਡੀ. ਸੀ. ਥਾਣੇ ਦੀ ਪੁਲਿਸ ਵਲੋਂ ਚਾਰ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸੰਬੰਧੀ ਪੰਚਕੂਲਾ ਦੀ ਡੀ. ਸੀ. ਪੀ. ਸ੍ਰਿਸ਼ਟੀ ਗੁਪਤਾ ਨੇ ਦੱਸਿਆ ਕਿ ਮਲੇਰਕੋਟਲਾ ਦੇ ਰਹਿਣ ਵਾਲੇ ਸ਼ਮਸੁੱਦੀਨ ਚੌਧਰੀ ਵਲੋਂ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ ਸੀ, ਜਿਸ ਵਿਚ ਸਾਬਕਾ ਡੀ. ਜੀ. ਪੀ. ਦੇ ਪੁੱਤਰ ਅਕੀਲ ਅਖ਼ਤਰ ਦੀ ਮੌਤ ਦੀ ਜਾਂਚ ਦੀ ਮੰਗ ਕੀਤੀ ਗਈ ਸੀ, ਜਿਸ ਤੋਂ ਬਾਅਦ ਪੁਲਿਸ ਨੇ ਪੰਜਾਬ ਦੇ ਸਾਬਕਾ ਡੀ. ਜੀ. ਪੀ. ਮੁਹੰਮਦ ਮੁਸਤਫਾ, ਉਨ੍ਹਾਂ ਦੀ ਪਤਨੀ ਸਾਬਕਾ ਕੈਬਨਿਟ ਮੰਤਰੀ ਪੰਜਾਬ ਰਜ਼ੀਆ ਸੁਲਤਾਨਾ, ਧੀ ਅਤੇ ਨੂੰ ਹ (ਮਿ੍ਰਤਕ ਦੀ ਪਤਨੀ) ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਅਕੀਲ ਅਖ਼ਤਰ ਵਲੋਂ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਵੀਡੀਓ, ਮੋਬਾਈਲ ਤੇ ਡਾਇਰੀ ਦੀ ਜਾਂਚ ਕੀਤੀ ਜਾਵੇਗੀ ਤੇ ਜਲਦ ਹੀ ਪੋਸਟਮਾਰਟਮ ਦੀ ਵਿਸਰਾ ਰਿਪੋਰਟ ਆ ਜਾਵੇਗੀ, ਜਿਸ ਤੋਂ ਬਾਅਦ ਮੌਤ ਦੇ ਅਸਲ ਕਾਰਨਾਂ ਦਾ ਖੁਲਾਸਾ ਹੋਵੇਗਾ। ਉਨ੍ਹਾਂ ਦੱਸਿਆ ਕਿ ਪੰਚਕੂਲਾ ਦੇ ਮਾਤਾ ਮਨਸਾ ਦੇਵੀ ਖੇਤਰ 'ਚ ਪੰਜਾਬ ਦੇ ਸਾਬਕਾ ਡੀ. ਜੀ. ਪੀ. ਮੁਹੰਮਦ ਮੁਸਤਫਾ ਦੇ ਪੁੱਤਰ ਅਕੀਲ ਦੀ ਮੌਤ ਦੇ ਮਾਮਲੇ ਵਿਚ ਪੁਲਿਸ ਨੇ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫਾ ਸਮੇਤ ਚਾਰ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਡੀ. ਸੀ. ਪੀ. ਨੇ ਦੱਸਿਆ ਕਿ ਅਕੀਲ ਅਖ਼ਤਰ ਦੀ ਮੌਤ 16 ਅਕਤੂਬਰ ਨੂੰ ਹੋਈ ਸੀ। ਉਨ੍ਹਾਂ ਕਿਹਾ ਕਿ ਮ੍ਰਿਤਕ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ ਸੀ ਅਤੇ ਸ਼ਿਕਾਇਤ 'ਚ ਲਾਏ ਗਏ ਸਾਰੇ ਦੋਸ਼ ਪਰਿਵਾਰ ਦੇ ਮੈਂਬਰਾਂ ਖ਼ਿਲਾਫ਼ ਹਨ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਸ਼ਮਸੁੱਦੀਨ ਚੌਧਰੀ ਮਲੇਰਕੋਟਲਾ ਦੇ ਰਹਿਣ ਵਾਲੇ ਹਨ ਅਤੇ ਪਰਿਵਾਰ ਦੇ ਜਾਣਕਾਰ ਹਨ। ਉਨ੍ਹਾਂ ਦੇ ਦੋਸ਼ਾਂ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਆਈ ਵੀਡੀਓ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੀਡੀਓ ਵਿਚ ਜਿਸ ਡਾਇਰੀ ਦਾ ਜ਼ਿਕਰ ਕੀਤਾ ਗਿਆ ਹੈ, ਉਸ ਦੀ ਭਾਲ ਕਰਕੇ ਉਸ ਨੂੰ ਸੀਜ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਲਈ ਐਸ. ਆਈ. ਟੀ. ਦਾ ਗਠਨ ਕੀਤਾ ਗਿਆ ਹੈ, ਤਾਂ ਜੋ ਜਾਂਚ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਹੋਵੇ ਤੇ ਸਾਇੰਟਿਫਿਕ ਸਬੂਤਾਂ ਦੇ ਆਧਾਰ 'ਤੇ ਨਤੀਜੇ ਨਿਕਲਣ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਰਿਹਾਅ ਕੀਤੇ ਜਾਣ ਬੰਦੀ ਸਿੱਖ : ਵਿਕਰਮਜੀਤ ਸਿੰਘ ਸਾਹਨੀ

ਚੰਡੀਗੜ੍ਹ : ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਬੰਦੀ ਸਿੱਖਾਂ ਦੀ ਤੁਰੰਤ ਰਿਹਾਈ ਦੀ ਅਪੀਲ ਕੀਤੀ। ਉਨ੍ਹਾਂ ਨੇ ਦਿੱਲੀ ਸਰਕਾਰ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਸਜ਼ਾ ਸਮੀਖਿਆ ਬੋਰਡ ਦੀ ਤੁਰੰਤ ਮੀਟਿੰਗ ਬੁਲਾਵੇ। ਉਨ੍ਹਾਂ ਕਿਹਾ ਕਿ 1993 ਤੋਂ ਜੇਲ੍ਹ 'ਚ ਬੰਦ ਦਵਿੰਦਰ ਪਾਲ ਸਿੰਘ ਭੁੱਲਰ ਦੀ ਜਲਦੀ ਰਿਹਾਈ ਲਈ ਸਮੀਖਿਆ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਦੇਰੀ ਤੋਂ ਸਜ਼ਾ ਸਮੀਖਿਆ ਬੋਰਡ ਦੀ ਮੀਟਿੰਗ ਬੁਲਾ ਕੇ ਨਿਆਂ ਦੀ ਭਾਵਨਾ ਨੂੰ ਕਾਇਮ ਰੱਖਣ ਤੇ 5 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਮੌਕੇ ਰਿਹਾਈ ਦਾ ਸਮਾਂ ਨਿਰਧਾਰਤ ਕਰਨ।



ਉਨ੍ਹਾਂ ਕਿਹਾ ਕਿ ਭੁੱਲਰ ਨੇ ਤਿੰਨ ਦਹਾਕੇ ਤੋਂ ਵੱਧ ਸਮੇਂ ਦੀ ਕੈਦ ਪੂਰੀ ਕਰ ਲਈ ਹੈ ਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਨਿਰਪੱਖ ਸਮੀਖਿਆ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਨੇ ਪਹਿਲਾਂ 21 ਦਸੰਬਰ 2023 ਨੂੰ ਹੋਈ ਸਜ਼ਾ ਸਮੀਖਿਆ ਬੋਰਡ ਦੀ ਆਖ਼ਰੀ ਮੀਟਿੰਗ 'ਚ ਉਸ ਦੀ ਰਿਹਾਈ ਦੀ ਸਿਫ਼ਾਰਸ਼ ਕੀਤੀ ਸੀ ਪਰ ਪ੍ਰਸਤਾਵ ਨੂੰ 6:1 ਵੋਟ ਨਾਲ ਰੱਦ ਕਰ ਦਿੱਤਾ ਗਿਆ ਸੀ । ਡਾ. ਸਾਹਨੀ ਪਹਿਲਾਂ ਹੀ ਜਗਤਾਰ ਸਿੰਘ ਹਵਾਰਾ ਲਈ ਪੈਰੋਲ ਦੀ ਮੰਗ ਕਰ ਚੁੱਕੇ ਹਨ, ਜਿਨ੍ਹਾਂ ਦੀ ਮਾਂ ਬਿਮਾਰ ਹੈ।

# ਮਿਸ਼ਨ ਚੜ੍ਹਦੀਕਲਾ ਤਹਿਤ ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ ਚਾਰ ਪਿੰਡਾਂ ਨੂੰ ਦਿੱਤੇ ਮੁਆਵਜ਼ੇ ਦੇ ਚੈਕ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਹਲਕਾ ਟਾਂਡਾ ਦੇ ਚਾਰ ਪਿੰਡ ਤੱਲਾ, ਭੁੱਲਪੁਰ ਪੁਲ ਪੁਖਤਾ ਅਤੇ ਨੇਕਨਾਮਪੁਰ ਪਿੰਡ ਨੂੰ ਲਗਭਗ 27 ਲੱਖ ਦੇ ਕਰੀਬ ਫਸਲਾਂ ਦੇ ਨੁਕਸਾਨ ਦਾ ਮੁਆਵਜਾ ਦਿੱਤਾ ਗਿਆ ਆਪਣੇ ਦਫਤਰ ਟਾਂਡਾ 'ਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਨਾ ਸਿਰਫ਼ ਵਾਅਦੇ ਕਰਦੀ ਹੈ ਸਗੋਂ ਉਨ੍ਹਾਂ ਨੂੰ ਸਮੇਂ ਸਿਰ ਪੂਰਾ ਵੀ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਯਤਨਾਂ ਨੇ ਸੂਬੇ ਵਿੱਚ ਜਨਤਾ ਦਾ ਵਿਸ਼ਵਾਸ ਵਧਾਇਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਪਿੰਡਾਂ ਲਈ ਫਸਲ ਮੁਆਵਜ਼ੇ ਦੀ ਕਿਸ਼ਤਾਂ ਲਗਾਤਾਰ ਦਿਤੀਆਂ ਜਾਣਗੀਆਂ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਪ੍ਰਭਾਵਿਤ ਵਿਅਕਤੀ ਨੂੰ ਮੁਆਵਜ਼ੇ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ। ਇਸ ਮੌਕੇ ਚਾਰ ਪਿੰਡਾਂ ਦੇ ਲੋਕਾਂ ਨੇ ਸਰਕਾਰ ਦਾ ਧੰਨਵਾਦ ਕੀਤਾ।

# ਵਿਧਾਇਕ ਜਸਵੀਰ ਸਿੰਘ ਰਾਜਾ ਵੱਲੋਂ ਬਲਾਕ ਲੈਵਲ ਦੀਆਂ ਖੇਡਾਂ ਦੀ ਕੀਤੀ ਗਈ ਸ਼ੁਰੂਆਤ



ਹੁਸ਼ਿਆਰਪੁਰ/ਟਾਂਡਾ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਅੱਜ ਪੂਰੇ ਪੰਜਾਬ ਦੇ ਵਿੱਚ ਅੱਜ ਖੇਡਾਂ ਦੀ ਸ਼ੁਰੂਆਤ ਹੋਈ ਪ੍ਰੈਸ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪੰਜਾਬ ਦੇ ਉਪ ਪ੍ਰਧਾਨ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆਕਿ ਖੇਡਾਂ ਬਲੋਕ ਲੈਵਲ ਤੇ ਕਰਵਾਈਆਂ ਜਾ ਰਹੀਆਂ ਹਨ ਇਹ ਖੇਡਾਂ ਵਿੱਚ ਜਿਹੜੇ ਜਿਹੜੇ ਖਿਡਾਰੀ ਪਹਿਲੀ ਪੁਜਿਸ਼ਨ ਤੇ ਆਉਣਗੇ ਤਾਂ ਉਹਨਾਂ ਨੂੰ ਡਿਸਟਰਿਕਟ ਲੈਵਲ ਤੇ ਖਿਡਾਇਆ ਜਾਵੇਗਾ। ਇਹ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਉਪਰਾਲਾ ਹੈ ਅਤੇ ਇਸ ਦੇ ਨਾਲ ਜਿੱਥੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਉਹਨਾਂ ਨੂੰ ਸਰੀਰਕ ਬਲ ਸ਼ਕਤੀ ਮਿਲੇਗੀ ਅਤੇ ਉੱਥੇ ਉਨ੍ਹਾਂ ਦਾ ਅੰਤਰਰਾਸ਼ਟਰੀ ਲੇਵਲ ਤੇ ਖੇਡਣ ਲਈ ਉਨ੍ਹਾਂ ਦਾ ਮਨੋਬਲ ਵਧੇਗਾ ਇਹ ਖੇਡਾ ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਕਾਰ ਵਲੋਂ ਹਰ ਇਕ ਸਹੂਲਤ ਮਿਲੇਗੀ।

# ਲੁਧਿਆਣਾ: ਦੀਵਾਲੀ ਮੌਕੇ 25 ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ

ਲੁਧਿਆਣਾ : ਇੱਥੋਂ ਦੇ ਫਾਇਰ ਬ੍ਰਿਗੇਡ ਵਿਭਾਗ ਨੂੰ ਦੀਵਾਲੀ ਦੀ ਰਾਤ ਨੂੰ ਲਗਪਗ 25 ਅੱਗ ਲੱਗਣ ਦੀਆਂ ਘਟਨਾਵਾਂ ਬਾਰੇ ਕਾਲਾਂ ਪ੍ਰਾਪਤ ਹੋਈਆਂ, ਜਿਸ ਕਾਰਨ ਫਾਇਰਮੈਨ ਪੂਰੀ ਰਾਤ ਚੌਕਸ ਰਹੇ। ਇਨ੍ਹਾਂ ਕਾਲਾਂ ਵਿੱਚੋਂ ਕੁਝ ਹੀ ਵੱਡੀਆਂ ਸਨ ਅਤੇ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।



ਸਹਾਇਕ ਡਿਵੀਜ਼ਨਲ ਫਾਇਰ ਸੇਫਟੀ ਅਫ਼ਸਰ ਜਸਵਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਦੀਵਾਲੀ ਦੀ ਰਾਤ ਨੂੰ ਲਗਪਗ 20 ਅੱਗ ਦੀਆਂ ਕਾਲਾਂ ਪ੍ਰਾਪਤ ਹੋਈਆਂ ਜਦੋਂ ਕਿ ਪੰਜ ਸਵੇਰੇ ਪ੍ਰਾਪਤ ਹੋਈਆਂ। ਫਾਇਰਮੈਨਾਂ ਨੇ ਤੁਰੰਤ ਸਾਰੀਆਂ ਸੂਚਨਾਵਾਂ ਤੇ ਪ੍ਰਤੀਕਿਰਿਆ ਦਿੱਤੀ ਅਤੇ ਘੱਟ ਘੱਟ ਸੰਭਵ ਸਮੇਂ ਵਿੱਚ ਮੌਕੇ ਤੇ ਪਹੁੰਚ ਗਏ। ਸਟਾਰ ਸਿਟੀ ਕਾਲੋਨੀ ਵਿੱਚ ਇੱਕ ਰਹਿੰਦ ਖੂੰਹਦ ਦਾ ਗੋਦਾਮ ਪਟਾਕੇ ਦੀ ਚੰਗਿਆੜੀ ਕਾਰਨ ਅੱਗ ਦੀ ਲਪੇਟ ਵਿੱਚ ਆ ਗਿਆ ਅਤੇ ਇਹ ਰਿਪੋਰਟ ਕੀਤੀਆਂ ਗਈਆਂ ਵੱਡੀਆਂ ਅੱਗ ਦੀਆਂ ਘਟਨਾਵਾਂ ਵਿੱਚੋਂ ਇੱਕ ਸੀ। ਅੱਗ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਸੁਰੱਖਿਆ ਲਈ ਇਲਾਕੇ ਦੇ ਵਸਨੀਕਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢਿਆ ਗਿਆ। ਅੱਗ ਦੀਆਂ ਲਪਟਾਂ ਇੰਨੀਆਂ ਤੇਜ਼ ਸਨ ਕਿ ਨੇੜਲੇ ਘਰਾਂ ਦੀਆਂ ਕੰਧਾਂ ਵਿੱਚ ਤਰੇੜਾਂ ਆ ਗਈਆਂ ਅਤੇ ਬਿਜਲੀ ਦੀਆਂ ਤਾਰਾਂ ਦੇ ਸੜਨ ਕਾਰਨ ਪੂਰੀ ਕਲੋਨੀ ਵਿੱਚ ਹਨੇਰਾ ਛਾ ਗਿਆ। ਏਡੀਐੱਫਓ ਸਿੰਘ ਨੇ ਅੱਗੇ ਕਿਹਾ, ਚਾਰ ਫਾਇਰ ਟੈਂਡਰਾਂ ਨੇ ਅੱਗ ਤੇ ਕਾਬੂ ਪਾਉਣ ਲਈ ਦੇਰ ਰਾਤ ਤੱਕ ਮੁਸ਼ੱਕਤ ਕੀਤੀ। ਸਥਾਨਕ ਲੋਕਾਂ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਦੀ ਪਾਬੰਦੀ ਦੇ ਬਾਵਜੂਦ, ਗੋਦਾਮ ਮਾਲਕ ਖੁੱਲ੍ਹੇ ਪਲਾਟ ਵਿੱਚ ਉਨ ਦੀ ਰਹਿੰਦ ਖੂੰਹਦ ਦਾ ਭੰਡਾਰ ਕਰ ਰਿਹਾ ਸੀ। ਇੱਕ ਹੋਰ ਵੱਡੀ ਘਟਨਾ ਵਿੱਚ ਕੱਪੜੇ ਦੀ ਫੈਕਟਰੀ ਵਿੱਚ ਅੱਗ ਲੱਗ ਗਈ। ਕਰਨ ਕੁਮਾਰ ਨੇ ਦੱਸਿਆ ਕਿ ਫੈਕਟਰੀ ਦੇ ਕੂੜੇ ਨੂੰ ਲੱਗਣ ਤੋਂ ਬਾਅਦ ਅੱਗ ਫੈਲ ਗਈ। ਫੈਕਟਰੀ ਕਰਮਚਾਰੀਆਂ ਨੇ ਤੁਰੰਤ ਅੱਗ ਬੁਝਾਊ ਯੰਤਰਾਂ ਦੀ ਵਰਤੋਂ ਕੀਤੀ ਅਤੇ ਅੱਗ ਤੇ ਕਾਬੂ ਪਾ ਲਿਆ। ਵੱਖ-ਵੱਖ ਥਾਵਾਂ ਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਨ ਦੌਰਾਨ ਕਿਸੇ ਵੱਡੇ ਨੁਕਸਾਨ ਤੋਂ ਬਚਾਅ ਰਿਹਾ।

# ਬੰਦੀ ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ’ਚ ਸੰਗਤ ਨਤਮਸਤਕ

**• ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਕੌਮ ਦੇ ਨਾਂਅ ਸੰਦੇਸ਼ • ਲੰਮੇ ਸਮੇਂ ਤੋਂ ਜੇਲ੍ਹਾਂ ’ਚ ਬੰਦ ਸਿੰਘਾਂ ਨੂੰ ਸਰਕਾਰ ਤੁਰੰਤ ਰਿਹਾਅ ਕਰੇ**









ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀਛੋੜ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਜਿਥੇ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ, ਉਥੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਤੇ ਕਵੀਆਂ ਨੇ ਗੁਰਬਾਣੀ ਕੀਰਤਨ ਤੇ ਇਤਿਹਾਸ ਦੁਆਰਾ ਸੰਗਤ ਨਾਲ ਸਾਂਝ ਪਾਈ। ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂਅ ਸੰਦੇਸ਼ ਦਿੰਦਿਆਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਦੇ ਨਾਲ-ਨਾਲ ਸਿੱਖਾਂ ਨਾਲ ਹੋ ਰਹੇ ਵਿਤਕਰੇ-ਵਖਰੇਵੇਂ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਦਅਦਬੀਆਂ ਦੀਆਂ ਘਟਨਾਵਾਂ, ਸਿੱਖ ਕਕਾਰਾਂ ’ਤੇ ਹੁੰਦੇ ਸਵਾਲ ਤੇ ਸਿੱਖ ਸੰਸਥਾਵਾਂ ’ਤੇ ਗਹਿਰੀ ਸਾਜਿਸ਼ ਤਹਿਤ ਕਬਜ਼ੇ ਦੀਆਂ ਚਾਲਾਂ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਪੰਥਕ ਏਕਤਾ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਸਿੱਖਾਂ ਨੂੰ ਇਕ ਅਜਿਹਾ ਤਖ਼ਤ ਬਖ਼ਸ਼ਿਆ ਹੈ, ਜਿਹੜਾ ਹਮੇਸ਼ਾ ਹੱਕ, ਸੱਚ, ਨਿਆਂ ਤੇ ਧਰਮ ਦੇ ਬੋਲਬਾਲਿਆਂ ਲਈ ਸੇਧ ਦਿੰਦਾ ਹੈ। ਉਨ੍ਹਾਂ ਕਿਹਾ ਕਿ ਬੰਦੀ ਛੋੜ ਦਿਵਸ ਮੌਕੇ ਸਮੁੱਚਾ ਖ਼ਾਲਸਾ ਪੰਥ ਪੰਥਕ ਰਵਾਇਤਾਂ ਮੁਤਾਬਿਕ ਇਥੇ ਸਿਰ ਜੋੜ ਕੇ ਬੈਠਦਾ ਹੈ ਤੇ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਰਣਨੀਤੀ ਬਣਾਉਂਦਾ ਹੈ। ਗਿਆਨੀ ਕੁਲਦੀਪ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਵਲੋਂ ਤਿਲਕ-ਜੰਞੂ ਦੀ ਰਾਖੀ ਕਰਦਿਆਂ ਦਿੱਤੀ ਅਦੁੱਤੀ ਸ਼ਹਾਦਤ ਦੇ 350 ਸਾਲਾ ਮੌਕੇ ਉਨ੍ਹਾਂ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਸ਼ਹਾਦਤਾਂ ਸਾਡਾ ਮਾਰਗਦਰਸ਼ਨ ਕਰਦੀਆਂ ਹਨ ਤੇ ਹਰ ਧਰਮ ਦੇ ਲੋਕਾਂ ਨੂੰ ਆਪੋ-ਆਪਣੇ ਧਰਮ ਅਨੁਸਾਰ ਧਾਰਮਿਕ ਚਿੰਨ੍ਹ ਪਹਿਨ ਕੇ ਵਿਚਰਨ ਤੇ ਆਜ਼ਾਦੀ ਨਾਲ ਰਹਿਣ ਦੀ ਗਵਾਹੀ ਭਰਦੀਆਂ ਹਨ, ਪਰ ਦੁੱਖ ਦੀ ਗੱਲ ਹੈ ਕਿ ਅੱਜ ਸਿੱਖਾਂ ਦੇ ਕਕਾਰ ਉਤਰਵਾਉਣ ਦੀਆਂ ਆਉਂਦੀਆਂ ਘਟਨਾਵਾਂ ਦੱਸਦੀਆਂ ਹਨ ਕਿ ਮੌਜੂਦਾ ਹੁਕਮਰਾਨ ਵੀ ਉਸ ਸਮੇਂ ਦੇ ਹਾਕਮਾਂ ਵਾਂਗ ਸੌੜੀ ਸੋਚ ਰੱਖ ਕੇ ਸਾਡੀ ਪਛਾਣ ਨੂੰ ਖ਼ਤਮ ਕਰਨ ਦੀ ਮਨਸ਼ਾ ਰੱਖਦੇ ਹਨ। ਉਨ੍ਹਾਂ ਲੰਮੇ ਸਮੇਂ ਤੋਂ ਜੇਲ੍ਹਾਂ ’ਚ ਨਜ਼ਰਬੰਦ ਸਿੰਘਾਂ ਭਾਈ ਜਗਤਾਰ ਸਿੰਘ ਹਵਾਰਾ, ਭਾਈ ਗੁਰਦੀਪ ਸਿੰਘ ਖੈਰਾ, ਭਾਈ ਦਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ ਤੇ ਹੋਰ ਸਿੰਘਾਂ ਤੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਹੱਕ ਦੀ ਗੱਲ ਕਰਦਿਆਂ ਸਰਕਾਰ ਪਾਸੋਂ ਤੁਰੰਤ ਰਿਹਾਈ ਦੀ ਮੰਗ ਕੀਤੀ। ਗਿਆਨੀ ਗੜਗੱਜ ਨੇ ਸਰਕਾਰ ਵਲੋਂ 2019 ’ਚ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਜਾਰੀ ਕੀਤੇ ਨੋਟੀਫਿਕੇਸ਼ਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਨੂੰ ਆਪਣੇ ਫ਼ੈਸਲੇ ’ਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ ਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰਨਾ ਚਾਹੀਦਾ ਹੈ। ਜਥੇਦਾਰ ਗੜਗੱਜ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਬਦੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਹਰ ਗੁਰਦੁਆਰਾ ਸਾਹਿਬ ’ਚ ਪਹਿਰੇਦਾਰੀ ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨੇ ਲਾਜ਼ਮੀ ਬਣਾਏ ਜਾਣ ਲਈ ਕਿਹਾ। ਉਨ੍ਹਾਂ ਪਾਕਿ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਬੰਦ ਪਿਆ ਲਾਂਘਾ ਖੋਲ੍ਹਣ ਦੀ ਵੀ ਮੰਗ ਕੀਤੀ। ਉਨ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਦਿੱਲੀ ਵਿਖੇ ਹੋ ਰਹੇ ਸਮਾਗਮਾਂ ਸਮੇਂ ਵੱਧ ਤੋਂ ਵੱਧ ਸੰਗਤਾਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਵੀ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸਮੁੱਚੇ ਸਿੱਖ ਜਗਤ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਗੁਰਬਚਨ ਸਿੰਘ ਕਰਮੂੰਵਾਲਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮਗਵਿੰਦਰ ਸਿੰਘ ਖਾਪੜਖੇੜੀ, ਅਮਰਜੀਤ ਸਿੰਘ ਬੰਡਾਲਾ, ਅਮਰਜੀਤ ਸਿੰਘ ਭਲਾਈਪੁਰ, ਬਲਵਿੰਦਰ ਸਿੰਘ ਵੇਈਂਪੂਈ, ਦਰਸ਼ਨ ਸਿੰਘ ਬਰਾੜ, ਹਰਭਜਨ ਸਿੰਘ ਮਸਾਣਾ, ਭਾਈ ਅਜੈਬ ਸਿੰਘ ਅਭਿਆਸੀ, ਅਕਾਲੀ ਆਗੂ ਸੁੱਚਾ ਸਿੰਘ ਲੰਗਾਹ, ਓ.ਐਸ.ਡੀ. ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਪ੍ਰੀਤਪਾਲ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਆਦਿ ਹਾਜ਼ਰ ਸਨ।

## ਜਥੇਦਾਰ ਗੜਗੱਜ ਨੇ ਬੰਦੀ ਛੋੜ ਦਿਵਸ ਮੌਕੇ ਸ਼ੇਰ-ਏ-ਪੰਜਾਬ ਦੇ ਰਾਮ ਬਾਗ ਸਥਿਤ ਹਵਾ ਮਹਿਲ ਵਿਖੇ ਦੀਵੇ ਜਗਾ ਕੇ ਕੀਤੀ ਦੀਪਮਾਲਾ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਬੰਦੀ ਛੋੜ ਦਿਵਸ ਮੌਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅੰਮ੍ਰਿਤਸਰ ਸਥਿਤ ਰਾਮ ਬਾਗ ਵਿਚ ਸਥਿਤ ਹਵਾ ਮਹਿਲ ਦੇ ਨਿਸ਼ਾਨ ਸਾਹਿਬ ਵਿਖੇ ਦੇਸੀ ਘਿਓ ਦੇ ਦੀਵੇ ਜਗਾ ਕੇ ਉਨ੍ਹਾਂ ਨੂੰ ਸਤਿਕਾਰ ਭੇਟ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਅਣਗਹਿਲੀ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਬੰਦੀ ਛੋੜ ਦਿਵਸ ਦੀਵਾਲੀ ਮੌਕੇ ਮਹਾਰਾਜਾ ਰਣਜੀਤ ਸਿੰਘ ਦੇ ਹਵਾ ਮਹਿਲ ਵਿਖੇ ਸਰਕਾਰ ਵਲੋਂ ਕੋਈ ਰੌਸ਼ਨੀ ਜਾਂ ਦੀਪਮਾਲਾ ਦਾ ਪ੍ਰਬੰਧ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਇਸ ਦੇ ਉਲਟ ਰਾਮਬਾਗ ਸਥਿਤ ਕਲੱਬਾਂ ਤੇ ਸ਼ਰਾਬਖ਼ਾਨਿਆਂ ਵਿਖੇ ਲਾਈਟਾਂ ਤੇ ਲੜੀਆਂ ਜਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਕਾਰਗੁਜ਼ਾਰੀ ਦਰਸਾਉਂਦੀ ਹੈ ਕਿ ਪੰਜਾਬ ਸਰਕਾਰ ਸਿੱਖ ਸਰੋਕਾਰਾਂ ਤੇ ਵਿਰਾਸਤ ਪ੍ਰਤੀ ਸੁਹਿਰਦ ਨਹੀਂ। ਹਵਾ ਮਹਿਲ ਵਿਖੇ ਦੀਵੇ ਜਗਾਉਣ ਵੇਲੇ ਜਥੇਦਾਰ ਗੜਗੱਜ ਦੇ ਨਾਲ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਜਸਕਰਨ ਸਿੰਘ ਅਤੇ ਹੋਰ ਨੁਮਾਇੰਦੇ ਵੀ ਮੌਜੂਦ ਸਨ।



ਉਨ੍ਹਾਂ ਕਿਹਾ ਕਿ ਬੜੇ ਹੀ ਦੁੱਖ ਦੀ ਗੱਲ ਹੈ ਕਿ ਜਦੋਂ ਬੰਦੀ ਛੋੜ ਦਿਵਸ ’ਤੇ ਦੀਵਾਲੀ ਮੌਕੇ ਸਾਰਾ ਅੰਮ੍ਰਿਤਸਰ ਸ਼ਹਿਰ ਜਗਮਗਾਇਆ ਹੈ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਵਿਖੇ ਘੁੱਪ ਹਨ੍ਹੇਰਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾਅਵਾ ਕਰਦੀ ਹੈ ਕਿ ਉਹ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਸਤਿਕਾਰ ਕਰਦੀ ਹੈ ਪਰ ਇੱਥੇ ਹਾਲਾਤ ਵੇਖ ਕੇ ਸੱਚਾਈ ਸਭ ਦੇ ਸਾਹਮਣੇ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਸਮੇਤ ਪ੍ਰਮੁੱਖ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਦਾ ਸਨਮਾਨ

ਅੰਮ੍ਰਿਤਸਰ : ਬੰਦੀ ਛੋੜ ਦਿਵਸ ਦਿਵਾਲੀ ਮੌਕੇ ਸਮੂਹ ਨਿਹੰਗ ਸਿੰਘ ਦਲ ਜਥੇਬੰਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਾਏ ਸਮਾਗਮ ਦੌਰਾਨ ਪੰਥਕ ਰਵਾਇਤ ਅਨੁਸਾਰ ਇਕੱਤਰ ਹੋਈਆਂ ਅਤੇ ਗੁਰੂ ਸਾਹਿਬ ਦੇ ਸਨਮੁਖ ਨਤਮਸਤਕ ਹੋਈਆਂ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ ਗੁਰੂ ਸਾਹਿਬਾਨ ਵਲੋਂ ਸਾਜੇ ਨਿਵਾਜੇ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਤੇ ਪ੍ਰਤੀਨਿਧੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਨਿਹੰਗ ਬਾਬਾ ਹਰਜੀਤ ਸਿੰਘ ਬਟਾਲੇ ਵਾਲਿਆਂ ਦੇ ਰਾਗੀ ਜਥੇ ਨੇ ਦਸਮ ਬਾਣੀ ਦਾ ਮਨੋਹਰ ਕੀਰਤਨ ਕੀਤਾ। ਪੁਰਾਤਨ ਬੰਦੀ ਛੋੜ ਦਿਵਸ ਦੀ ਪਰੰਪਰਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਰਹਿਰਾਸ ਦਾ ਪਾਠ ਗਿਆਨੀ ਗੁਰਬਖਸ਼ੀਸ਼ ਸਿੰਘ ਨੇ ਕੀਤਾ ਅਤੇ ਇਤਿਹਾਸਕ ਪੁਰਾਤਨ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ। ਉਪਰੰਤ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਅਤੇ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ ਸਨਮਾਨਿਤ ਕੀਤਾ ਉਪਰੰਤ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਤੇ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਨੇ ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਤਰਨਾ ਦਲ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਤੇ ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ, ਦਸ਼ਮੇਸ਼ ਤਰਨਾਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ ਨੂੰ ਸਿਰਪਾਉ ਦੋਸ਼ਾਲੇ ਭੇਟ ਕਰਕੇ ਸਨਮਾਨਿਤ ਕਰਨ ਉਪਰੰਤ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਾਬਾ ਮਾਨ ਸਿੰਘ ਗੁਰੂ ਨਾਨਕ ਦਲ ਮੜ੍ਹੀਆਂ ਵਾਲਾ (ਬਟਾਲਾ), ਬਾਬਾ ਬਲਵਿੰਦਰ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਤਰਲੋਕ ਸਿੰਘ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਗੁਰਰਾਜਪਾਲ ਸਿੰਘ ਡੇਰਾ ਛਾਉਣੀ ਨਿਹੰਗ ਸਿੰਘਾਂ, ਬਾਬਾ ਛਿੰਦਾ ਸਿੰਘ ਤਰਨਾ ਦਲ ਭਿਖੀਵਿੰਡੀਏ, ਬਾਬਾ ਹਰਦੀਪ ਸਿੰਘ ਡੇਰਾ ਬਾਬਾ ਮਹਾਰਾਜ ਸਿੰਘ, ਬਾਬਾ ਦਰਸਨ ਸਿੰਘ ਤਰਨਾ ਦਲ ਗੁ: ਟਾਹਲਾ ਸਾਹਿਬ, ਬਾਬਾ ਬਲਦੇਵ ਸਿੰਘ ਤਰਨਾ ਦਲ ਸ਼ਹੀਦ ਬਾਬਾ ਜੀਵਨ ਸਿੰਘ ਮਹਿਤਾ ਰੋਡ (ਵੱਲਾ), ਬਾਬਾ ਪ੍ਰਗਟ ਸਿੰਘ ਪੰਥ ਅਕਾਲੀ ਤਰਨਾ ਦਲ, ਮਜੀਠਾ ਰੋਡ, ਬਾਬਾ ਲਾਲ ਸਿੰਘ ਮਾਲਵਾ ਤਰਨਾ ਦਲ, ਬਾਬਾ ਰਘਬੀਰ ਸਿੰਘ ਤਰਨਾ ਦਲ ਖਿਆਲਾ ਕਲਾਂ, ਬਾਬਾ ਪ੍ਰਤਾਪ ਸਿੰਘ ਸ਼ਹੀਦ ਭਾਈ ਮਨੀ ਸਿੰਘ ਦਲ, ਬਾਬਾ ਤਰਸੇਮ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਸਤਨਾਮ ਸਿੰਘ ਤਰਨਾ ਦਲ ਬਾਬਾ ਸ਼ਾਮ ਸਿੰਘ ਅਟਾਰੀ ਚੌਂਤਾ, ਬਾਬਾ ਚੜ੍ਹਤ ਸਿੰਘ ਤਰਨਾ ਦਲ ਮਾਲਵਾ ਖੇੜੀ, ਬਾਬਾ ਬਲਦੇਵ ਸਿੰਘ ਦਲ ਮਿਸਲ ਬਾਬਾ ਬਚਿੱਤਰ ਸਿੰਘ, ਬਾਬਾ ਇੰਦਰ ਸਿੰਘ ਘੋੜਿਆਂ ਵਾਲੇ ਜਥੇਦਾਰ ਬੁੱਢਾ ਦਲ, ਬਾਬਾ ਦਰਸ਼ਨ ਸਿੰਘ ਖਜਾਨਾ ਗੇਟ, ਬਾਬਾ ਗੁਰਦੀਪ ਸਿੰਘ ਤਰਨਾ ਦਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਦਰਸ਼ਨ ਸਿੰਘ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ, ਬਾਬਾ ਮਹਿੰਦਰ ਸਿੰਘ ਤਰਨਾ ਦਲ, ਬਾਬਾ ਜਵੰਦ ਸਿੰਘ , ਬਾਬਾ ਛਤਰਪਾਲ ਸਿੰਘ ਠੱਟਾ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ਼, ਬਾਬਾ ਜੋਗਾ ਸਿੰਘ ਦਲ ਬਾਬਾ ਨੌਧ ਸਿੰਘ ਸ਼ਹੀਦ ਚੱਬਾ, ਬਾਬਾ ਤਾਰਾ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਰੱਤੋਕੇ, ਬਾਬਾ ਪਰਗਟ ਸਿੰਘ ਤਰਨਾ ਦਲ, ਬਾਬਾ ਬੀਰ ਸਿੰਘ ਪੱਟੀ, ਬਾਬਾ ਨਿਰਮਲ ਸਿੰਘ ਦਲ ਝਾੜ ਸਾਹਿਬ, ਦਲ ਬਾਬਾ ਥਾਨ ਸਿੰਘ , ਬਾਬਾ ਗੁਰਦੇਵ ਸਿੰਘ ਬਜਵਾੜਾ, ਬਾਬਾ ਗੁਰਮੇਜ ਸਿੰਘ ਬਾਲੇਵਾਲ, ਬਾਬਾ ਬਲਦੇਵ ਸਿੰਘ ਮਿਸਲ ਬਾਬਾ ਨਿਬਾਹੂ ਸਿੰਘ ਮੁਸਤਰਾਪੁਰ (ਗੁਰਦਾਸਪੁਰ), ਬਾਬਾ ਦਲਬੀਰ ਸਿੰਘ ਮੁੱਖੀ ਬਾਬਾ ਜੀਵਨ ਸਿੰਘ ਤਰਨਾ ਦਲ ਸ੍ਰੀ ਅਨੰਦਪੁਰ ਸਾਹਿਬ, ਆਦਿ ਜਥੇਬੰਦੀਆਂ ਦੇ ਮੁਖੀਆਂ ਨੂੰ ਸਿਰਪਾਉ ਨਾਲ ਸਨਮਾਨਿਤ ਕੀਤਾ। ਸਨਮਾਨ ਉਪਰੰਤ ਬਾਬਾ ਬਲਬੀਰ ਸਿੰਘ ਅਤੇ ਬਾਕੀ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨਾਂ ਨੇ ਸਵੱਈਆਂ ਦਾ ਪਾਠ ਕੀਤਾ। ਇਸ ਸਮੇਂ ਬਾਬਾ ਗੁਰਪਿੰਦਰ ਸਿੰਘ ਵਡਾਲਾ, ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲੇ, ਬਾਬਾ ਬਘੇਲ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਰਣਜੋਧ ਸਿੰਘ, ਬਾਬਾ ਕਰਮ ਸਿੰਘ, ਬਾਬਾ ਬੂਟਾ ਸਿੰਘ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੂੰਡਾ ਸਿੰਘ ਮਿਸਲ ਭਾਈ ਬਚਿੱਤਰ ਸਿੰਘ, ਬਾਬਾ ਹਰਦੀਪ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ ਆਦਿ ਹਾਜ਼ਰ ਸਨ।



# ਦੀਵਾਲੀ ਤੋਂ ਬਾਅਦ ਵਧਿਆ ਪ੍ਰਦੂਸ਼ਣ ਦਿੱਲੀ ਸਮੇਤ ਉੱਤਰ ਭਾਰਤ ਬਣਿਆ ਗੈਸ ਚੈਂਬਰ

## ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਰਾਜਧਾਨੀ 'ਚ ਜੰਮ ਕੇ ਚੱਲੇ ਪਟਾਕੇ

ਨਵੀਂ ਦਿੱਲੀ : ਦੀਵਾਲੀ ਤੋਂ ਬਾਅਦ ਕੌਮੀ ਰਾਜਧਾਨੀ ਦਿੱਲੀ ਸਮੇਤ ਪੂਰੇ ਉੱਤਰੀ ਭਾਰਤ 'ਚ ਹਵਾ ਪ੍ਰਦੂਸ਼ਣ 'ਚ ਵਾਧਾ ਵੇਖਣ ਨੂੰ ਮਿਲਿਆ ਹੈ, ਦਿੱਲੀ 'ਚ ਮੰਗਲਵਾਰ ਸਵੇਰੇ ਧੂੰਏਾ ਦੀ ਸੰਘਣੀ ਚਾਦਰ ਛਾਈ ਹੋਈ ਹੈ, ਸਿਸਟਮ ਆਫ਼ ਏਅਰ ਕੁਆਲਿਟੀ ਐਂਡ ਵੈਦਰ ਫੋਰਕਾਸਟਿੰਗ ਐਂਡ ਰਿਸਰਚ (ਐਸ.ਏ.ਐਫ.ਏ.ਆਰ.) ਦੇ ਅੰਕੜਿਆਂ ਅਨੁਸਾਰ ਦਿੱਲੀ 'ਚ ਹਵਾ ਦੀ ਗੁਣਵੱਤਾ ਬਹੁਤ ਮਾੜੀ ਹੈ। ਇਸੇ ਤਰ੍ਹਾਂ ਦੀਵਾਲੀ ਤੋਂ ਬਾਅਦ ਪੰਜਾਬ ਤੇ ਹਰਿਆਣਾ ਦੀ ਆਬੋ ਹਵਾ ਜ਼ਹਿਰੀਲੀ ਹੋ ਗਈ ਹੈ। ਪੰਜਾਬ 'ਚ ਕਿਸਾਨਾਂ ਵਲੋਂ ਪਰਾਲੀ ਸਾੜਨ ਦਾ ਸਿਲਸਿਲਾ ਜਾਰੀ ਰਹਿਣ ਕਰਕੇ ਸੂਬੇ ਦੇ ਕੁਝ ਹਿੱਸਿਆਂ 'ਚ ਧੂੰਏ ਦਾ ਗੁਬਾਰ ਚੜ੍ਹਿਆ ਹੋਇਆ ਹੈ। ਦਿੱਲੀ ਨੇ ਦੀਵਾਲੀ 'ਤੇ ਚਾਰ ਸਾਲਾਂ ਵਿਚ ਆਪਣੀ ਸਭ ਤੋਂ ਮਾੜੀ ਹਵਾ ਗੁਣਵੱਤਾ ਦਰਜ ਕੀਤੀ, ਰਾਤ ਨੂੰ ਪ੍ਰਦੂਸ਼ਣ ਦੇ ਪੱਧਰ ਵਿਚ ਤੇਜ਼ੀ ਨਾਲ ਵਾਧਾ ਹੋਇਆ ਕਿਉਂਕਿ ਪੀਐਮ2.5 ਦੀ ਗਾੜ੍ਹਾਪਣ 675 'ਤੇ ਪਹੁੰਚ ਗਈ - ਇਹ 2021 ਤੋਂ ਬਾਅਦ ਕਦੇ ਇਸ ਪੱਧਰ 'ਤੇ ਨਹੀਂ ਦੇਖੀ ਗਈ। ਸੋਮਵਾਰ ਸ਼ਾਮ 4 ਵਜੇ ਦਿੱਲੀ ਦਾ 24 ਘੰਟਿਆਂ ਦਾ ਔਸਤ ਏ.ਕਿਉ.ਆਈ 345 'ਤੇ 'ਬਹੁਤ ਖਰਾਬ' ਸ਼੍ਰੇਣੀ ਵਿਚ ਸੀ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ, ਇਸ ਦੇ ਮੁਕਾਬਲੇ, ਇਹ 2024 ਵਿਚ 330, 2023 ਵਿਚ 218, 2022 ਵਿਚ 312 ਅਤੇ 2021 ਵਿਚ 382 ਸੀ। ਕਈ ਜਲਵਾਯੂ ਮਾਹਿਰਾਂ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ ਉੱਚ ਪੱਧਰ 'ਤੇ ਪਹੁੰਚੇ ਹਵਾ ਪ੍ਰਦੂਸ਼ਣ ਸੰਬੰਧੀ ਘੰਟਿਆਂ ਦਾ ਡੇਟਾ ਗਾਇਬ ਹੋ ਗਿਆ ਹੈ। ਹਾਲਾਂਕਿ, ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਦਾਅਵਾ ਕੀਤਾ ਕਿ ਸਾਰਾ ਡੇਟਾ ਬਰਕਰਾਰ ਹੈ ਤੇ ਵਿਭਾਗ ਦੀ ਵੈੱਬਸਾਈਟ ਤੇ ਐਪਸ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਸੁਪਰੀਮ ਕੋਰਟ ਨੇ ਦਿੱਲੀ ਐੱਨ.ਸੀ.ਆਰ. 'ਚ ਦੀਵਾਲੀ ਮੌਕੇ ਗ੍ਰੀਨ ਪਟਾਕਿਆਂ ਦੀ ਵਿਕਰੀ ਤੇ ਵਰਤੋਂ ਦੀ ਇਜਾਜ਼ਤ ਦਿੱਤੀ ਸੀ। ਅਦਾਲਤ ਨੇ ਦਿੱਲੀ 'ਚ ਦੀਵਾਲੀ ਤੋਂ ਪਹਿਲਾਂ ਤੇ ਦੀਵਾਲੀ ਵਾਲੇ ਦਿਨ, ਯਾਨੀ 20 ਤੇ 21 ਅਕਤੂਬਰ ਨੂੰ ਸਵੇਰੇ 6 ਵਜੇ ਤੋਂ 7 ਵਜੇ ਤੇ ਸ਼ਾਮ 8 ਵਜੇ ਤੋਂ 10 ਵਜੇ ਤੱਕ ਹੀ ਗ੍ਰੀਨ ਪਟਾਕੇ ਚਲਾਉਣ ਦੀ ਖੁੱਲ੍ਹ ਦਿੱਤੀ ਸੀ। ਹਾਲਾਂਕਿ ਕੌਮੀ ਰਾਜਧਾਨੀ ਦੇ ਬਹੁਤੇ ਇਲਾਕਿਆਂ 'ਚ ਪ੍ਰਦੂਸ਼ਣ ਦੇ ਚਿੰਤਾਜਨਕ ਪੱਧਰ ਦੀ ਰਿਪੋਰਟ ਕੀਤੀ ਗਈ। ਐਨ.ਡੀ.ਟੀ.ਵੀ. ਦੀ ਰਿਪੋਰਟ ਅਨੁਸਾਰ ਆਨੰਦ ਵਿਹਾਰ 'ਚ ਪੀ.ਐਮ. 2.5 ਦਾ ਪੱਧਰ 358 ਤੇ ਪੀ.ਐਮ. 10 ਦਾ ਪੱਧਰ 340 ਮਾਪਿਆ ਗਿਆ। ਵਜ਼ੀਰਪੁਰ 'ਚ ਹਵਾ ਗੁਣਵੱਤਾ ਸੂਚਕ ਅੰਕ 408 ਦਰਜ ਕੀਤਾ ਗਿਆ, ਜੋ ਗੰਭੀਰ ਸ਼੍ਰੇਣੀ 'ਚ ਪਹੁੰਚ ਗਿਆ, ਜਿਸ 'ਚ ਪੀ.ਐਮ. 2.5 ਮੁੱਖ ਪ੍ਰਦੂਸ਼ਕ ਸੀ। ਆਰ.ਕੇ. ਪੁਰਮ 'ਚ ਏ.ਕਿਊ.ਆਈ. 368 ਦਰਜ ਕੀਤਾ ਗਿਆ ਜਦਕਿ ਆਈ.ਐਨ.ਏ. ਦੇ ਦਿਲੀ ਹਾਟ ਤੋਂ ਮਿਲੀਆਂ ਤਸਵੀਰਾਂ 'ਚ ਸੰਘਣੀ ਧੁੰਦ ਦਿਖਾਈ ਦੇ ਰਹੀ ਸੀ, ਜਿਸ ਕਾਰਨ ਵਾਹਨ ਚਾਲਕਾਂ ਨੂੰ ਦਿਨ ਦੇ ਸਮੇਂ ਹੈੱਡਲਾਈਟਾਂ ਚਾਲੂ ਕਰਨ ਲਈ ਮਜਬੂਰ ਹੋਣਾ ਪਿਆ। ਪਾਬੰਦੀ ਦੇ ਬਾਵਜੂਦ ਦਿੱਲੀ 'ਚ ਪ੍ਰਦੂਸ਼ਣ ਦੇ ਪੱਧਰ 'ਚ ਬਹੁਤਾ ਫ਼ਰਕ ਨਹੀਂ ਪਿਆ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਵਲੋਂ ਨਿਗਰਾਨੀ ਕੀਤੇ ਗਏ 39 ਨਿਗਰਾਨੀ ਸਟੇਸ਼ਨਾਂ 'ਚੋਂ 38 ਦੇ ਅੰਕੜਿਆਂ ਅਨੁਸਾਰ ਸੋਮਵਾਰ ਸ਼ਾਮ 4 ਵਜੇ ਦਿੱਲੀ ਦਾ 24-ਘੰਟੇ ਦਾ ਔਸਤ ਏ.ਕਿਊ.ਆਈ. 345 ਸੀ, ਜੋ ਅਜੇ ਵੀ ਬਹੁਤ ਮਾੜੀ ਸ਼੍ਰੇਣੀ 'ਚ ਹੈ।







## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ ’ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ ‘ਸਾਡੇ ਲੋਕ’ ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ ’ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ ’ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ ‘ਬਹੁ-ਵਿਧਾਈ ਸਿਰਜਣਾ’ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਦਿਲਚਸਪ ਗੱਲ ਤਾਂ ਇਹ ਹੈ ਕਿ ਸੁਰਿੰਦਰ ਸੀਰਤ ਦੀਆਂ ਗ਼ਜ਼ਲਾਂ ਦੀ ਵਿਸ਼ੇਗਤ ਚੋਣ ਤੇ ਭਾਵ-ਵਿਉਂਤ ਉਸਦੀ ਸਮੁੱਚੀ ਰਚਨਾਕਾਰੀ ਵਿਚ ਫ਼ੈਲਦੀ ਤੇ ਸੁੰਗੜਦੀ ਰਹਿੰਦੀ ਹੈ। ਜਿਸ ਕਰਕੇ, ਉਸਦੀ ਗ਼ਜ਼ਲਕਾਰੀ ਦੀਆਂ ਭਿੰਨ ਭਿੰਨ ਕਲਾ-ਜੁਗਤਾਂ, ਜਿਵੇਂ ਭਾਸ਼ਾ ਵਿਚਲੀਆਂ ਧੁਨੀਆਂ ਦੀ ਰਵਾਨਗੀ, ਲਫ਼ਜਾਂ ਦਾ ਸੰਤੁਲਨ, ਅਰਥਾਂ ਦੀ ਸੂਖ਼ਮਤਾ, ਤਸੱਵਰ ਦੀ ਵਿਸ਼ਾਲਤਾ, ਸਮਾਜਿਕ ਯਥਾਰਥ ਦੀ ਚੇਤੰਨਤਾ, ਵਿਚਾਰਧਾਰਾ ਦੀ ਖੁੱਲ ਅਤੇ ਬੇਬਸੀ ਤੇ ਨਿਹੱਥੇਪਣ ਨੂੰ ਸਿਰਜਣਾ ਅਦਿ ਉਸਦੀ ਕਾਵਿ ਸਿਰਜਣਾ ਵਿੱਚ ਵੀ ਬਰਾਬਰ ਕਾਇਮ ਰਹਿੰਦੀਆਂ ਹਨ। ਇਸ ਦੇ ਨਾਲ ਹੀ ਉਸਦੀ ਗ਼ਜ਼ਲਕਾਰੀ ਉਸਦੀ ਸਮੁੱਚੀ ਸਿਰਜਣਾਤਮਕਤਾ ਦਾ ਆਧਾਰੀ ਰੂਪਾਕਾਰ ਹੋਣ ਦੀ ਭੂਮਿਕਾ ਵੀ ਨਿਭਾਉਂਦੀ ਹੈ। ਉਹ ਭਾਵੇਂ ਕਵਿਤਾ ਲਿਖ ਰਿਹਾ ਹੋਵੇ, ਕਹਾਣੀ ਜਾਂ ਨਾਵਲ ਗ਼ਜ਼ਲ ਦੀ ਰੂਪਾਕਾਰਿਕ ਆਧਾਰਸ਼ਿਲਾ ਉਸਦੀ ਕਵਿਤਾ, ਕਹਾਣੀ ਤੇ ਨਾਵਲ ਦੀ ਭਾਸ਼ਾ ਤੇ ਬਣਤਰ ਨੂੰ ਖ਼ਾਸ ਤੌਰ ‘ਤੇ ਪ੍ਰਭਾਵਿਤ ਕਰਦੀ ਹੈ। ਆਪਣੀ ਸਾਹਿਤ ਸਿਰਜਣਾ ਵਿਚ ਸੁਰਿੰਦਰ ਸੀਰਤ ਗ਼ਜ਼ਲ ਦੇ ਸਮਵਿੱਥ ਕਾਵਿ ਰਚਨਾ ਵੀ ਕਰਦਾ ਰਿਹਾ ਹੈ। ਉਸਦੀ ਕਾਵਿ-ਸਿਰਜਣਾ ਸਮੇਂ ਦੇ ਸੱਚਾਂ ਦੇ ਰੂ-ਬ-ਰੂ ਹੋਣ ਲਈ ਯਤਨਸ਼ੀਲ ਰਹਿੰਦੀ ਅਤੇ ਪ੍ਰਤੀਕਾਤਮਕ ਕਾਵਿ ਭਾਸ਼ਾ ਦਾਂ ਨਿਰਮਾਣ ਕਰਨ ਲਈ ਵੀ ਹੈ। ਜਿਸ ਕਰਕੇ ਉਸਦੀਆਂ ਕਵਿਤਾਵਾਂ ਇੱਕ ਪਾਸੇ ਤਾਂ ਸਮਕਾਲੀ ਦੌਰ ਦੀਆਂ ਘਟਨਾਵਾਂ ਤੇ ਸੱਚਾਂ ਦੀ ਪਾਰ-ਕਾਲਿਕ ਸੁਭਾ ਵਾਲੀ ਤਾਸੀਰ ਨੂੰ ਸਮਝਣ ਦੀ ਜੁਸਤਜੂ ਵਿੱਚ ਹਨ ਅਤੇ ਦੂਜੇ ਪਾਸੇ ਇਹ ਇਸੇ ਸੱਚ ਦੇ ਸਮਕਾਲੀ ਰੂਪਾਂ ਤੇ ਸਰੋਕਾਰਾਂ ਦੀ ਤਸਵੀਰਕਸ਼ੀ ਕਰਨ ਦੇ ਰਾਹੇ ਪਈਆ ਹੋਈਆਂ ਹਨ। ਇਸਦਾ ਮਸਲਾ ਸਿਰਫ਼ ਅਮਰੀਕਾ ਦੀਆਂ ਸਿਆਸੀ ਤੇ ਸਭਿਆਚਾਰਕ ਹੱਦ-ਬੰਦੀਆਂ ਤੱਕ ਸੀਮਤ ਰਹਿਣ ਦਾ ਨਹੀਂ ਸਗੋਂ ਸੰਸਾਰ ਦੇ ਹਰ ਉਸ ਮਨੁੱਖ ਜਾਂ ਖਿੱਤੇ ਦੀ ਆਵਾਜ਼ ਬਨਣ ਦਾ ਹੈ, ਜਿੱਥੇ ਸਾਮਰਾਜਵਾਦੀ ਸੱਤਾ ਦੇ ਇਜ਼ਹਾਰ ਦੇ ਕਾਰਨ ਮਨੁੱਖੀ ਦਮਨ ਅਤੇ ਅਨਿਆਂ



ਸਾਹਮਣੇ ਆ ਰਿਹਾ ਹੈ, ਜਿਵੇਂ;

ਜੰਗ ਜਾਰੀ ਫਲਸਤੀਨ ਇਜ਼ਰਾਈਲ ਅੰਦਰ<br>
ਸੀਰੀਆ ਦੀ ਲੋਕਵਾਰ ਦਲੀਲ ਅੰਦਰ<br>
ਕਸ਼ਮੀਰ ਤੋਂ ਅਮਰੀਕੀ ਕਈ ਦੇਸ਼ਾਂ ਵਿਚਾਲੇ<br>
ਤੇ ਬਹੁਤ ਸਾਰੇ ਔਰਤਾਂ ਤੇ ਮਰਦ ਅੰਦਰ।<br>
(ਜੰਗ ਜਾਰੀ ਹੈ)

ਅਮਰੀਕਾ ਵਿੱਚ ਰਚੀ ਜਾ ਰਹੀ ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਦੀ ਸਿਰਜਣਕਾਰੀ ਦਾ ਬੁਨਿਆਦੀ ਮਸਲਾ ਮੁਆਸ਼ਰੇ ਦੇ ਸੱਚਾਂ ਤੇ ਕਵਿਤਾ ਦੀ ਅਹਿਮੀਅਤ ਦੇ ਰੂ-ਬ-ਰੂ ਹੋਣ ਦਾ ਹੈ। ਇਸੇ ਰੁਚੀ ਨੂੰ ਅੱਗੇ ਤੋਰਦੇ ਹੋਏ ਕਿਸੇ ਵਿਸ਼ੇਸ਼ ਖਿੱਤੇ ਦੀ ਥਾਂ ਸਾਰੇ ਵਿਸ਼ਵ ਦੇ ਮਸਲਿਆਂ ਬਾਰੇ ਆਪਣਾ ਪ੍ਰਤਿਕਰਮ ਦੇਣ ਦੀ ਪ੍ਰਵਿਰਤੀ ਉਸਦੀਆਂ ਕਹਾਣੀ-ਸੰਗ੍ਰਹਿ ‘ਪੂਰਬ, ਪੱਛਮ ਤੇ ਪਰਵਾਸ’ ਦੀਆਂ ਭਿੰਨ ਭਿੰਨ ਕਹਾਣੀਆਂ ਵਿਚ ਵੀ ਹਾਜ਼ਰ ਰਹਿੰਦੀ ਹੈ। ਇਸ ਕਰਕੇ, ਉਸਦੀਆਂ ਕਹਾਣੀਆਂ ਵਿਚ ਵੀ ਮੂਲਵਾਸ (ਜੰਮੂ-ਕਸ਼ਮੀਰ ਰਿਆਸਤ) ਤੇ ਪਰਵਾਸ ਦੇ ਸਮਾਜਿਕ ਤੇ ਮਾਨਸਿਕ ਵਿਵਹਾਰ ਦੇ ਪਿਛੋਕੜ ਵਿਚ ਕਾਰਜਸ਼ੀਲ ਪ੍ਰਵਿਰਤੀਆਂ ਦਾ ਸਮਕਾਲੀ ਵਿਸ਼ਵੀਕ੍ਰਿਤ ਨਿਜ਼ਾਮ ਦੇ ਪ੍ਰਸੰਗ ਵਿਚ ਯਥਾਰਥਕ ਚਿਤਰਨ ਕੀਤਾ ਗਿਆ ਹੈ। ਜ਼ਾਹਿਰ ਹੈ ਕਿ ਵਰਤਮਾਨ ਸਮੇਂ ਵਿਚ ਇਹ ਦੋਵੇਂ ਖਿੱਤੇ ਹੀ ਬਹੁ-ਪਾਸਾਰੀ ਸੰਕਟਾਂ ਦਾ ਸ਼ਿਕਾਰ ਰਹੇ ਹਨ ਅਤੇ ਉਸਦੇ ਕਿੰਨ੍ਹੇ ਹੀ ਸ਼ਿਅਰ ‘ਦਹਿਸ਼ਤਗਰਦੀ ਤੇ ਮਨੁੱਖੀ ਦਮਨ’ ਦੇ ਬਹੁ-ਪਾਸਾਰੀ ਸੰਤਾਪ ਦੀ ਪੇਸ਼ਕਾਰੀ ਕਰਦੇ ਹਨ। ਇਸੇ ਪ੍ਰਵਿਰਤੀ ਦਾ ਬਿਰਤਾਂਤਕ ਬਿੰਬ ਸੀਰਤ ਦੀਆਂ ਕਹਾਣੀਆਂ ਜਿਵੇਂ, ‘ਪੂਰਬ, ਪੱਛਮ ਤੇ ਪਰਵਾਸ’, ‘ਖੇਡ ਚੈਸ ਦੀ’, ‘ਮਖੌਟੇ’ ਅਤੇ ‘ਮਰੇ ਬੰਦੇ ਦੀ ਕਹਾਣੀ’ਆਦਿ ਵਿਚ ਵੇਖਣ ਨੂੰ ਮਿਲਦੀ ਹੈ। ਇਸੇ ਭਾਵ-ਪ੍ਰਬੰਧ ਨੂੰ ਵਿਸਤਾਰ ਦਿੰਦਾ ਹੋਇਆ ਉਸਦਾ ਨਾਵਲ ‘ਭਰਮ-ਭੁਲਾਈਆਂ’ ਅਜੋਕੇ ਮਨੁੱਖ ਦਾ ਕਠਿਨ ਆਰਥਿਕ ਸੰਕਟਾਂ, ਪਿਆਰ ਭਾਵ ਤੇ ਕਾਮਨਾਵਾਂ ਦੇ ਸੰਯੋਗ ਅਤੇ ਅੰਤਰ-ਮਜ਼ਹਬੀ ਸੰਦਰਭਾਂ ਦੇ ਮਸਲਿਆਂ ਨੂੰ ਪ੍ਰਤੀਕਾਤਮਕ ਭਾਸ਼ਾ ਵਿਚ ਬਿਆਨ ਕਰਦਾ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਨਾਵਲ ਦਾ ਬਿਰਤਾਂਤਕ ਸੰਦਰਭ ਮੁੱਖ ਪਾਤਰ ਦੇ ਵਸਤੂਗਤ ਹਾਲਾਤ ਦੇ ਦਰਦ ਨੂੰ ਉਸਦੇ ਕਰਮ-ਪ੍ਰਤਿਕਰਮ ਤੇ ਮਨੋਵਿਸ਼ਲੇਸ਼ਣੀ ਵਿਧੀ ਰਾਹੀਂ ਪ੍ਰਤੀਕਾਤਮਕ ਰੂਪ ਵਿਚ ਸਾਕਾਰ ਕਰਨ ਦਾ ਯਤਨ ਕਰਦਾ ਹੈ।

(ਚਲਦਾ)

# ਬਗਰਾਮ ’ਤੇ ਮੁੜ ਕਬਜ਼ਾ ਕਰਨ ਦੀ ਅਮਰੀਕਾ ਦੀ ਇੱਛਾ

**ਆਨੰਦ ਕੁਮਾਰ**

ਬਗਰਾਮ ਏਅਰਬੇਸ ’ਤੇ ਬਹਿਸ ਨੇ ਇਕ ਵਾਰ ਫਿਰ ਅਫਗਾਨਿਸਤਾਨ ਨੂੰ ਵਿਸ਼ਵਵਿਆਪੀ ਰਣਨੀਤਿਕ ਗਿਣਤੀਆਂ-ਮਿਣਤੀਆਂ ਦੇ ਕੇਂਦਰ ਵਿਚ ਰੱਖਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬੇਸ ’ਤੇ ਕੰਟਰੋਲ ਮੁੜ ਪ੍ਰਾਪਤ ਕਰਨ ਦੀ ਨਵੀਂ ਮੰਗ, ਜਿਸ ਨੂੰ ਦੇਸ਼ ਨੇ 2021 ਵਿਚ ਆਪਣੀ ਜਲਦਬਾਜ਼ੀ ਵਾਪਸੀ ਦੌਰਾਨ ਛੱਡ ਦਿੱਤਾ ਸੀ, ਨੇ ਪੂਰੇ ਖੇਤਰ ਵਿਚ ਵਿਆਪਕ ਚਿੰਤਾ ਅਤੇ ਵਿਰੋਧ ਪ੍ਰਦਰਸ਼ਨ ਪੈਦਾ ਕਰ ਦਿੱਤਾ ਹੈ। ਪਹਿਲੀ ਨਜ਼ਰ ਵਿਚ ਅਮਰੀਕੀ ਫੌਜੀ ਖਾਹਿਸ਼ ਦਾ ਇਕ ਅਲੱਗ-ਥਲੱਗ ਦਾਅਵਾ ਜੋ ਜਾਪਦਾ ਹੈ ਉਹ ਅਸਲ ਵਿਚ ਚੀਨ ਨੂੰ ਕਾਬੂ ਕਰਨ ਅਤੇ ਇਕ ਅਜਿਹੇ ਖੇਤਰ ਵਿਚ ਅਮਰੀਕੀ ਪ੍ਰਭਾਵ ਨੂੰ ਦੁਬਾਰਾ ਸਥਾਪਿਤ ਕਰਨ ਦੀ ਵਾਸ਼ਿੰਗਟਨ ਦੀ ਵਿਆਪਕ ਰਣਨੀਤੀ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ, ਜਿੱਥੇ ਇਸ ਦੀ ਮੌਜੂਦਗੀ ਤੇਜ਼ੀ ਨਾਲ ਘਟੀ ਹੈ।

ਫਿਰ ਵੀ, ਜ਼ਿਆਦਾਤਰ ਖੇਤਰੀ ਸ਼ਕਤੀਆਂ-ਭਾਰਤ, ਚੀਨ, ਰੂਸ, ਈਰਾਨ ਅਤੇ ਇੱਥੋਂ ਤੱਕ ਕਿ ਪਾਕਿਸਤਾਨ-ਲਈ ਟਰੰਪ ਦੇ ਇਸ ਕਦਮ ਨੂੰ ਇਕ ਅਸਥਿਰ ਕਰਨ ਵਾਲੇ ਪ੍ਰਸਤਾਵ ਵਜੋਂ ਦੇਖਿਆ ਜਾਂਦਾ ਹੈ ਜੋ ਪੁਰਾਣੇ ਜ਼ਖ਼ਮਾਂ ਨੂੰ ਦੁਬਾਰਾ ਖੋਲ੍ਹਣ ਅਤੇ ਨਵੀਆਂ ਰਣਨੀਤਿਕ ਅਨਿਸ਼ਚਿਤਤਾਵਾਂ ਪੈਦਾ ਕਰਨ ਦਾ ਜੋਖਮ ਲੈਂਦਾ ਹੈ। ਜਦੋਂ ਅਮਰੀਕਾ ਨੇ 2020 ਵਿਚ ਤਾਲਿਬਾਨ ਨਾਲ ਦੋਹਾ ਸਮਝੌਤੇ ’ਤੇ ਦਸਤਖਤ ਕੀਤੇ, ਤਾਂ ਇਹ ਅਫਗਾਨਿਸਤਾਨ ਵਿਚ ਆਪਣੀ ਲੰਬੀ ਅਤੇ ਮਹਿੰਗੀ ਸ਼ਮੂਲੀਅਤ ਵਿਚ ਇਕ ਮੋੜ ਸੀ। ਟਰੰਪ ਨੇ ਖੁਦ, ਜਿਸ ਨੇ ਸਮਝੌਤੇ ’ਤੇ ਗੱਲਬਾਤ ਕੀਤੀ, ਨੇ ਇਸ ਨੂੰ ਅਮਰੀਕਾ ਦੇ ‘ਸਦਾ ਲਈ ਯੁੱਧਾਂ’ ਨੂੰ ਖਤਮ ਕਰਨ ਦੇ ਤਰੀਕੇ ਵਜੋਂ ਦਰਸਾਇਆ। ਹਾਲਾਂਕਿ, ਆਪਣੀ ਚੋਣ ਹਾਰ ਤੋਂ ਬਾਅਦ, ਅਸਲ ਵਾਪਸੀ ਦੀ ਨਿਗਰਾਨੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਕੀਤੀ, ਜਿਸ ਨੇ ਇਸ ਨੂੰ 2021 ਵਿਚ ਪੂਰਾ ਕੀਤਾ।

ਹੁਣ, ਚਾਰ ਸਾਲ ਬਾਅਦ, ਟਰੰਪ ਦੇ ‘ਬਗਰਾਮ ਨੂੰ ਵਾਪਸ ਪ੍ਰਾਪਤ ਕਰਨ’ ਲਈ ਵਾਰ-ਵਾਰ ਕੀਤੇ ਗਏ ਸੱਦਿਆਂ ਨੇ ਰਣਨੀਤਿਕ ਚਿੰਤਾਵਾਂ ਨੂੰ ਮੁੜ ਜਗਾ ਦਿੱਤਾ ਹੈ। 2025 ’ਚ ਕਈ ਮੌਕਿਆਂ ’ਤੇ, ਉਸ ਨੇ ਜਨਤਕ ਤੌਰ ’ਤੇ ‘ਬਿਨਾਂ ਕਿਸੇ ਕੀਮਤ’ ਦੇ ਇਸ ਬੇਸ ਨੂੰ ਛੱਡਣ ’ਤੇ ਅਫ਼ਸੋਸ ਪ੍ਰਗਟ ਕੀਤਾ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਅਮਰੀਕਾ ਇਸ ਨੂੰ ਵਾਪਸ ਚਾਹੁੰਦਾ ਹੈ।

ਅਮਰੀਕਾ ਦੇ ਦ੍ਰਿਸ਼ਟੀਕੋਣ ਤੋਂ, ਬਗਰਾਮ ਤੱਕ ਪਹੁੰਚ ਮੁੜ ਪ੍ਰਾਪਤ ਕਰਨ ਨਾਲ ਇਕ ਅਗਾਂਹਵਧੂ-ਕਾਰਜਸ਼ੀਲ ਸਥਿਤੀ ਮੁੜ ਸਥਾਪਿਤ ਹੋਵੇਗੀ ਜਿੱਥੋਂ ਚੀਨੀ ਗਤੀਵਿਧੀਆਂ ਦੀ ਨਿਗਰਾਨੀ ਕੀਤੀ ਜਾ ਸਕੇਗੀ, ਮੱਧ ਏਸ਼ੀਆ ਵਿਚ ਪ੍ਰਭਾਵ ਸਥਾਪਤ ਕੀਤਾ ਜਾ ਸਕੇਗਾ ਅਤੇ ਹੁਣ ਵਿਰੋਧੀ ਸ਼ਕਤੀਆਂ ਦੇ ਦਬਦਬੇ ਵਾਲੇ ਉਸ ਖੇਤਰ ਵਿਚ ਆਪਣੀ ਪਕੜ ਬਣਾਈ ਰੱਖੀ ਜਾ ਸਕੇਗੀ।

ਪੈਂਟਾਗਨ ਅਤੇ ਟਰੰਪ ਦੇ ਰਣਨੀਤਿਕ



ਸਲਾਹਕਾਰਾਂ ਲਈ, ਬਗਰਾਮ ਸੋਵੀਅਤ ਯੂਨੀਅਨ ਦੇ ਵਿਰੁੱਧ ਵਰਤੇ ਗਏ ਸੀਤ ਯੁੱਧ ਦੇ ਦ੍ਰਿਸ਼ਟੀਕੋਣ ਦੀ ਯਾਦ ਦਿਵਾਉਣ ਵਾਲੀ ਪੁਨਰ-ਸੁਰਜੀਤ ਰੋਕਥਾਮ ਰਣਨੀਤੀ ਦਾ ਇਕ ਮਹੱਤਵਪੂਰਨ ਹਿੱਸਾ ਸਾਬਤ ਹੋ ਸਕਦਾ ਹੈ। ਹਾਲਾਂਕਿ, ਅੱਜ ਦਾ ਖੇਤਰੀ ਵਾਤਾਵਰਣ ਸੀਤ ਯੁੱਧ ਯੁੱਗ ਤੋਂ ਕਾਫ਼ੀ ਵੱਖਰਾ ਹੈ। ਪਾਕਿਸਤਾਨ, ਜੋ ਕਦੇ ਸੋਵੀਅਤ-ਅਫਗਾਨ ਯੁੱਧ ਅਤੇ 9/11 ਤੋਂ ਬਾਅਦ ਦੇ ਦਖਲਅੰਦਾਜ਼ੀ ਦੌਰਾਨ ਅਮਰੀਕੀ ਕਾਰਵਾਈਆਂ ਦਾ ਮੁੱਖ ਸੂਤਰਧਾਰ ਸੀ, ਹੁਣ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਤਹਿਤ ਚੀਨ ਨਾਲ ਨਜ਼ਦੀਕੀ ਰਣਨੀਤਿਕ ਭਾਈਵਾਲੀ ਦਾ ਆਨੰਦ ਮਾਣਦਾ ਹੈ। ਇਸਲਾਮਾਬਾਦ ਲਈ, ਬੀਜਿੰਗ ਨੂੰ ਨਿਸ਼ਾਨਾ ਬਣਾ ਕੇ ਕਿਸੇ ਵੀ ਅਮਰੀਕੀ ਫੌਜੀ ਮੌਜੂਦਗੀ ਦੀ ਆਗਿਆ ਦੇਣਾ ਰਾਜਨੀਤਿਕ ਅਤੇ ਰਣਨੀਤਿਕ ਤੌਰ ’ਤੇ ਅਵਿਵਹਾਰਕ ਹੈ। ਮੱਧ ਏਸ਼ੀਆਈ ਗਣਰਾਜ, ਜੋ ਕਦੇ ਅਮਰੀਕੀ ਠਿਕਾਣਿਆਂ ਦੇ ਸੰਭਾਵੀ ਬਦਲਾਂ ਵਜੋਂ ਵੇਖੇ ਜਾਂਦੇ ਸਨ, ਹੁਣ ਰੂਸ ਅਤੇ ਚੀਨ ਦੋਵਾਂ ਤੋਂ ਬਹੁਤ ਪ੍ਰਭਾਵਿਤ ਹਨ ਅਤੇ ਅਮਰੀਕੀ ਬੇਨਤੀ ਨੂੰ ਮੰਨ ਕੇ ਆਪਣੇ ਸਬੰਧਾਂ ਨੂੰ ਜੋਖਮ ਵਿਚ ਪਾਉਣ ਦੀ ਸੰਭਾਵਨਾ ਨਹੀਂ ਹੈ। ਖਾੜੀ ਦੇਸ਼, ਜਿੱਥੇ ਅਮਰੀਕਾ ਨੇ ਕਤਰ ਵਿਚ ਅਲ-ਉਦੀਦ ਵਰਗੇ ਵੱਡੇ ਅੱਡੇ ਸਥਾਪਿਤ ਕੀਤੇ ਹਨ, ਪੱਛਮੀ ਚੀਨ ਜਾਂ ਮੱਧ ਏਸ਼ੀਆ ਦੇ ਨੇੜੇ ਅੱਗੇ ਦੀਆਂ ਕਾਰਵਾਈਆਂ ਲਈ ਬਹੁਤ ਦੂਰ ਹਨ। ਇਸ ਪਿਛੋਕੜ ਦੇ ਵਿਰੁੱਧ, ਬਗਰਾਮ, ਘੱਟੋ-ਘੱਟ ਸਿਧਾਂਤਕ ਤੌਰ ’ਤੇ, ਯੂਰੇਸ਼ੀਆ ਵਿਚ ਫੌਜੀ ਪ੍ਰਭਾਵ ਨੂੰ ਮੁੜ ਸਥਾਪਿਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਅਮਰੀਕੀ ਸਥਾਪਨਾ ਦੇ ਅੰਦਰ ਉਨ੍ਹਾਂ ਲਈ ਇਕੋ ਇਕ ਵਿਹਾਰਕ ਬਦਲ ਜਾਪਦਾ ਹੈ। ਫਿਰ ਵੀ, ਬਗਰਾਮ ਨੂੰ ਮੁੜ ਪ੍ਰਾਪਤ ਕਰਨ ਦੀ ਟਰੰਪ ਦੀ ਇੱਛਾ ਨੂੰ ਲਗਭਗ ਸਾਰੀਆਂ ਪ੍ਰਮੁੱਖ ਖੇਤਰੀ ਸ਼ਕਤੀਆਂ ਤੋਂ ਬੇਮਿਸਾਲ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ।

ਭਾਰਤ ਦਾ ਵਿਰੋਧ ਉਸਦੇ ਲੰਬੇ ਸਮੇਂ ਤੋਂ ਚੱਲ ਰਹੇ ਵਿਸ਼ਵਾਸ ਤੋਂ ਪੈਦਾ ਹੁੰਦਾ ਹੈ ਕਿ ਅਫਗਾਨਿਸਤਾਨ ਦੀ ਪ੍ਰਭੂਸੱਤਾ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਕਿ ਕੋਈ ਵੀ ਵਿਦੇਸ਼ੀ ਫੌਜੀ ਮੌਜੂਦਗੀ ਖੇਤਰੀ ਸਥਿਰਤਾ ਨੂੰ ਕਮਜ਼ੋਰ ਕਰੇਗੀ। ਨਵੀਂ ਦਿੱਲੀ ਨੇ ਲਗਾਤਾਰ ਅਫਗਾਨ-ਅਗਵਾਈ, ਅਫਗਾਨ-ਮਾਲਕੀਅਤ ਅਤੇ ਅਫਗਾਨ-ਨਿਯੰਤਰਿਤ ਸ਼ਾਂਤੀ ਪ੍ਰਕਿਰਿਆ ਦੀ ਵਕਾਲਤ ਕੀਤੀ ਹੈ। ਭਾਰਤ ਦੇ ਦ੍ਰਿਸ਼ਟੀਕੋਣ ਨਾਲ, ਬਾਹਰੀ ਦਖਲਅੰਦਾਜ਼ੀ ਨਾਲ ਕੱਟੜ ਸਮੂਹਾਂ ਨੂੰ ਬਲ ਮਿਲਣ, ਅੱਤਵਾਦ ਨੂੰ ਫਿਰ ਤੋਂ ਭੜਕਾਉਣ ਅਤੇ ਚਾਬਹਾਰ ਬੰਦਰਗਾਹ ਪ੍ਰਾਜੈਕਟ ਅਤੇ ਅੰਤਰਰਾਸ਼ਟਰੀ ਉੱਤਰ-ਦੱਖਣੀ ਟ ?ਰਾਂਸਪੋਰਟ ਕੋਰੀਡੋਰ ਵਰਗੀਆਂ ਵਿਕਾਸ ਅਤੇ ਸੰਪਰਕ ਪਹਿਲਕਦਮੀਆਂ ’ਚ ਅੜਿੱਕਾ ਪੈਦਾ ਹੋਣ ਦਾ ਖਤਰਾ ਹੈ। ਚੀਨ ਦਾ ਰੁਖ਼, ਹਾਲਾਂਕਿ ਵੱਖ-ਵੱਖ ਉਦੇਸ਼ਾਂ ਤੋਂ ਪ੍ਰੇਰਿਤ ਹੈ, ਇਸ ਮਾਮਲੇ ’ਚ ਭਾਰਤ ਦੇ ਰੁਖ ਦੇ ਨਾਲ ਮੇਲ ਖਾਂਦਾ ਹੈ। ਇਸ ਲਈ, ਬਗਰਾਮ ’ਤੇ ਮੁੜ ਕਬਜ਼ਾ ਕਰਨ ਦੀ ਅਮਰੀਕਾ ਦੀ ਇੱਛਾ ਸਿਰਫ਼ ਜ਼ਮੀਨ ਦੇ ਇਕ ਟੁਕੜੇ ਜਾਂ ਫੌਜੀ ਅੱਡੇ ਤੱਕ ਸੀਮਤ ਨਹੀਂ ਹੈ, ਇਹ ਇਸ ਗੱਲ ਦੀ ਪ੍ਰੀਖਿਆ ਹੈ ਕਿ ਪਿਛਲੇ 2 ਹਦਾਕਿਆਂ ਦੇ ਸਬਕ ਸਿੱਖੇ ਗਏ ਹਨ। ਜੇਕਰ ਇਤਿਹਾਸ ਕੋਈ ਮਾਰਗਦਰਸ਼ਕ ਹੈ ਤਾਂ ਇਸ ਖੇਤਰ ’ਚ ਸ਼ਾਂਤੀ ਦਾ ਰਸਤਾ ਬਗਰਾਮ ਦੇ ਹਵਾਈ ਜਹਾਜ਼ਾਂ ਤੋਂ ਨਹੀਂ ਸਗੋਂ ਕੂਟਨੀਤੀ ਅਤੇ ਸਨਮਾਨ ਤੋਂ ਹੋ ਕੇ ਜਾਂਦਾ ਹੈ।

# ਹਰਦੀਪ ਸਿੰਘ ਪੁਰੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ 'ਜੋੜੇ ਸਾਹਿਬ' ਪੰਥ ਨੂੰ ਸੌਂਪੇ





ਨਵੀਂ ਦਿੱਲੀ : ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਬੀਤੇ ਦਿਨ ਗੁਰਦੁਆਰਾ ਮੋਤੀ ਬਾਗ ਵਿਖੇ ਹੋਏ ਇੱਕ ਵਿਸ਼ੇਸ਼ ਕੀਰਤਨ ਸਮਾਗਮ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ ਜੋੜਾ ਸਾਹਿਬ (ਚਰਣ ਸੁਹਾਵੇ) ਦਿੱਲੀ ਗੁਰਦੁਆਰਾ ਕਮੇਟੀ ਨੂੰ ਸੌਂਪ ਦਿੱਤੇ। ਸੰਗਤ ਗੁਰਦੁਆਰਾ ਕੰਪਲੈਕਸ ਵਿੱਚ ਚਰਣ ਸੁਹਾਵੇ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈ। ਇਸ ਮੌਕੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਵੀ ਪਵਿੱਤਰ ਜੋੜਾ ਸਾਹਿਬ ਦੇ ਦਰਸ਼ਨ ਕੀਤੇ ਅਤੇ 'ਚਰਣ ਸੁਹਾਵੇ ਯਾਤਰਾ' ਲਈ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

ਦੱਸਣਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੁਦ ਇਹ ਜੋੜਾ ਸਾਹਿਬ ਕੇਂਦਰੀ ਮੰਤਰੀ ਦੇ ਪੁਰਖਿਆਂ ਨੂੰ ਸੌਂਪਿਆ ਸੀ। ਉਦੋਂ ਤੋਂ ਹੀ ਇਹ ਜੋੜਾ ਸਾਹਿਬ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਹੇਠ ਸੀ ਅਤੇ ਹੁਣ ਪੱਕੇ ਤੌਰ 'ਤੇ ਦਸਵੇਂ ਗੁਰੂ ਦੇ ਜਨਮ ਅਸਥਾਨ ਪਟਨਾ ਸਾਹਿਬ ਵਿਖੇ ਰੱਖਿਆ ਜਾਵੇਗਾ। ਕੀਰਤਨ ਸਮਾਗਮ ਵਿੱਚ ਹਰਦੀਪ ਪੁਰੀ ਨੇ ਜੋੜਾ ਸਾਹਿਬ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਸੰਗਤ ਦੇ ਦਰਸ਼ਨਾਂ ਲਈ ਸੌਂਪਿਆ। ਸੰਗਤ ਦੇ ਨਾਲ-ਨਾਲ ਲੋਕਾਂ ਨੇ ਵੀ ਆਪਣੇ ਸਿਰ ਝੁਕਾ ਕੇ ਗੁਰੂ ਦਾ ਆਸ਼ੀਰਵਾਦ ਲਿਆ।

ਦੱਸਣਯੋਗ ਹੈ ਕਿ 23 ਅਕਤੂਬਰ (ਵੀਰਵਾਰ) ਨੂੰ ਸਵੇਰੇ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੋਤੀ ਬਾਗ ਗੁਰਦੁਆਰੇ ਤੋਂ 'ਚਰਣ ਸੁਹਾਵੇ ਯਾਤਰਾ' ਕੱਢੀ ਜਾਵੇਗੀ। 24 ਅਕਤੂਬਰ ਨੂੰ ਇਹ ਯਾਤਰਾ ਆਗਰਾ ਜਾਵੇਗੀ; 25 ਨੂੰ ਬਰੇਲੀ; 26 ਨੂੰ ਮਹਿੰਗਾਪੁਰ; 27 ਨੂੰ ਲਖਨਊ; 28 ਨੂੰ ਕਾਨਪੁਰ; 29 ਨੂੰ ਪ੍ਰਯਾਗਰਾਜ; 30 ਨੂੰ ਵਾਰਾਣਸੀ ਰਾਹੀਂ ਸਸਾਰਾਮ; 31 ਨੂੰ ਗੁਰਦੁਆਰਾ ਗੁਰੂ ਕਾ ਬਾਗ, ਪਟਨਾ ਸਾਹਿਬ; ਅਤੇ 1 ਨਵੰਬਰ ਦੀ ਸਵੇਰ ਨੂੰ ਤਖ਼ਤ ਸ਼੍ਰੀ ਪਟਨਾ ਸਾਹਿਬ ਪਹੁੰਚ ਕੇ ਇਹ ਇਤਿਹਾਸਕ ਯਾਤਰਾ ਸਮਾਪਤ ਹੋਵੇਗੀ।










# ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਪਵਿੱਤਰ 'ਜੋੜਾ ਸਾਹਿਬ' ਦੇ ਕੀਤੇ ਦਰਸ਼ਨ





ਨਵੀਂ ਦਿੱਲੀ : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਨਵੀਂ ਦਿੱਲੀ ਸਥਿਤ ਇਤਿਹਾਸਕ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਮੱਥਾ ਟੇਕਿਆ। ਉਹ ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ 'ਜੋੜਾ ਸਾਹਿਬ' (ਪਾਵਨ ਖੜਾਵਾਂ) ਸੰਗਤਾਂ ਨੂੰ ਸੌਂਪੇ ਜਾਣ ਦੇ ਮੌਕੇ 'ਤੇ ਦਰਸ਼ਨ ਕਰਨ ਲਈ ਪਹੁੰਚੇ ਸਨ।

ਇਹ ਪਵਿੱਤਰ ਨਿਸ਼ਾਨੀਆਂ ਪਿਛਲੇ 300 ਸਾਲਾਂ ਤੋਂ ਵੱਧ ਸਮੇਂ ਤੋਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੇ ਪਰਿਵਾਰ ਕੋਲ ਸਾਂਭੀਆਂ ਹੋਈਆਂ ਸਨ। ਅੱਜ ਸ੍ਰੀ ਪੁਰੀ ਦੇ ਪਰਿਵਾਰ ਨੇ ਇਹ ਪਵਿੱਤਰ 'ਜੋੜਾ ਸਾਹਿਬ' ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੇ ਹਨ।

ਇਸ ਮੌਕੇ ਮੁੱਖ ਮੰਤਰੀ ਰੇਖਾ ਗੁਪਤਾ ਦੇ ਨਾਲ ਮੰਤਰੀ ਮਨਜਿੰਦਰ ਸਿੰਘ ਸਿਰਸਾ ਅਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਗੁਰੂ ਘਰ ਹਾਜ਼ਰੀ ਭਰੀ ਅਤੇ ਪਵਿੱਤਰ ਨਿਸ਼ਾਨੀਆਂ ਦੇ ਦਰਸ਼ਨ ਕੀਤੇ।

ਇਹ ਪਵਿੱਤਰ 'ਜੋੜਾ ਸਾਹਿਬ' ਹੁਣ 'ਗੁਰੂ ਚਰਨ ਯਾਤਰਾ' ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਲਿਜਾਏ ਜਾਣਗੇ, ਜਿੱਥੇ ਸੰਗਤਾਂ ਦੇ ਦਰਸ਼ਨਾਂ ਲਈ ਇਹਨਾਂ ਨੂੰ ਸਥਾਈ ਤੌਰ 'ਤੇ ਸਥਾਪਿਤ ਕੀਤਾ ਜਾਵੇਗਾ।

# ਭਾਜਪਾ ਸੰਸਦ ਮੈਂਬਰ ਬਾਂਸੁਰੀ ਸਵਰਾਜ ਨੇ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਪਵਿੱਤਰ 'ਜੋੜਾ ਸਾਹਿਬ' ਦੇ ਕੀਤੇ ਦਰਸ਼ਨ

ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਸਦ ਮੈਂਬਰ ਬਾਂਸੁਰੀ ਸਵਰਾਜ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਸਥਿਤ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਮੱਥਾ ਟੇਕਿਆ। ਉਹ ਇੱਥੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਵਿੱਤਰ 'ਜੋੜਾ ਸਾਹਿਬ' (ਪਾਵਨ ਖੜਾਵਾਂ) ਦੇ ਦਰਸ਼ਨ ਕਰਨ ਅਤੇ ਅਸ਼ੀਰਵਾਦ ਲੈਣ ਲਈ ਪਹੁੰਚੇ ਸਨ। ਇਹ ਪਵਿੱਤਰ ਨਿਸ਼ਾਨੀਆਂ, ਜੋ 300 ਸਾਲਾਂ ਤੋਂ ਵੱਧ ਸਮੇਂ ਤੋਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੇ ਪਰਿਵਾਰ ਕੋਲ ਸਾਂਭੀਆਂ ਹੋਈਆਂ ਸਨ, ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀਆਂ ਗਈਆਂ। ਇਸ ਇਤਿਹਾਸਕ ਮੌਕੇ 'ਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਮੰਤਰੀ ਮਨਜਿੰਦਰ ਸਿੰਘ ਸਿਰਸਾ ਅਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਵੀ ਮੌਜੂਦ ਸਨ। ਇਹ ਪਵਿੱਤਰ 'ਜੋੜਾ ਸਾਹਿਬ' ਹੁਣ 'ਗੁਰੂ



ਚਰਨ ਯਾਤਰਾ' ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਵਿਖੇ ਲਿਜਾਏ ਜਾਣਗੇ, ਜਿੱਥੇ ਸੰਗਤਾਂ ਦੇ ਦਰਸ਼ਨਾਂ ਲਈ ਇਹਨਾਂ ਨੂੰ ਸਥਾਈ ਤੌਰ 'ਤੇ ਸਥਾਪਿਤ ਕੀਤਾ ਜਾਵੇਗਾ।


ਅੰਮ੍ਰਿਤਸਰ: 'ਫਤਿਹ ਦਿਵਸ' ਮੌਕੇ ਕੱਢੇ ਗਏ ਧਾਰਮਿਕ ਜਲੌਸ (ਮਹੱਲੇ) ਦੌਰਾਨ ਸ਼ਾਮਲ ਇੱਕ ਨਿਹੰਗ ਸਿੰਘ।


'ਫਤਿਹ ਦਿਵਸ' ਮੌਕੇ ਕੱਢੇ ਗਏ ਮਹੱਲੇ ਦੌਰਾਨ ਨਿਹੰਗ ਸਿੰਘਾਂ ਨੇ ਘੋੜ ਸਵਾਰੀ ਅਤੇ ਨੇਜ਼ਾਬਾਜ਼ੀ ਦੇ ਜੌਹਰ ਵਿਖਾਏ। ਇਹ ਧਾਰਮਿਕ ਜਲੂਸ ਬੁੱਧਵਾਰ ਨੂੰ ਬੰਦੀ ਛੋੜ ਦਿਵਸ (ਦੀਵਾਲੀ) ਤੋਂ ਅਗਲੇ ਦਿਨ ਸਜਾਇਆ ਗਿਆ, ਜਿਸ ਵਿੱਚ ਨਿਹੰਗ ਸਿੰਘਾਂ ਨੇ ਆਪਣੇ ਰਵਾਇਤੀ ਕਰਤਬਾਂ ਦਾ ਪ੍ਰਦਰਸ਼ਨ ਕੀਤਾ।

# ਨਿਹੰਗ ਸਿੰਘਾਂ ਨੇ ਬੰਦੀ ਛੋੜ ਦਿਵਸ ਮੌਕੇ ਦਿਖਾਏ ਖਾਲਸਾਈ ਜੌਹਰ

## ਗਤਕੇ ਦੇ ਦਿਖਾਏ ਜੌਹਰ; ਘੋੜਿਆਂ ਦੇ ਕਰਤੱਬ ਦੇਖਣ ਲਈ ਪੁੱਜੇ ਵੱਡੀ ਗਿਣਤੀ ਲੋਕ

ਅੰਮ੍ਰਿਤਸਰ : ਸਮੂਹ ਨਿਹੰਗ ਸਿੰਘ ਦਲਾਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਵੱਲੋਂ ਅਰਦਾਸ ਕਰਨ ਉਪਰੰਤ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਬੁਰਜ ਬਾਬਾ ਫੂਲਾ ਸਿੰਘ ਅਕਾਲੀ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਤੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਬੰਦੀ ਛੋੜ ਦਿਵਸ (ਦੀਵਾਲੀ) ਨੂੰ ਸਮਰਪਿਤ ਮਹੱਲਾ ਕੱਢਿਆ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਮੱਲ ਅਖਾੜਾ ਵਿੱਚ ਅਖੰਡ ਪਾਠਾਂ ਦੇ ਭੋਗ ਪਾਏ ਗਏ। ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ, ਤੇ ਨਿਹੰਗ ਬਾਬਾ ਹਰਜੀਤ ਸਿੰਘ ਨੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਕੀਤੀਆਂ। ਬਾਬਾ ਇੰਦਰ ਸਿੰਘ ਬੁੱਢਾ ਦਲ ਦੇ ਇਤਿਹਾਸ ਸਬੰਧੀ ਜਾਣਕਾਰੀ ਸਾਂਝੀ ਕੀਤੀ। ਸਮੂਹ ਦਲਾਂ ਦੇ ਨਿਸ਼ਾਨਾਂ ਨੂੰ ਸਿਰੋਪੇ ਤੇ ਫੁੱਲਾਂ ਨਾਲ ਸਨਮਾਨਿਆ ਗਿਆ। ਇਸ ਦੌਰਾਨ ਵੱਖ-ਵੱਖ ਦਲਾਂ ਦੇ ਨਿਸ਼ਾਨਚੀਆਂ, ਨਗਾਰਚੀਆਂ, ਚੌਬਦਾਰਾਂ, ਗੁਰਜ ਵਾਲੇ ਸਿੰਘਾਂ, ਗ੍ਰੰਥੀਆਂ, ਕਥਾਵਾਚਕਾਂ ਅਤੇ ਮੁਖੀ ਜਥੇਦਾਰਾਂ ਦਾ ਸਨਮਾਨ ਕੀਤਾ ਗਿਆ। ਗੁਰਦੁਆਰਾ ਮੱਲ ਅਖਾੜਾ ਸਾਹਿਬ ਤੋਂ ਮਹੱਲਾ ਆਰੰਭ ਹੋਣ ਸਮੇਂ ਹਾਥੀਆਂ ਤੇ ਬੈਂਡ ਵਾਜਿਆਂ ਨਾਲ ਸਲਾਮੀ ਦਿੱਤੀ ਗਈ।



ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿੱਚ ਅਰਦਾਸ ਕਰਨ ਉਪਰੰਤ ਬਾਬਾ ਬਲਬੀਰ ਸਿੰਘ ਨੇ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਨੌਜਵਾਨਾਂ ਵੱਲੋਂ ਨਸ਼ਾ ਕਰਨ 'ਤੇ ਚਿੰਤਾ ਪ੍ਰਗਟਾਈ। ਮਹੱਲੇ ਵਿੱਚ ਨਿਹੰਗ ਸਿੰਘਾਂ ਨੇ ਜੰਗੀ ਮਾਹੌਲ ਦਾ ਦ੍ਰਿਸ਼ ਸਿਰਜਿਆ। ਮਹੱਲੇ ਦੇ ਅੱਗੇ ਗਤਕਾ ਕੋਚ ਬਾਬਾ ਦਰਸ਼ਨ ਸਿੰਘ ਪਟਿਆਲਾ ਅਤੇ ਭਾਈ ਸੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਗਤਕਾ ਖਿਡਾਰੀਆਂ ਨੇ ਜੌਹਰ ਦਿਖਾਏ। ਵਿਸ਼ਾਲ ਕਾਫ਼ਲਾ ਸ਼ਿੰਗਾਰੇ ਹੋਏ ਹਾਥੀਆਂ, ਘੋੜਿਆਂ, ਗੱਡੀਆਂ ਤੋਂ ਇਲਾਵਾ ਪੈਦਲ ਯਾਤਰਾ ਕਰਦੇ ਹੋਏ ਸ਼ੇਰਾਂਵਾਲਾ ਗੇਟ, ਮਹਾਂਸਿੰਘ ਗੇਟ, ਚੌਕ ਰਾਮਬਾਗ, ਹਾਲ ਗੇਟ, ਕਿਲਾ ਗੋਬਿੰਦਗੜ੍ਹ ਰਾਹੀਂ ਰੇਲਵੇ ਕਲੋਨੀ ਬੀ ਬਲਾਕ ਗਰਾਊਂਡ ਵਿੱਚ ਪੁੱਜਿਆ। ਘੋੜਿਆਂ ਦੀ ਦੌੜ ਤੇ ਨਿਹੰਗ ਸਿੰਘ ਦੇ ਜੌਹਰ ਦੇਖਣ ਲਈ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ। ਮਹੱਲੇ ਵਿੱਚ 96 ਕਰੋੜੀ ਪੰਜਵਾਂ ਤਖ਼ਤ ਚਲਦਾਵਹੀਰ ਤੋਂ ਇਲਾਵਾ ਜਥੇਦਾਰ ਬਾਬਾ ਜੋਗਾ ਸਿੰਘ ਮੁਖੀ ਸ਼ਹੀਦ ਮਿਸਲ ਬਾਬਾ ਦੀਪ ਸਿੰਘ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਜਥੇਦਾਰ ਦਲ ਪੰਥ ਬਾਬਾ ਬਿਧੀ ਚੰਦ ਤਰਨਾ ਦਲ ਸੁਰਸਿੰਘ, ਬਾਬਾ ਤਾਰਾ ਸਿੰਘ ਝਾੜ ਸਾਹਿਬ ਵਾਲੇ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ ਲੁਧਿਆਣਾ ਸ਼ਾਮਲ ਸਨ।

# ਸਰਦੀਆਂ ਲਈ ਕਪਾਟ ਬੰਦ ਹੋਣ ਤੋਂ ਪਹਿਲਾਂ ਕੇਦਾਰਨਾਥ ਮੰਦਿਰ ਫੁੱਲਾਂ ਅਤੇ ਰੌਸ਼ਨੀਆਂ ਨਾਲ ਸਜਾਇਆ ਗਿਆ


ਰੁਦਰਪ੍ਰਯਾਗ : ਬੁੱਧਵਾਰ ਨੂੰ ਸਰਦੀਆਂ ਦੇ ਮੌਸਮ ਲਈ ਰਸਮੀ ਤੌਰ 'ਤੇ ਕਪਾਟ ਬੰਦ ਹੋਣ ਤੋਂ ਪਹਿਲਾਂ, ਰੁਦਰਪ੍ਰਯਾਗ ਸਥਿਤ ਕੇਦਾਰਨਾਥ ਮੰਦਿਰ ਨੂੰ ਫੁੱਲਾਂ ਅਤੇ ਲਾਈਟਾਂ ਨਾਲ ਬਹੁਤ ਖੂਬਸੂਰਤੀ ਨਾਲ ਸਜਾਇਆ ਗਿਆ।

# ਕੁਲਦੀਪ ਧਾਲੀਵਾਲ ਨੇ ਦਰਬਾਰ ਸਾਹਿਬ ਵਿਖੇ ਪੰਜਾਬ ਦੀ ਚੜ੍ਹਦੀ ਕਲਾ ਲਈ ਕੀਤੀ ਅਰਦਾਸ



ਅੰਮ੍ਰਿਤਸਰ: ਦੀਵਾਲੀ ਅਤੇ ਬੰਦੀ ਛੋੜ ਦਿਵਸ ਦੇ ਪਵਿੱਤਰ ਮੌਕੇ 'ਤੇ 'ਆਪ' ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਉਨ੍ਹਾਂ ਨੇ ਸਮੂਹ ਸਿੱਖ ਪੰਥ ਨੂੰ ਇਸ ਇਤਿਹਾਸਕ ਦਿਹਾੜੇ ਦੀ ਵਧਾਈ ਦਿੱਤੀ। ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਗੁਰੂ ਰਾਮ ਦਾਸ ਜੀ ਅੱਗੇ ਦੋ ਅਰਦਾਸਾਂ ਕੀਤੀਆਂ ਹਨ - ਪਹਿਲੀ, ਪੰਜਾਬ ਦੀ ਤਰੱਕੀ, ਖੁਸ਼ਹਾਲੀ ਅਤੇ ਸ਼ਾਂਤੀ ਲਈ, ਅਤੇ ਦੂਜੀ, ਹਾਲ ਹੀ ਦੀਆਂ ਮੁਸ਼ਕਿਲਾਂ ਤੋਂ ਪ੍ਰਭਾਵਿਤ ਲੋਕਾਂ ਲਈ। ਉਨ੍ਹਾਂ ਅਰਦਾਸ ਕੀਤੀ ਕਿ ਗੁਰੂ ਸਾਹਿਬ ਉਨ੍ਹਾਂ 'ਤੇ ਮਿਹਰ ਕਰਨ ਤਾਂ ਜੋ ਉਹ ਅਗਲੀ ਦੀਵਾਲੀ ਆਪਣੇ ਪਰਿਵਾਰਾਂ ਨਾਲ ਖੁਸ਼ੀ-ਖੁਸ਼ੀ ਮਨਾ ਸਕਣ।

# ਭਾਰਤ ਸਾਲ ਦੇ ਅਖੀਰ ਤੱਕ ਰੂਸੀ ਤੇਲ ਦੀ ਖਰੀਦ 'ਲਗਪਗ ਬੰਦ' ਕਰ ਦੇਵੇਗਾ: ਟਰੰਪ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁੜ ਦਾਅਵੇ ਕੀਤਾ ਹੈ ਕਿ ਭਾਰਤ ਨੇ ਰੂਸ ਤੋਂ ਹੋਰ ਤੇਲ ਨਾ ਖਰੀਦਣ ਦੀ ਸਹਿਮਤੀ ਦਿੱਤੀ ਹੈ ਤੇ ਸਾਲ ਦੇ ਅਖੀਰ ਤੱਕ ਇਹ ਖਰੀਦ ਲਗਪਗ ਬੰਦ ਹੋ ਜਾਵੇਗੀ। ਹਾਲਾਂਕਿ ਟਰੰਪ ਨੇ ਕਿਹਾ ਕਿ ਇਹ ਇਕ ਅਮਲ ਹੈ, ਜਿਸ ਵਿਚ ਕੁਝ ਸਮਾਂ ਲੱਗੇਗਾ। ਟਰੰਪ ਨੇ ਕਿਹਾ ਕਿ ਉਹ ਚੀਨ ਨੂੰ ਵੀ ਅਜਿਹਾ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕਰਨਗੇ। ਚੀਨ ਅਤੇ ਭਾਰਤ ਰੂਸੀ ਕੱਚੇ ਤੇਲ ਦੇ ਦੋ ਸਭ ਤੋਂ ਵੱਡੇ ਖਰੀਦਦਾਰ ਹਨ।

ਅਮਰੀਕੀ ਸਦਰ ਨੇ ਬੁੱਧਵਾਰ ਨੂੰ ਵ ?ਹਾਈਟ ਹਾਊਸ ਵਿਚ ਪੱਤਰਕਾਰਾਂ ਨੂੰ ਕਿਹਾ, "ਕੀ ਤੁਸੀਂ ਜਾਣਦੇ ਹੋ, ਭਾਰਤ ਨੇ ਮੈਨੂੰ ਦੱਸਿਆ ਹੈ ਕਿ ਉਹ (ਰੂਸੀ ਤੇਲ ਦੀ ਖਰੀਦ) ਬੰਦ ਕਰਨ ਜਾ ਰਹੇ ਹਨ... ਇਹ ਇੱਕ ਪ੍ਰਕਿਰਿਆ ਹੈ। ਤੁਸੀਂ ਕਿਸੇ ਨੂੰ ਬੱਸ ਏਦਾਂ ਹੀ ਨਹੀਂ ਰੋਕ ਸਕਦੇ... ਸਾਲ ਦੇ ਅਖੀਰ ਤੱਕ, ਉਨ੍ਹਾਂ ਕੋਲ ਲਗਭਗ ਸਿਫ਼ਰ ਕਰੀਬ 40 ਫੀਸਦ ਤੇਲ ਰਹਿ ਜਾਵੇਗਾ। ਕੱਲ੍ਹ ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਨਾਲ ਗੱਲ ਕੀਤੀ। ਉਨ੍ਹਾਂ ਨੇ ਚੰਗਾ ਹੁੰਗਾਰਾ ਦਿੱਤਾ ਹੈ।"

ਚੇਤੇ ਰਹੇ ਕਿ ਟਰੰਪ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਦਾਅਵਾ ਕਰ ਰਹੇ ਹਨ ਕਿ ਭਾਰਤ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਰੂਸ ਤੋਂ ਆਪਣੀ ਤੇਲ ਦਰਾਮਦ ਨੂੰ ਕਾਫ਼ੀ ਘਟਾ ਦੇਵੇਗਾ। ਅਮਰੀਕਾ ਦਾ ਮੰਨਣਾ ਹੈ ਕਿ ਭਾਰਤ ਰੂਸ ਤੋਂ ਕੱਚਾ ਤੇਲ ਖਰੀਦ ਕੇ ਯੂਕਰੇਨ ਖਿਲਾਫ਼ ਜੰਗ ਵਿਚ ਪੂਤਿਨ ਦੀ ਅਸਿੱਧੇ ਤੌਰ 'ਤੇ ਮਦਦ ਕਰ ਰਿਹਾ ਹੈ। ਨਵੀਂ ਦਿੱਲੀ ਤੇ ਵਾਸ਼ਿੰਗਟਨ ਦਰਮਿਆਨ ਰਿਸ਼ਤੇ ਉਦੋਂ ਤੋਂ ਗੰਭੀਰ ਤਣਾਅ ਵਿੱਚ ਹਨ ਜਦੋਂ ਟਰੰਪ ਨੇ ਭਾਰਤੀ ਬਰਾਮਦ 'ਤੇ ਟੈਰਿਫ ਨੂੰ ਦੁੱਗਣਾ ਕਰਕੇ 50 ਫੀਸਦ ਕਰ ਦਿੱਤਾ ਸੀ। ਇਸ ਵਿੱਚ ਭਾਰਤ ਵੱਲੋਂ ਰੂਸੀ ਕੱਚੇ ਤੇਲ ਦੀ ਖਰੀਦ ਕਰਕੇ ਲਾਇਆ 25 ਫੀਸਦ ਦਾ ਜੁਰਮਾਨਾ ਵੀ ਸ਼ਾਮਲ ਹੈ। ਭਾਰਤ ਨੇ ਉਦੋਂ ਅਮਰੀਕੀ ਕਾਰਵਾਈ ਨੂੰ 'ਗੈਰ-ਵਾਜਬ ਅਤੇ ਬੇਤੁਕੀ' ਦੱਸਿਆ ਸੀ।

# ਸਾਨੇ ਤਾਕਾਇਚੀ ਬਣੀ ਜਾਪਾਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ

## ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਤੀ ਵਧਾਈ



ਟੋਕਿਓ : ਜਾਪਾਨ ਦੀ ਸਾਨੇ ਤਾਕਾਇਚੀ ਦੇਸ਼ ਦੀ ਪ੍ਰਧਾਨ ਮੰਤਰੀ ਚੁਣੀ ਗਈ। ਉਹ ਜਾਪਾਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਹੈ। ਤਾਕਾਇਚੀ ਨੇ ਸੰਸਦ ਦੇ ਹੇਠਲੇ ਸਦਨ ਵਿਚ 237 ਵੋਟਾਂ ਨਾਲ ਚੋਣ ਜਿੱਤੀ। ਹੇਠਲੇ ਸਦਨ ਤੋਂ ਬਾਅਦ ਉਹ ਉਪਰਲੇ ਸਦਨ ਲਈ ਵੀ ਚੁਣੀ ਗਈ, ਜਿਥੇ ਪਹਿਲੇ ਦੌਰ ਵਿਚ ਬਹੁਮਤ ਤੋਂ ਇਕ ਵੋਟ ਘੱਟ ਰਹਿਣ ਤੋਂ ਬਾਅਦ, ਉਸ ਨੇ ਦੂਜੇ ਦੌਰ ਵਿਚ 125-46 ਦੇ ਫ਼ਰਕ ਨਾਲ ਜਿੱਤ ਪ੍ਰਾਪਤ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਤਾਕਾਇਚੀ ਨੂੰ ਵਧਾਈ ਦਿੱਤੀ ਹੈ। ਤਾਕਾਇਚੀ ਇਕ ਕਮਜ਼ੋਰ ਗੱਠਜੋੜ ਨਾਲ ਪ੍ਰਧਾਨ ਮੰਤਰੀ ਬਣੀ। ਉਹ ਸਵਰਗੀ ਸਾਬਕਾ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਦੀ ਸਮਰਥਕ ਹੈ ਅਤੇ ਇਕ ਮਜ਼ਬੂਤ ਫੌਜੀ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਜਾਪਾਨ ਦੇ ਸ਼ਾਂਤੀਵਾਦੀ ਸੰਵਿਧਾਨ ਵਿਚ ਸੋਧਾਂ ਦੀ ਵਕਾਲਤ ਕਰਦੀ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਤਾਕਾਇਚੀ ਨੂੰ ਐਲ.ਡੀ.ਪੀ. ਦਾ ਨੇਤਾ ਚੁਣਿਆ ਗਿਆ ਸੀ। ਤਾਕਾਇਚੀ ਨੇ 2021 ਅਤੇ 2024 ਵਿਚ ਵੀ ਪ੍ਰਧਾਨ ਮੰਤਰੀ ਬਣਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਸਫ਼ਲ ਰਹੀ।ਤਾਕਾਇਚੀ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਦੀ ਥਾਂ ਲੈਣਗੇ। ਜੁਲਾਈ ਵਿਚ ਹੋਈਆਂ ਉੱਚ ਸਦਨ ਦੀਆਂ ਚੋਣਾਂ ਵਿਚ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਪਾਰਟੀ ਦੇ ਅੰਦਰ ਇਸ਼ੀਬਾ ਦਾ ਵਿਰੋਧ ਵਧਿਆ। ਐਲ.ਡੀ.ਪੀ. ਨੇ ਤਾਕਾਚੀ ਨੂੰ ਅਜਿਹੇ ਸਮੇਂ ਚੁਣਿਆ ਹੈ ਜਦੋਂ ਦੇਸ਼ ਦੇ ਲੋਕ ਮਹਿੰਗਾਈ ਤੋਂ ਨਾਰਾਜ਼ ਹਨ ਅਤੇ ਵਿਰੋਧੀ ਪਾਰਟੀਆਂ ਦਾ ਸਮਰਥਨ ਕਰਨਾ ਸ਼ੁਰੂ ਕਰ ਰਹੇ ਹਨ। ਤਾਕਾਚੀ ਨੂੰ ਸਾਬਕਾ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਦਾ ਕਰੀਬੀ ਮੰਨਿਆ ਜਾਂਦਾ ਹੈ। ਸ਼ਿੰਜ਼ੋ ਜਾਪਾਨ ਦੇ ਸਭ ਤੋਂ ਲੰਬੇ ਸਮੇਂ ਤੱਕ ਪ੍ਰਧਾਨ ਮੰਤਰੀ ਰਹੇ ਅਤੇ ਉਨ੍ਹਾਂ ਨੂੰ ਚੀਨ ਵਿਰੋਧੀ ਨੇਤਾ ਮੰਨਿਆ ਜਾਂਦਾ ਹੈ। ਤਾਕਾਚੀ ਦੇਸ਼ ਵਿੱਚ ਇੱਕ ਮਰਦ ਰਾਜਾ ਦੇ ਸ਼ਾਸਨ ਦਾ ਸਮਰਥਨ ਕਰਦਾ ਹੈ ਅਤੇ ਰਾਣੀ ਦੇ ਗੱਦੀ ਅਤੇ ਰਾਜ 'ਤੇ ਬੈਠਣ ਦਾ ਵਿਰੋਧ ਕਰਦਾ ਹੈ।





ਪਟਨਾ ਵਿੱਚ ਛੱਠ ਪੂਜਾ ਤੋਂ ਪਹਿਲਾਂ ਇੱਕ ਪ੍ਰਕਾਸ਼ਮਾਨ ਦੀਘਾ ਘਾਟ ਦਾ ਦ੍ਰਿਸ਼।

# ਬੰਦੀ ਸਿੰਘਾਂ ਦੀ ਰਿਹਾਈ ਲਈ ਤਿਹਾੜ ਜੇਲ੍ਹ ਮੂਹਰੇ ਸੰਗਤੀ ਅਰਦਾਸ

## ਸਰਨਾ ਤੇ ਜੀ.ਕੇ. ਨੇ ਸਰਕਾਰਾਂ ਦੇ ਦੂਹਰੇ ਮਾਪਦੰਡਾਂ 'ਤੇ ਚੁੱਕੇ ਸਵਾਲ

ਨਵੀਂ ਦਿੱਲੀ : ਬੰਦੀ ਛੋੜ ਦਿਵਸ ਮੌਕੇ ਤਿਹਾੜ ਜੇਲ੍ਹ ਦੇ ਬਾਹਰ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਗਤੀ ਅਰਦਾਸ ਕੀਤੀ ਗਈ, ਜਿਸ ਵਿਚ ਦਿੱਲੀ ਦੀਆਂ ਪੰਥਕ ਜਥੇਬੰਦੀਆਂ ਦੇ ਇਨਸਾਫ਼ ਪਸੰਦ ਲੋਕਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ ਨੇ ਬੰਦੀ ਸਿੰਘਾਂ ਦੀ ਰਿਹਾਈ 'ਚ ਹੋ ਰਹੀ ਦੇਰੀ ਲਈ ਸਰਕਾਰਾਂ ਦੇ ਦੂਹਰੇ ਮਾਪਦੰਡਾਂ 'ਤੇ ਸਵਾਲ ਚੁੱਕੇ ਤੇ ਕਿਹਾ ਕਿ ਸਰਕਾਰ ਨੂੰ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕਰਨ ਦੇ ਲਏ ਆਪਣੇ ਫ਼ੈਸਲੇ ਨੂੰ ਬਦਲਣਾ ਪਵੇਗਾ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਸੰਸਦ ਅੰਦਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦੀ ਗੱਲ 'ਤੇ ਉਨ੍ਹਾਂ ਵਲੋਂ ਮੁਆਫ਼ੀ ਨਾ ਮੰਗਣ ਦੇ ਦਿੱਤੇ ਹਵਾਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੰਦੀ ਸਿੰਘਾਂ ਵਲੋਂ ਆਪਣੇ ਕੀਤੇ 'ਤੇ ਮੁਆਫ਼ੀ ਮੰਗਣ ਦਾ



ਸਵਾਲ ਹੀ ਨਹੀਂ ਬਣਦਾ। ਕਿਉਂਕਿ ਉਹ ਸਿੱਖ ਹੀ ਨਹੀਂ ਜਿਹੜਾ ਕੌਮੀ ਫ਼ਰਜ਼ਾਂ ਨੂੰ ਨਿਭਾਉਣ ਦੀ ਮੁਆਫ਼ੀ ਮੰਗੇ। ਸਰਨਾ ਤੇ ਜੀ.ਕੇ. ਨੇ ਕਿਹਾ ਕਿ 30-32 ਸਾਲ ਦੀਆਂ ਸਜ਼ਾਵਾਂ ਕੱਟਣ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਨਹੀਂ ਛੱਡਿਆ ਜਾ ਰਿਹਾ। ਸਰਕਾਰ ਨੂੰ ਸਿੱਖਾਂ ਨੂੰ ਇਨਸਾਫ਼ ਦੇਣ ਵੇਲੇ ਇਸ ਤਰ੍ਹਾਂ ਭੱਜਣਾ ਨਹੀਂ ਚਾਹੀਦਾ। ਡਾ. ਪਰਮਿੰਦਰ ਪਾਲ ਸਿੰਘ ਨੇ ਦੱਸਿਆ ਕਿ ਦਿੱਲੀ ਸਰਕਾਰ ਦੇ 'ਸਜ਼ਾ ਸਮੀਖਿਆ ਬੋਰਡ' ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਰਜ਼ੀ ਨੂੰ ਪਹਿਲਾਂ ਵੀ ਚਾਰ ਵਾਰ ਠੁਕਰਾ ਚੁੱਕਿਆ ਹੈ। ਇਸ ਕਰਕੇ ਹੁਣ ਦਿੱਲੀ ਹਾਈ ਕੋਰਟ ਨੇ ਇੱਕ ਵਾਰ ਫਿਰ ਤੋਂ ਸਜ਼ਾ ਸਮੀਖਿਆ ਬੋਰਡ ਨੂੰ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਜੋ ਕਿ ਜੇਲ੍ਹ ਮੰਤਰੀ ਹੋਣ ਦੇ ਨਾਤੇ ਸਜ਼ਾ ਸਮੀਖਿਆ ਬੋਰਡ ਦੀ ਚੇਅਰਪਰਸਨ ਹਨ, ਉਨ੍ਹਾਂ ਨੂੰ ਤੁਰੰਤ ਮੀਟਿੰਗ ਬੁਲਾ ਕੇ ਭਾਈ ਭੁੱਲਰ ਦੀ ਰਿਹਾਈ ਦਾ ਐਲਾਨ ਕਰਨਾ ਚਾਹੀਦਾ ਹੈ।

# ਪੁਲਿਸ ਯਾਦਗਾਰੀ ਦਿਵਸ: ਡੀਜੀਪੀ ਗੌਰਵ ਯਾਦਵ ਨੇ ਜਲੰਧਰ ਵਿਖੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



ਜਲੰਧਰ (ਪੰਜਾਬ): ਪੁਲਿਸ ਯਾਦਗਾਰੀ ਦਿਵਸ ਮੌਕੇ ਜਲੰਧਰ ਵਿਖੇ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੇਸ਼ ਲਈ ਜਾਨਾਂ ਵਾਰਨ ਵਾਲੇ ਪੁਲਿਸ ਦੇ ਬਹਾਦਰ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਨੇ ਪੁਲਿਸ ਬਲਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ।

# ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਦਾ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਨਮਾਨ

ਅੰਮ੍ਰਿਤਸਰ : ਪੰਥ ਦੇ ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ, ਜੋ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੋਂ ਲੈ ਕੇ ਬੰਦੀ ਛੋੜ ਦਿਵਸ ਦਿਵਾਲੀ ਤੱਕ 6 ਅਕਤੂਬਰ ਤੋਂ 22 ਅਕਤੂਬਰ ਤੱਕ ਸ੍ਰੀ ਦਰਬਾਰ ਸਾਹਿਬ ਸਮੂਹ ਦੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਵਿਚਾਰਾਂ ਦੀ ਸੇਵਾ ਨਿਭਾਅ ਰਹੇ ਸਨ, ਦਾ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਅਤੇ ਹੋਰ ਸਿੱਖ ਜਥੇਬੰਦੀਆਂ ਵਲੋਂ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਧਾਮੀ ਅਤੇ ਗਿਆਨੀ ਰਘਬੀਰ ਸਿੰਘ ਵਲੋਂ ਗਿਆਨੀ ਪਿੰਦਰਪਾਲ ਸਿੰਘ ਵਲੋਂ ਨਿਭਾਈਆਂ ਜਾ ਰਹੀਆਂ ਗੁਰਮਤਿ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਨੂੰ ਸ੍ਰੀ ਸਾਹਿਬ, ਸਿਰੋਪਾਓ, ਦੁਸ਼ਾਲਾ ਅਤੇ ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਿਆਨੀ ਸੁਲਤਾਨ ਸਿੰਘ, ਮੁੱਖ ਸਕੱਤਰ ਕੁਲਵੰਤ ਸਿੰਘ





ਮੰਨਣ, ਭਾਈ ਅਮਰਜੀਤ ਸਿੰਘ ਚਾਵਲਾ ਭਾਈ ਰਜਿੰਦਰ ਸਿੰਘ ਮਹਿਤਾ, ਅਜੈਬ ਸਿੰਘ ਅਭਿਆਸੀ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ ਵਧੀਕ ਸਕੱਤਰ ਸਰਦਾਰ ਮਥਰੇਵਾਲ ਸਮੇਤ ਹੋਰ ਪ੍ਰਮੁੱਖ ਪੰਥਕ ਸ਼ਖ਼ਸ਼ੀਅਤਾਂ ਅਤੇ ਸੰਗਤਾਂ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਗਿਆਨੀ ਪਿੰਦਰਪਾਲ ਸਿੰਘ ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਅਤੇ ਬੰਦੀ ਛੋੜ ਦਿਵਸ ਮੌਕੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਸਰਵਣ ਕਰਾਉਣ ਲਈ ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਪੁੱਜ ਰਹੇ ਹਨ।

# ਪੁਲਿਸ ਸ਼ਹੀਦੀ ਯਾਦਗਾਰੀ ਦਿਵਸ : ਚੰਡੀਗੜ੍ਹ ਨੇ ਬਹਾਦਰਾਂ ਨੂੰ ਕੀਤਾ ਯਾਦ



ਚੰਡੀਗੜ੍ਹ: ਪੁਲਿਸ ਸ਼ਹੀਦੀ ਯਾਦਗਾਰੀ ਦਿਵਸ ਮੌਕੇ ਕੈਪੀਟਲ ਕੰਪਲੈਕਸ ਵਿਖੇ ਹੋਏ ਸਮਾਗਮ ਦੌਰਾਨ ਡੀਜੀਪੀ ਸਾਗਰ ਪ੍ਰੀਤ ਹੁੱਡਾ ਅਤੇ ਹੋਰ ਅਧਿਕਾਰੀਆਂ ਨੇ ਸ਼ਹੀਦ ਪੁਲਿਸ ਮੁਲਾਜ਼ਮਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਹ ਦਿਨ ਇੱਕ ਹਮਲੇ ਵਿੱਚ 10 ਪੁਲਿਸ ਕਰਮਚਾਰੀਆਂ ਦੀ ਇਤਿਹਾਸਕ ਸ਼ਹਾਦਤ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਪਿਛਲੇ ਸਾਲ ਦੌਰਾਨ, ਦੇਸ਼ ਭਰ ਵਿੱਚ 191 ਪੁਲਿਸ ਅਤੇ ਕੇਂਦਰੀ ਬਲਾਂ ਦੇ ਜਵਾਨਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਜਿਨ੍ਹਾਂ ਵਿੱਚ ਚੰਡੀਗੜ੍ਹ ਦੇ 3 ਜਵਾਨ (ਹੈੱਡ ਕਾਂਸਟੇਬਲ ਜਿੰਦਰ ਸਿੰਘ, ਕਾਂਸਟੇਬਲ ਦਰ ਸਿੰਘ ਅਤੇ ਇੱਕ ਹੋਮ ਗਾਰਡ ਵਲੰਟੀਅਰ) ਵੀ ਸ਼ਾਮਲ ਹਨ।

## ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਬੰਦੀ ਛੋੜ ਦਿਵਸ ਨੂੰ ਸਮਰਪਿਤ

# ਕੀਰਤਨ ਸਮਾਗਮ



23 ਅਤੇ 24 ਅਕਤੂਬਰ, ਵੀਰਵਾਰ ਅਤੇ ਸ਼ੁੱਕਰਵਾਰ, ਸ਼ਾਮ 7.00 ਤੋਂ 8.00 ਵਜੇ ਤੱਕ
**ਸਿੱਖ ਗੁਰਦੁਆਰਾ ਆਫ਼ ਉਟਾਹ (Utah)**
4897 S Redwood Rd. Taylorsville

26 ਅਕਤੂਬਰ, ਐਤਵਾਰ ਦੁਪਹਿਰ 12.00 ਤੋਂ 12.45
**ਗੁਰਦੁਆਰਾ ਸਾਹਿਬ ਹੇਵਰਡ**
1805 Hill Ave, Hayward Ca

26 ਅਕਤੂਬਰ, ਐਤਵਾਰ ਦੁਪਹਿਰ 12.30 ਤੋਂ 1.00
**ਗੁਰਦੁਆਰਾ ਸਾਹਿਬ ਫਰੀਮੌਂਟ**
300 Gurdwara Rd, Fremont Ca

20 ਅਕਤੂਬਰ, ਸੋਮਵਾਰ, ਸ਼ਾਮ 7.15 ਤੋਂ 8.15 ਵਜੇ ਤੱਕ
**ਸੈਕਰਾਮੈਂਟੋ ਸਿੱਖ ਸੁਸਾਇਟੀ**
7676 Bradshaw Rd, Sacramento Ca

21 ਅਕਤੂਬਰ, ਮੰਗਲਵਾਰ, ਸ਼ਾਮ 7.00 ਤੋਂ 8.00 ਵਜੇ ਤੱਕ
**ਸਿੱਖ ਗੁਰਦੁਆਰਾ ਮੋਡੈਸਟੋ**
5743 E Hatch Rd, Hughson Ca

22 ਅਕਤੂਬਰ, ਬੁੱਧਵਾਰ, ਸ਼ਾਮ 7.00 ਤੋਂ 8.00 ਵਜੇ ਤੱਕ
**ਗੁਰਦੁਆਰਾ ਸਾਹਿਬ, ਗ਼ਦਰੀ ਬਾਬੇ**
1930 Sikh Tample Street, Stockto CA

25 ਅਕਤੂਬਰ, ਸ਼ਨੀਵਾਰ ਸ਼ਾਮ 7.00 ਤੋਂ 8.00 ਵਜੇ ਤੱਕ
**ਗੁਰਦੁਆਰਾ ਸੰਤ ਸਾਗਰ**
1541 Jessie Ave, Sacramento Ca.



**ਭਾਈ ਬਲਦੇਵ ਸਿੰਘ ਵਡਾਲਾ**
ਹਜ਼ੂਰੀ ਰਾਗੀ ਸ੍ਰੀ ਦਰਬਾਰ,
ਸ੍ਰੀ ਅੰਮ੍ਰਿਤਸਰ

sadelok.com

### ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ

# ਭਾਰਤ ਦੇ ਵੱਖ ਵੱਖ ਹਿੱਸਿਆਂ 'ਚ ਨਰਮਦਾ ਅਤੇ ਨਦੀ ਦੇ ਕੰਢੇ ਸ਼ਰਧਾ ਨਾਲ ਮਨਾਈ ਗਈ ਗੋਵਰਧਨ ਪੂਜਾ











ਜਬਲਪੁਰ : ਅੱਜ ਜਬਲਪੁਰ ਵਿੱਚ ਗੋਵਰਧਨ ਪੂਜਾ ਦਾ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬੁੱਧਵਾਰ ਨੂੰ ਵੱਡੀ ਗਿਣਤੀ ਵਿੱਚ ਸ਼ਰਧਾਲੂ, ਖਾਸ ਕਰਕੇ ਔਰਤਾਂ, ਨਰਮਦਾ ਨਦੀ ਦੇ ਕੰਢੇ ਇਕੱਠੀਆਂ ਹੋਈਆਂ। ਇਸ ਮੌਕੇ ਸ਼ਰਧਾਲੂਆਂ ਨੇ ਨਦੀ ਦੇ ਕਿਨਾਰੇ ਗੋਵਰਧਨ ਪੂਜਾ ਦੀਆਂ ਸਾਰੀਆਂ ਰਸਮਾਂ ਨਿਭਾਈਆਂ। ਉਨ੍ਹਾਂ ਨੇ ਗੋਹੇ ਨਾਲ ਗੋਵਰਧਨ ਪਰਬਤ ਦਾ ਪ੍ਰਤੀਕ ਬਣਾਇਆ ਅਤੇ ਭਗਵਾਨ ਕ੍ਰਿਸ਼ਨ ਦੀ ਪੂਜਾ ਕੀਤੀ। ਸ਼ਰਧਾਲੂਆਂ ਵੱਲੋਂ 'ਅੰਨਕੂਟ' (ਵੱਖ-ਵੱਖ ਪਕਵਾਨਾਂ) ਦਾ ਭੋਗ

# ਸਿੱਖਾਂ ਪ੍ਰਤੀ ਕਿਨੀ ਨਫਰਤ ਹੈ ਇਹਨਾ ਲੋਕਾਂ ਦੇ ਵਿੱਚ : ਸਿੰਘ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਸਮੇਂ-ਸਮੇਂ 'ਤੇ ਸਿੱਖਾਂ ਖਿਲਾਫ਼ ਨਫ਼ਰਤ ਫੈਲਾਉਣ ਲਈ ਸੋਸ਼ਲ ਮੀਡੀਆ 'ਤੇ ਸੋਚੇ-ਸਮਝੇ ਏਜੰਡੇ ਚਲਾਏ ਜਾਂਦੇ ਹਨ। ਸਿੱਖ ਜੇ ਆਪਣੇ ਹੱਕਾਂ ਲਈ ਅਵਾਜ਼ ਬੁਲੰਦ ਕਰਨ ਜਾਂ ਲਿਖਣ, ਤਾਂ ਉਹਨਾਂ ਉੱਤੇ ਤੁਰੰਤ ਪਰਚੇ ਦਰਜ਼ ਹੋ ਜਾਂਦੇ ਹਨ; ਪਰ ਜਿਹੜੇ ਸਿੱਖਾਂ ਖਿਲਾਫ਼ ਨਫ਼ਰਤ ਤੇ ਜ਼ਹਿਰ ਫੈਲਾ ਰਹੇ ਹਨ, ਉਹਨਾਂ ਖਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ। ਹੁਣ ਇਸੀ ਨਫ਼ਰਤੀ ਏਜੰਡੇ ਦੇ ਤਹਿਤ 'ਬੰਦੀ ਛੋੜ ਦਿਵਸ' ਵਰਗੇ ਸਿੱਖ ਪਵਿੱਤਰ ਤਿਉਹਾਰ ਖਿਲਾਫ਼ ਵੀ ਜ਼ਹਿਰ ਉਗਲਿਆ ਜਾ ਰਿਹਾ ਹੈ। ਜਿਹੜੇ ਤਿਉਹਾਰ ਖੁਸ਼ੀ, ਆਜ਼ਾਦੀ ਤੇ ਭਾਈਚਾਰੇ ਦੀ ਸਾਂਝ ਦੇ ਪ੍ਰਤੀਕ ਹਨ, ਉਹਨਾਂ ਨੂੰ ਫਿਰਕੂ ਨਫ਼ਰਤ ਦੀ ਨਿਗਾਹ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੇਸ਼ ਤੇ ਵਿਦੇਸ਼ਾਂ ਦੇ ਨੇਤਾ ਜਦੋਂ ਸਿੱਖ ਭਾਈਚਾਰੇ ਨੂੰ 'ਬੰਦੀ ਛੋੜ ਦਿਵਸ' ਦੀਆਂ ਮੁਬਾਰਕਾਂ ਦੇ ਰਹੇ ਹਨ, ਉਹਨਾਂ 'ਤੇ ਨਫ਼ਰਤੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ — ਜੋ ਸਿਰਫ਼ ਸਿੱਖਾਂ ਨਹੀਂ, ਸਾਰੇ ਦੇਸ਼ ਦੀ ਸਾਂਝੀ ਸੱਭਿਆਚਾਰਕ ਰੂਹ ਖਿਲਾਫ਼ ਹੈ। ਇਸ ਨਾਲ ਨਾ ਸਿਰਫ਼ ਮੁਲਕ ਭਰ ਵਿੱਚ ਸਿੱਖਾਂ ਪ੍ਰਤੀ ਅਜਿਹੀ ਨਫ਼ਰਤ ਫੈਲਾਈ ਜਾ ਰਹੀ ਹੈ ਜਿਹੜੀ ਉਨ੍ਹਾਂ ਖ਼ਿਲਾਫ਼ ਕਿਸੇ ਵੇਲੇ ਵੀ ਵੱਡੀ ਹਿੰਸਾ ਦਾ ਕਾਰਨ ਬਣ ਸਕਦੀ ਹੈ, ਸਗੋਂ ਵਿਦੇਸ਼ਾਂ ਵਿੱਚ ਵੀ ਇਹੋ ਜਿਹੇ ਨਫ਼ਰਤੀ ਪ੍ਰਚਾਰ ਨਾਲ ਮੁਲਕ ਦੇ ਅਕਸ ਦੇ ਮਾੜਾ ਅਸਰ ਪੈਂਦਾ ਹੈ। ਜਦੋਂ ਭਾਰਤ ਦਾ ਸਾਬਕਾ ਵਿਦੇਸ਼ ਸਕੱਤਰ ਬੰਦੀ ਛੋੜ ਦਿਵਸ ਪ੍ਰਤੀ ਇਹੋ ਜਿਹੀਆਂ ਟਿੱਪਣੀਆਂ ਕਰੇ ਤਾਂ ਇਹ ਵੱਡੇ ਦੁੱਖ ਦੀ ਗੱਲ ਹੈ। ਬਿਨਾਂ ਰੋਕ ਟੋਕ ਹੋ ਰਿਹਾ ਇਹ ਸਾਰਾ ਪ੍ਰਚਾਰ ਸਿੱਖਾਂ ਵਿੱਚ ਬੇਗਾਨਗੀ ਦੀ ਭਾਵਨਾ ਵਧਾਉਂਦਾ ਹੈ। ਜਦਕਿ ਪੁਰਾਣੇ ਜ਼ਖ਼ਮਾਂ ਤੇ ਮੱਲ੍ਹਮ ਲੱਗ ਨਹੀਂ ਰਹੀ। ਦੁੱਖ ਦੀ ਗੱਲ ਹੈ ਕਿ ਇਸ ਨਫ਼ਰਤੀ ਮੁਹਿੰਮ 'ਤੇ ਵਿਦੇਸ਼ ਮੰਤਰਾਲਾ ਤੇ ਬਾਕੀ ਦੀ ਭਾਰਤ ਸਰਕਾਰ ਵੀ ਚੁੱਪ ਹੈ, ਜਦਕਿ ਪੰਜਾਬ ਸਰਕਾਰ ਦੀ ਚੁੱਪ ਇਹ ਦਰਸਾਉਂਦੀ ਹੈ ਕਿ ਉਹ ਸਿੱਖਾਂ ਖਿਲਾਫ਼ ਫੈਲਾਈ ਜਾ ਰਹੀ ਨਫ਼ਰਤ 'ਤੇ ਕਿੰਨੀ ਸਹਿਮਤ ਹੈ।




# ਸੀਬੀਆਈ ਵੱਲੋਂ ਪੰਜਾਬ ਪੁਲਿਸ ਦੇ ਡੀਆਈਜੀ 8 ਲੱਖ ਰੁਪਏ ਦੀ ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰ, ਕਰੋੜਾਂ ਦੀ ਨਕਦੀ ਬਰਾਮਦ



ਨਵੀਂ ਦਿੱਲੀ: ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਭ੍ਰਿਸ਼ਟਾਚਾਰ ਦੇ ਇੱਕ ਵੱਡੇ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਇੱਕ ਸੀਨੀਅਰ ਆਈਪੀਐੱਸ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ ਹੈ। 2009 ਬੈਚ ਦੇ ਇਹ ਅਧਿਕਾਰੀ, ਜੋ ਮੌਜੂਦਾ ਸਮੇਂ ਵਿੱਚ ਬਤੌਰ ਡੀਆਈਜੀ, ਰੋਪੜ ਰੇਂਜ, ਤਾਇਨਾਤ ਸਨ, ਨੂੰ ਇੱਕ ਨਿੱਜੀ ਵਿਅਕਤੀ ਸਮੇਤ 8 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

ਸੀਬੀਆਈ ਨੇ ਇਸ ਕਾਰਵਾਈ ਦੌਰਾਨ ਡੀਆਈਜੀ ਦੇ ਵੱਖ-ਵੱਖ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ, ਜਿੱਥੋਂ ਵੱਡੀ ਮਾਤਰਾ ਵਿੱਚ ਨਕਦੀ ਅਤੇ ਇਤਰਾਜ਼ਯੋਗ ਸਮੱਗਰੀ ਬਰਾਮਦ ਹੋਈ ਹੈ। ਛਾਪੇਮਾਰੀ ਦੌਰਾਨ:

- ਲਗਭਗ 5 ਕਰੋੜ ਰੁਪਏ (ਅਤੇ ਗਿਣਤੀ ਜਾਰੀ ਹੈ) ਨਕਦ ਬਰਾਮਦ ਹੋਏ।
- ਕਰੀਬ 1.5 ਕਿਲੋਗ੍ਰਾਮ ਸੋਨੇ ਦੇ ਗਹਿਣੇ ਮਿਲੇ।
- ਇਸ ਤੋਂ ਇਲਾਵਾ ਹੋਰ ਜਾਇਦਾਦਾਂ ਨਾਲ ਸਬੰਧਤ ਦਸਤਾਵੇਜ਼ ਵੀ ਜ਼ਬਤ ਕੀਤੇ ਗਏ ਹਨ।

ਸੀਬੀਆਈ ਨੇ ਦੱਸਿਆ ਕਿ ਇਹ ਕਾਰਵਾਈ ਇੱਕ ਸ਼ਿਕਾਇਤ ਦੇ ਅਧਾਰ 'ਤੇ ਕੀਤੀ ਗਈ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਡੀਆਈਜੀ ਇੱਕ ਨਿੱਜੀ ਵਿਅਕਤੀ (ਵਿਚੋਲੇ) ਰਾਹੀਂ ਇੱਕ ਮਾਮਲੇ ਨੂੰ ਰਫਾ-ਦਫਾ ਕਰਨ ਬਦਲੇ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਸੀਬੀਆਈ ਨੇ ਜਾਲ ਵਿਛਾ ਕੇ ਵਿਚੋਲੇ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ, ਜਿਸ ਤੋਂ ਬਾਅਦ ਡੀਆਈਜੀ ਦੀ ਗ੍ਰਿਫ਼ਤਾਰੀ ਹੋਈ। ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਧੂਮਧਾਮ ਨਾਲ ਮਨਾਈ ਗਈ, ਸੰਗਤਾਂ ਦਾ ਰਿਕਾਰਡ ਤੋੜ ਇਕੱਠ















ਫਰੀਮਾਂਟ, (ਕੈਲੀਫੋਰਨੀਆ) : ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਵਿਖੇ ਮੀਰੀ-ਪੀਰੀ ਦੇ ਮਾਲਕ, ਬੰਦੀ ਛੋੜ ਦਾਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪਵਿੱਤਰ ਦਿਹਾੜਾ 'ਬੰਦੀ ਛੋੜ ਦਿਵਸ' ਅਤੇ ਬਦੀ ਉੱਪਰ ਨੇਕੀ ਦੀ ਜਿੱਤ ਦਾ ਪ੍ਰਤੀਕ 'ਦੀਵਾਲੀ' ਦਾ ਤਿਉਹਾਰ ਬੜੀ ਸ਼ਰਧਾ, ਖੁਸ਼ੀਆਂ ਅਤੇ ਚਾਵਾਂ ਨਾਲ ਮਨਾਇਆ ਗਿਆ। ਇਸ ਪਵਿੱਤਰ ਮੌਕੇ 'ਤੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦਾ ਇਕੱਠ ਪਿਛਲੇ ਸਾਲਾਂ ਦੇ ਮੁਕਾਬਲੇ ਰਿਕਾਰਡ ਤੋੜ ਸੀ। ਇਸ ਵੱਡੇ ਇਕੱਠ ਦੀ ਸਭ ਤੋਂ ਸ਼ਲਾਘਾਯੋਗ ਗੱਲ ਇਹ ਰਹੀ ਕਿ ਸੰਗਤਾਂ ਵੱਲੋਂ ਪੂਰਨ ਅਨੁਸ਼ਾਸਨ ਬਣਾਈ ਰੱਖਿਆ ਗਿਆ।

ਸੰਗਤ ਦੇ ਮੈਂਬਰਾਂ ਅਤੇ ਸੇਵਾਦਾਰਾਂ ਨੇ ਬੜੇ ਉਤਸ਼ਾਹ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਸਜਾਉਣ ਅਤੇ ਦੀਪਮਾਲਾ ਕਰਨ ਵਿੱਚ ਹਿੱਸਾ ਲਿਆ। ਛੋਟੇ-ਛੋਟੇ ਬੱਚਿਆਂ ਨੇ ਖੁਸ਼ੀ-ਖੁਸ਼ੀ ਦੀਵੇ












# ਪਿਛਲੇ 35-35 ਸਾਲ ਤੋਂ ਭਾਰਤ ਦੀਆਂ ਕਾਲ ਕੋਠੜੀਆਂ 'ਚ ਸਿੱਖ ਨੌਜਵਾਨ ਇਸ ਕਰਕੇ ਬੰਦ ਨੇ ਕਿਉਂਕਿ ਉਹ ਸਿੱਖਾਂ ਦੇ ਪੁੱਤ ਹਨ : ਸ੍ਰ. ਜਸਵਿੰਦਰ ਸਿੰਘ ਜੰਡੀ














ਅਤੇ ਮੋਮਬੱਤੀਆਂ ਜਗਾ ਕੇ ਇਸ ਤਿਉਹਾਰ ਦੀ ਰੌਣਕ ਨੂੰ ਹੋਰ ਵਧਾ ਦਿੱਤਾ। ਸਾਰਾ ਮਾਹੌਲ ਖ਼ੁਸ਼ੀ, ਉਤਸ਼ਾਹ ਅਤੇ (ਜਿਊਣ ਦੀ ਖ਼ੁਸ਼ੀ) ਦੀ ਭਾਵਨਾ ਨਾਲ ਭਰਪੂਰ ਸੀ, ਜਿਸ ਨੇ ਸਾਰਿਆਂ ਦੇ ਮਨ ਮੋਹ ਲਏ।

'ਸਾਡੇ ਲੋਕ' ਨਾਲ ਗੱਲਬਾਤ ਕਰਦਿਆਂ ਗੁਰੂਘਰ ਦੇ ਪ੍ਰਧਾਨ ਅਤੇ ਸਿੱਖ ਯੂਥ ਆਫ ਅਮਰੀਕਾ ਦੇ ਫਾਊਂਡਰ ਮੈਂਬਰ ਸ੍ਰ. ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਇਸ ਵਾਰ ਗੁਰਦੁਆਰਾ ਸਾਹਿਬ ਵਿੱਚ ਬੰਦੀ ਸਿੱਖਾਂ ਦੇ ਲੱਗੇ ਆਦਮਕੱਦ ਪੋਸਟਰ ਜਿਹੜੇ ਪਿਛਲੇ 35-35 ਸਾਲ ਤੋਂ ਭਾਰਤ ਦੀਆਂ ਕਾਲ ਕੋਠੜੀਆਂ 'ਚ ਇਸ ਕਰਕੇ ਕੈਦ ਨੇ ਕਿ ਉਹ ਸਿੱਖਾਂ ਪੁੱਤ ਨੇ ਨਹੀਂ ਤਾਂ ਵੱਡੇ ਵੱਡੇ ਬਲਾਤਕਾਰੀ, ਕਾਤਲ, ਦਹਿਸ਼ਤਗਰਦ ਲਗਾਤਾਰ ਪੈਰੋਲ 'ਤੇ ਆਉਂਦੇ ਹਨ ਅਤੇ ਅਜ਼ਾਦੀ ਦਾ ਆਨੰਦ ਮਾਣ ਰਹੇ ਹਨ।
















# ਕੌਮਾਂਤਰੀ ਹਾਲਾਤ ਵਿਚ ਪ੍ਰਵਾਸ ਤੇ ਇਸ ਨਾਲ ਜੁੜੇ ਮਸਲੇ

**ਤਲਵਿੰਦਰ ਸਿੰਘ ਬੁੱਟਰ**

'ਪ੍ਰਵਾਸ' ਧਰਤੀ 'ਤੇ ਮਨੁੱਖੀ ਇਤਿਹਾਸ ਦਾ ਉਸ ਸਮੇਂ ਤੋਂ ਹਿੱਸਾ ਰਿਹਾ ਹੈ, ਜਦੋਂ ਤੋਂ ਮਨੁੱਖ ਨੇ ਆਪਣੀ ਜ਼ਿੰਦਗੀ ਬਚਾਉਣ ਲਈ ਨਵੀਂ ਜਗ ?ਹਾ ਵੱਲ ਜਾਣਾ ਸ਼ੁਰੂ ਕੀਤਾ ਸੀ। ਪ੍ਰਵਾਸ ਇਕੱਲਾ ਮਨੁੱਖ ਹੀ ਨਹੀਂ, ਬਲਕਿ ਪਸ਼ੂ-ਪੰਛੀ ਵੀ ਕਰਦੇ ਹਨ। ਜੀਵਨ ਸਰੋਤਾਂ ਦੀ ਭਾਲ ਵਿਚ ਪ੍ਰਵਾਸ ਦੀ ਕੁਦਰਤੀ ਪ੍ਰਵਿਰਤੀ ਬਾਰੇ ਗੁਰਬਾਣੀ ਵਿਚ ਵੀ ਜ਼ਿਕਰ ਆਉਂਦਾ ਹੈ:

**ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥**
**ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥**

(ਮ. 2, ਅੰਗ: 653)

ਦੱਸਿਆ ਜਾਂਦਾ ਹੈ ਕਿ ਧਰਤੀ 'ਤੇ ਪਹਿਲਾ ਪ੍ਰਵਾਸ ਲਗਭਗ 20 ਲੱਖ ਸਾਲ ਪਹਿਲਾਂ ਅਫ਼ਰੀਕਾ 'ਚ ਜਨਮੇ ਮਨੁੱਖੀ ਸਮੂਹਾਂ ਦੁਆਰਾ ਹੋਰ ਮਹਾਂਦੀਪਾਂ ਵੱਲ ਵਧਣ ਨਾਲ ਹੋਇਆ ਸੀ। ਤਕਰੀਬਨ 60 ਤੋਂ 70 ਹਜ਼ਾਰ ਸਾਲ ਪਹਿਲਾਂ ਆਧੁਨਿਕ ਮਨੁੱਖ ਅਫ਼ਰੀਕਾ ਤੋਂ ਨਿਕਲ ਕੇ ਏਸ਼ੀਆ, ਯੂਰਪ ਤੇ ਬਾਅਦ ਵਿਚ ਅਮਰੀਕਾ, ਆਸਟ੍ਰੇਲੀਆ ਵੱਲ ਫੈਲ ਗਏ।

**ਪ੍ਰਵਾਸ ਸੰਬੰਧੀ ਵਿਸ਼ਵ ਦੇ ਅੰਕੜੇ** : ਸੰਯੁਕਤ ਰਾਸ਼ਟਰ ਅਨੁਸਾਰ ਸਾਲ 2024 'ਚ ਵਿਸ਼ਵ ਭਰ 'ਚ ਕੌਮਾਂਤਰੀ ਪ੍ਰਵਾਸੀਆਂ ਦੀ ਗਿਣਤੀ 30.4 ਕਰੋੜ ਤੱਕ ਪਹੁੰਚ ਗਈ ਹੈ, ਜੋ 1990 ਵਿਚ 15.4 ਕਰੋੜ ਸੀ। ਇਸ ਦੇ ਮੁੱਖ ਕਾਰਨ ਆਰਥਿਕ ਮੌਕੇ, ਯੁੱਧ, ਜਲਵਾਯੂ ਤਬਦੀਲੀ ਤੇ ਬਿਹਤਰ ਜੀਵਨ ਦੀ ਭਾਲ ਹਨ। ਉਦਾਹਰਨ ਵਜੋਂ ਅਫ਼ਰੀਕਾ ਤੇ ਏਸ਼ੀਆ ਵਿਚ ਬਹੁਤ ਸਾਰੇ ਲੋਕ ਨੌਕਰੀਆਂ ਅਤੇ ਵੱਧ ਕਮਾਈ ਲਈ ਯੂਰਪ ਤੇ ਅਮਰੀਕਾ ਵੱਲ ਜਾਂਦੇ ਹਨ। 'ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ' ਦੀ ਰਿਪੋਰਟ ਅਨੁਸਾਰ ਸਾਲ 2023 ਵਿਚ (ਆਰਥਿਕ, ਵਪਾਰ, ਸਿੱਖਿਆ, ਰੁਜ਼ਗਾਰ ਤੇ ਸਮਾਜਿਕ ਤਰੱਕੀ ਨੂੰ ਉਤਸ਼ਾਹਿਤ ਕਰਨ ਵਾਲੀ ਕੌਮਾਂਤਰੀ ਸੰਸਥਾ) ਓ.ਈ.ਸੀ.ਡੀ. ਨਾਲ ਜੁੜੇ 38 ਉੱਨਤ ਦੇਸ਼ਾਂ ਵਿਚ 65 ਲੱਖ ਨਵੇਂ ਪੱਕੇ ਪ੍ਰਵਾਸੀ ਆਏ, ਜੋ ਸਾਲ 2022 ਨਾਲੋਂ 10 ਫ਼ੀਸਦੀ ਵੱਧ ਹਨ। ਇਸੇ ਤਰ੍ਹਾਂ ਭਾਰਤ ਵਿਚ ਵੀ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਕਸ਼ਮੀਰ ਤੇ ਹੋਰ ਸੂਬਿਆਂ ਤੋਂ ਲੋਕ ਪੰਜਾਬ ਅਤੇ ਹੋਰ ਉੱਨਤ ਸੂਬਿਆਂ ਵੱਲ ਜਾਂਦੇ ਹਨ।

**ਪੰਜਾਬ 'ਚ ਪ੍ਰਵਾਸੀਆਂ ਦੀ ਆਮਦ** : 60ਵਿਆਂ ਦੇ ਦਹਾਕੇ ਦੌਰਾਨ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਵਿਚ ਮਜ਼ਦੂਰੀ ਦੀ ਵਧੀ ਲੋੜ ਨੂੰ ਪੂਰਾ ਕਰਨ ਲਈ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਸ਼ੁਰੂ ਹੋਈ ਸੀ। ਫ਼ਸਲਾਂ ਦੀ ਬਿਜਾਈ ਲਈ ਪ੍ਰਵਾਸੀਆਂ 'ਤੇ ਨਿਰਭਰਤਾ ਇੱਥੋਂ ਤੱਕ ਵਧ ਗਈ ਕਿ ਪੱਛਮੀ ਦੇਸ਼ਾਂ ਵੱਲ ਪ੍ਰਵਾਸ ਕਰਨ ਵੇਲੇ ਪੰਜਾਬੀਆਂ ਨੇ ਆਪਣੇ ਘਰ-ਬਾਰ ਤੱਕ ਇਨ੍ਹਾਂ ਪੂਰਬੀਏ ਪ੍ਰਵਾਸੀ ਮਜ਼ਦੂਰਾਂ ਦੇ ਹਵਾਲੇ ਕਰ ਦਿੱਤੇ ਹਨ। ਹੁਣ ਤਾਂ ਉੱਤਰ ਪ੍ਰਦੇਸ਼, ਬੰਗਾਲ, ਕਸ਼ਮੀਰ ਅਤੇ ਹੋਰ ਸੂਬਿਆਂ ਤੋਂ ਵੱਡੀ ਗਿਣਤੀ 'ਚ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਪੰਜਾਬ ਆ ਕੇ ਕਾਰੋਬਾਰ ਕਰਨ ਲੱਗੇ ਹਨ। ਤਾਜ਼ਾ ਅੰਦਾਜ਼ੇ ਅਨੁਸਾਰ ਪੰਜਾਬ ਦੀ ਕੁੱਲ ਆਬਾਦੀ ਦਾ ਲਗਭਗ 10 ਫ਼ੀਸਦੀ ਹਿੱਸਾ, ਲਗਭਗ 30 ਲੱਖ ਤੋਂ ਵੱਧ ਪ੍ਰਵਾਸੀ ਇੱਥੇ ਰਹਿੰਦੇ ਹਨ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਇਕ ਖੋਜ ਰਿਪੋਰਟ ਅਨੁਸਾਰ ਪੰਜਾਬ 'ਚ ਪੇਂਡੂ ਖੇਤਰਾਂ ਵਿਚ ਕੰਮ ਕਰਨ ਵਾਲੇ ਲਗਭਗ 8 ਲੱਖ ਤੋਂ ਵੱਧ ਮਜ਼ਦੂਰ ਪ੍ਰਵਾਸੀ ਹਨ, ਜਿਨ੍ਹਾਂ 'ਚੋਂ ਬਹੁਤੇ ਫ਼ਸਲਾਂ ਦੇ ਸੀਜ਼ਨ ਵਿਚ ਹੀ ਆਉਂਦੇ ਹਨ। ਇਸ ਤੋਂ ਇਲਾਵਾ, ਉਦਯੋਗਿਕ ਖੇਤਰ ਜਿਵੇਂ ਟੈਕਸਟਾਈਲ, ਇਮਾਰਤ ਉਸਾਰੀ, ਇੱਟਾਂ ਦੇ ਭੱਠੇ ਅਤੇ ਸੜਕ ਨਿਰਮਾਣ ਵਿਚ ਵੀ ਪ੍ਰਵਾਸੀ ਮਜ਼ਦੂਰਾਂ ਦੀ ਵੱਡੀ ਗਿਣਤੀ ਹੈ। ਪੰਜਾਬ ਦੇ ਨੌਜਵਾਨਾਂ ਵਿਚ ਵਿਦੇਸ਼ਾਂ ਵੱਲ ਪ੍ਰਵਾਸ ਦੀ ਪ੍ਰਵਿਰਤੀ ਸਦਕਾ ਇੱਥੇ ਘਰੇਲੂ ਕੰਮਾਂ ਦੀ ਮਜ਼ਦੂਰੀ ਲਈ ਖ਼ਲਾਅ ਪੈਦਾ ਹੋ ਗਿਆ ਹੈ।

**ਪ੍ਰਵਾਸ ਵਿਰੋਧੀ ਆਵਾਜ਼ਾਂ** : ਅੱਜ-ਕੱਲ੍ਹ ਪੂਰੀ ਦੁਨੀਆ ਵਿਚ ਪ੍ਰਵਾਸ ਇਕ ਚਰਚਿਤ ਮੁੱਦਾ ਬਣਿਆ ਹੋਇਆ ਹੈ। ਪਿਛਲੇ ਦਿਨੀਂ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਪੰਜ ਸਾਲਾ ਬੱਚੇ ਦੀ ਇਕ ਪ੍ਰਵਾਸੀ ਮਜ਼ਦੂਰ ਵਲੋਂ ਕੀਤੀ ਹੱਤਿਆ ਤੋਂ ਬਾਅਦ ਪੰਜਾਬ ਵਿਚ ਪ੍ਰਵਾਸ ਵਿਰੁੱਧ ਭਾਵਨਾਵਾਂ ਪ੍ਰਬਲ ਹੋਈਆਂ ਹਨ। ਇੰਗਲੈਂਡ ਵਿਚ ਪਿਛਲੇ ਮਹੀਨੇ ਹੀ ਲੰਡਨ ਵਿਖੇ ਵੀ ਟੌਮੀ ਰਾਬਿਨਸਨ ਦੇ ਸੱਦੇ 'ਤੇ ਇਕ ਰੈਲੀ ਵਿਚ 1 ਲੱਖ ਤੋਂ ਵੱਧ ਲੋਕਾਂ ਨੇ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢਣ ਦੀ ਮੰਗ ਕੀਤੀ ਸੀ। ਇਸੇ ਤਰ੍ਹਾਂ ਨਿਊਜ਼ੀਲੈਂਡ ਵਿਚ ਸਰਕਾਰ ਨੇ 2024-25 ਵਿਚ ਪ੍ਰਵਾਸ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਨੇ ਪ੍ਰਵਾਸ ਵਿਰੋਧੀ ਮਾਹੌਲ ਨੂੰ ਹੋਰ ਵੀ ਉਤਸ਼ਾਹਿਤ ਕੀਤਾ ਹੈ। ਜਨਵਰੀ 2025 'ਚ ਅਮਰੀਕਾ ਅੰਦਰ ਪ੍ਰਵਾਸੀਆਂ ਦੀ ਗਿਣਤੀ 5 ਕਰੋੜ 33 ਲੱਖ ਦੇ ਕਰੀਬ ਸੀ, ਜੋ ਜੂਨ 2025 ਤੱਕ 5 ਕਰੋੜ 19 ਲੱਖ ਰਹਿ ਗਈ ਹੈ।

**ਪ੍ਰਵਾਸੀਆਂ ਵਿਰੁੱਧ ਨਫ਼ਰਤ ਦੇ ਕਾਰਨ** : ਦਰ-ਹਕੀਕਤ ਪ੍ਰਵਾਸੀਆਂ ਵਲੋਂ ਅਪਰਾਧਾਂ ਦੀ ਦਰ ਆਮ ਤੌਰ 'ਤੇ ਮੂਲ ਨਿਵਾਸੀਆਂ ਨਾਲੋਂ ਘੱਟ ਹੋਣ ਦੇ ਬਾਵਜੂਦ ਬਹੁਤ ਸਾਰੇ ਦੇਸ਼ਾਂ ਵਿਚ ਲੋਕ ਉਨ੍ਹਾਂ ਦੇ ਅਪਰਾਧਾਂ ਨੂੰ ਵਧਾਅ-ਚੜ੍ਹਾਅ ਕੇ ਪੇਸ਼ ਕਰਦੇ ਹਨ। ਵਿਗਿਆਨਕ ਅਧਿਆਨਾ ਮੁਤਾਬਿਕ ਇਹ ਨਫ਼ਰਤ ਅਸਲ ਅੰਕੜਿਆਂ ਨਾਲ ਨਹੀਂ, ਸਗੋਂ ਪੱਖਪਾਤ ਤੇ ਪ੍ਰਚਾਰ ਨਾਲ ਵਧਦੀ ਹੈ। ਜੇ ਮੀਡੀਆ ਜਾਂ ਸੋਸ਼ਲ ਨੈੱਟਵਰਕ ਵਿਚ ਪ੍ਰਵਾਸੀਆਂ ਨਾਲ ਜੁੜੇ ਅਪਰਾਧਾਂ ਨੂੰ ਵੱਧ ਵਿਖਾਇਆ ਜਾਂਦਾ ਹੈ ਤਾਂ ਲੋਕਾਂ ਨੂੰ ਲੱਗਦਾ ਹੈ ਕਿ ਅਪਰਾਧ ਬਹੁਤ ਜ਼ਿਆਦਾ ਹਨ, ਭਾਵੇਂ ਅਸਲ ਵਿਚ ਉਹ ਘੱਟ ਹੋਣ। ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਪ੍ਰਵਾਸੀਆਂ ਨਾਲ ਜੁੜੇ ਅਪਰਾਧਾਂ ਬਾਰੇ ਗ਼ਲਤ ਅਫ਼ਵਾਹਾਂ ਫੈਲਾਉਣ 'ਚ ਮੀਡੀਆ ਤੇ ਰਾਜਨੀਤਕ ਖੇਮੇ ਵੱਡੀ ਭੂਮਿਕਾ ਨਿਭਾਉਂਦੇ ਹਨ। ਦੂਜਾ ਵੱਡਾ ਮਨੋਵਿਗਿਆਨਕ ਕਾਰਨ ਹੈ ਆਪਣੇ ਸਮੂਹ (ਮੂਲ ਨਿਵਾਸੀ) ਨੂੰ ਦੂਜਿਆਂ ਨਾਲੋਂ ਬਿਹਤਰ ਸਮਝਣਾ ਤੇ ਸਾਰੇ ਪ੍ਰਵਾਸੀਆਂ ਨੂੰ ਇਕੋ ਜਿਹੇ ਤੇ ਖ਼ਤਰਨਾਕ ਸਮਝਣਾ। ਤੀਜਾ ਕਾਰਨ 'ਡਰ ਦੀ ਭਾਵਨਾ' ਹੈ। ਮੂਲ ਨਿਵਾਸੀਆਂ ਨੂੰ ਲੱਗਦਾ ਹੈ ਕਿ ਪ੍ਰਵਾਸੀ ਉਨ੍ਹਾਂ ਦੇ ਰੁਜ਼ਗਾਰ, ਸੱਭਿਆਚਾਰ ਅਤੇ ਸਮਾਜਿਕ ਸੁਰੱਖਿਆ ਲਈ ਖ਼ਤਰਾ ਹਨ। ਚੌਥਾ, ਮੀਡੀਆ ਅਕਸਰ ਨਾਂਹ ਪੱਖੀ ਖ਼ਬਰਾਂ ਨੂੰ ਵੱਧ ਵਿਖਾਉਂਦਾ ਹੈ, ਜਿਸ ਨਾਲ ਲੋਕਾਂ ਦੀ ਸੋਚ ਵਿਚ ਪੱਖਪਾਤ ਵਧਦਾ ਹੈ। ਬਿਹਤਰ ਸਿੱਖਿਆ ਤੇ ਸਹੀ ਜਾਣਕਾਰੀ ਨਾਲ ਇਹ ਪੱਖਪਾਤ ਘਟਾਏ ਜਾ ਸਕਦੇ ਹਨ ਤਾਂ ਜੋ ਸਮਾਜ ਵਿਚ ਸਹਿਣਸ਼ੀਲਤਾ ਵਧੇ।

ਪੰਜਾਬ ਵਿਚ ਪ੍ਰਵਾਸੀਆਂ ਦੇ ਵਿਰੋਧ ਦੀ ਭਾਵਨਾ ਪਿੱਛੇ ਕੁਝ ਵੱਖਰੇ ਕਾਰਨ ਵੀ ਹਨ। ਸਰਹੱਦੀ ਸੂਬਾ ਹੋਣ ਕਾਰਨ ਸ਼ੁਰੂ ਤੋਂ ਹੀ ਪੰਜਾਬੀਆਂ ਵਿਚ ਖੇਤਰੀ ਭਾਵਨਾਵਾਂ ਪ੍ਰਬਲ ਹਨ। ਇਸ ਕਰਕੇ ਸਭ ਤੋਂ ਵੱਡਾ ਕਾਰਨ ਲੰਬੇ ਸਮੇਂ ਤੋਂ ਸਿਆਸੀ ਤੇ ਆਰਥਿਕ ਵਿਤਕਰਿਆਂ ਦਾ ਸ਼ਿਕਾਰ ਹੋਏ ਪੰਜਾਬੀਆਂ ਵਿਚ ਦੇਸ਼ ਦੀ ਸਥਾਪਤੀ ਵਿਰੁੱਧ ਅਸੁਰੱਖਿਆ ਤੇ ਬੇਭਰੋਸਗੀ ਦੀ ਭਾਵਨਾ ਹੈ। ਪੰਜਾਬ ਦੇ ਲੋਕਾਂ ਨੂੰ ਵੀ ਬਾਕੀ ਲੋਕਾਂ ਵਾਂਗ ਲੱਗਦਾ ਹੈ ਕਿ ਪ੍ਰਵਾਸੀ ਮਜ਼ਦੂਰ ਉਨ੍ਹਾਂ ਦੇ ਰੁਜ਼ਗਾਰ ਖੋਹ ਰਹੇ ਹਨ। ਦੂਜੇ ਪਾਸੇ, ਇੱਥੇ ਕੰਮਕਾਜ ਲਈ ਆਉਣ ਵਾਲੇ ਪ੍ਰਵਾਸੀਆਂ ਸੰਬੰਧੀ ਕੋਈ ਸਰਕਾਰੀ ਨੀਤੀ ਨਾ ਹੋਣ ਕਾਰਨ ਬਹੁਤ ਸਾਰੇ ਪ੍ਰਵਾਸੀ ਇੱਥੋਂ ਦੇ ਪੱਕੇ ਵਸਨੀਕ ਵੀ ਬਣ ਰਹੇ ਹਨ, ਜਿਸ ਕਾਰਨ ਪੰਜਾਬੀਆਂ ਨੂੰ ਆਪਣੇ ਸੱਭਿਆਚਾਰ, ਸਮਾਜਿਕ ਤੇ ਆਬਾਦੀ ਅਨੁਪਾਤ ਵਿਚ ਗੜਬੜ ਹੋਣ ਦੇ ਖ਼ਦਸ਼ੇ ਨਜ਼ਰ ਆਉਂਦੇ ਹਨ, ਜਦਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿਚ ਕੋਈ ਦੂਜੇ ਸੂਬੇ ਦਾ ਵਸਨੀਕ ਜ਼ਮੀਨ ਤੱਕ ਨਹੀਂ ਖ਼ਰੀਦ ਸਕਦਾ। ਬਿਹਾਰ ਵਿਚ ਵੋਟ ਬਣਾਉਣ ਲਈ ਘੱਟੋ-ਘੱਟ 11 ਦਸਤਾਵੇਜ਼ ਜ਼ਰੂਰੀ ਹੁੰਦੇ ਹਨ ਪਰ ਪੰਜਾਬ ਵਿਚ ਕੋਈ ਵਿਸ਼ੇਸ਼ ਪੈਮਾਨਾ ਨਾ ਹੋਣ ਕਾਰਨ ਪ੍ਰਵਾਸੀ ਮਜ਼ਦੂਰ ਸਹਿਜੇ ਹੀ ਇੱਥੇ ਆਪਣੀ ਵੋਟ ਬਣਾ ਲੈਂਦੇ ਹਨ। ਹਿਮਾਚਲ ਪ੍ਰਦੇਸ਼ ਵਿਚ ਨਿੱਜੀ ਖੇਤਰ ਦੇ ਰੁਜ਼ਗਾਰ 75% ਸਥਾਨਕ ਲੋਕਾਂ ਲਈ ਰਾਖਵੇਂ ਹਨ ਅਤੇ ਹਰਿਆਣਾ ਵੀ ਇਸੇ ਨੀਤੀਆਂ ਨੂੰ ਅਪਣਾ ਰਿਹਾ ਹੈ। ਪੰਜਾਬ ਵਿਚ ਆਉਣ ਵਾਲੇ ਪ੍ਰਵਾਸੀਆਂ ਦੇ ਪਿਛੋਕੜ ਦੀ ਇੱਥੇ ਕੋਈ ਵਧੇਰੇ ਜਾਂਚ-ਪੜਤਾਲ ਨਹੀਂ ਹੋ ਰਹੀ, ਜਿਸ ਕਾਰਨ ਉਨ੍ਹਾਂ ਦੀ ਮੁਜ਼ਰਮਾਨਾ ਕੰਮਾਂ ਵਿਚ ਸ਼ਮੂਲੀਅਤ ਨੂੰ ਰੋਕਣ ਵਿਚ ਔਖਿਆਈ ਹੋ ਰਹੀ ਹੈ।

**ਪ੍ਰਵਾਸ ਦੇ ਫ਼ਾਇਦੇ** : ਦੁਨੀਆ ਭਰ 'ਚ ਵਿਰੋਧ ਦੀ ਭਾਵਨਾ ਦੇ ਬਾਵਜੂਦ ਪ੍ਰਵਾਸੀ ਹਰ ਖ਼ਿੱਤੇ ਵਿਚ ਅਰਥਵਿਵਸਥਾ ਨੂੰ ਮਜ਼ਬੂਤ ਕਰਦੇ ਹਨ। ਅਮਰੀਕੀ ਇਮੀਗ੍ਰੇਸ਼ਨ ਕੌਂਸਲ ਅਨੁਸਾਰ ਪ੍ਰਵਾਸੀ ਅਮਰੀਕੀ ਅਰਥਵਿਵਸਥਾ ਵਿਚ ਅਰਬਾਂ ਡਾਲਰ ਜੋੜਦੇ ਹਨ। ਈ.ਪੀ.ਆਈ. ਦੀ ਰਿਪੋਰਟ ਮੁਤਾਬਿਕ ਪ੍ਰਵਾਸ ਵਧੇਰੇ ਨਵੀਨਤਾ, ਬਿਹਤਰ ਸਿੱਖਿਆ ਅਤੇ ਨਿਪੁੰਨਤਾ ਲਿਆਉਂਦਾ ਹੈ। ਅਮਰੀਕਾ ਵਿਚ ਪ੍ਰਵਾਸੀ ਲੇਬਰ ਫੋਰਸ ਨੂੰ ਵਧਾਉਂਦੇ ਹਨ ਅਤੇ ਟੈਕਸਾਂ ਵਿਚ ਯੋਗਦਾਨ ਪਾਉਂਦੇ ਹਨ। ਪੰਜਾਬ ਵਿਚ ਵੀ ਪ੍ਰਵਾਸੀ ਮਜ਼ਦੂਰ ਖੇਤੀ ਤੇ ਉਦਯੋਗ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਘੱਟ ਉਜਰਤ 'ਤੇ ਕੰਮ ਕਰ ਕੇ ਅਰਥਵਿਵਸਥਾ ਚਲਾਉਂਦੇ ਹਨ ਅਤੇ ਕਾਮਿਆਂ ਦੀ ਘਾਟ ਨੂੰ ਪੂਰਾ ਕਰਦੇ ਹਨ। ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਅਨੁਸਾਰ ਪ੍ਰਵਾਸੀ ਨਵੇਂ ਕਾਰੋਬਾਰ ਸ਼ੁਰੂ ਕਰਦੇ ਹਨ ਤੇ ਖ਼ਪਤ ਵਧਾਉਂਦੇ ਹਨ।

**ਮਨੋਦਸ਼ਾ ਤੇ ਅਪਰਾਧਾਂ 'ਚ ਸ਼ਮੂਲੀਅਤ** : ਹਰ ਖ਼ਿੱਤੇ, ਦੇਸ਼ ਦੇ ਪ੍ਰਵਾਸੀਆਂ ਦੀ ਮਨੋਦਸ਼ਾ ਦੇ ਕਾਰਨ ਲਗਭਗ ਇਕੋ ਜਿਹੇ ਹੁੰਦੇ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ ਆਰਥਿਕ ਨਿਰਾਸ਼ਾ, ਸਮਾਜਿਕ ਅਲਹਿਦਗੀ ਅਤੇ ਵਿਤਕਰੇ ਸ਼ਾਮਿਲ ਹੁੰਦੇ ਹਨ। ਪੰਜਾਬ ਵਿਚ ਵੀ ਤੇ ਵਿਦੇਸ਼ਾਂ ਵਿਚ ਵੀ ਪ੍ਰਵਾਸੀ ਅਕਸਰ ਨਿਮਨ ਵਰਗ ਸਮਾਜਿਕ-ਆਰਥਿਕ ਪਿਛੋਕੜ ਤੋਂ ਆਉਂਦੇ ਹਨ, ਜਿਸ ਕਾਰਨ ਉਨ੍ਹਾਂ ਵਿਚ ਗ਼ਰੀਬੀ ਤੇ ਅਸਮਾਨਤਾ ਨਾਲ ਜੁੜੀ ਮਨੋਦਸ਼ਾ ਵਿਕਸਿਤ ਹੁੰਦੀ ਹੈ। ਇਕ ਅਧਿਐਨ ਵਿਚ ਦੱਸਿਆ ਗਿਆ ਹੈ ਕਿ 47.9% ਪ੍ਰਵਾਸੀ ਮਜ਼ਦੂਰਾਂ ਨੂੰ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ। ਉਨ੍ਹਾਂ ਨੂੰ ਘੱਟ ਤਨਖ਼ਾਹ, ਰਹਿਣ ਲਈ ਸਹੂਲਤਾਂ ਦੀ ਘਾਟ ਅਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੋਵਿਗਿਆਨਕ ਮਾਹਿਰਾਂ ਅਨੁਸਾਰ ਆਰਥਿਕ ਅਸਮਾਨਤਾ ਮੂਲ ਕਾਰਨ ਹੈ, ਜੋ ਪ੍ਰਵਾਸੀਆਂ ਨੂੰ ਅਪਰਾਧ ਵੱਲ ਧੱਕਦੀ ਹੈ। ਕੁੱਲ ਮਿਲਾ ਕੇ ਖੋਜ ਦੱਸਦੀ ਹੈ ਕਿ ਅਪਰਾਧ ਪ੍ਰਵਾਸੀਆਂ ਜਾਂ ਕਿਸੇ ਵੀ ਵਿਅਕਤੀ ਸਮੂਹ ਦੇ ਸੁਭਾਅ ਵਿਚ ਨਹੀਂ ਹੁੰਦੇ, ਸਗੋਂ ਇਹ ਸਮਾਜਿਕ ਤਰੁੱਟੀਆਂ ਤੇ ਅਸਮਾਨਤਾਵਾਂ ਕਾਰਨ ਹੁੰਦੇ ਹਨ। ਜੇ ਸਮਾਜ ਵਿਚ ਸਭ ਨੂੰ ਮਿਲਜੁਲ ਕੇ ਸਨਮਾਨ ਨਾਲ ਜਿਊਣ ਦੇ ਮੌਕੇ ਮਿਲਣ ਤਾਂ ਅਪਰਾਧ ਘਟਾਏ ਜਾ ਸਕਦੇ ਹਨ।

ਸੋ, ਇਕ ਕੁਦਰਤੀ ਪ੍ਰਵਿਰਤੀ ਤੇ ਲੋੜ ਹੋਣ ਕਾਰਨ ਦੁਨੀਆ ਦੇ ਕਿਸੇ ਵੀ ਖ਼ਿੱਤੇ ਵਿਚ ਪ੍ਰਵਾਸ ਨੂੰ ਮੁਕੰਮਲ ਰੂਪ ਵਿਚ ਰੋਕਿਆ ਨਹੀਂ ਜਾ ਸਕਦਾ, ਇਸ ਕਰਕੇ ਵਿਸ਼ਵ ਭਰ ਵਿਚ ਇਸ ਮੁੱਦੇ ਨੂੰ ਠੀਕ ਢੰਗ ਨਾਲ ਮੁਖ਼ਾਤਬ ਹੋਣ ਲਈ ਸੰਤੁਲਿਤ ਸੋਚ ਤੇ ਸਿੱਟਾਮੁਖੀ ਨੀਤੀਆਂ ਦੀ ਲੋੜ ਹੈ। ਪੰਜਾਬ ਵਿਚ ਪ੍ਰਵਾਸੀਆਂ ਦੀ ਰਜਿਸਟ੍ਰੇਸ਼ਨ, ਪਿਛੋਕੜ ਦੀ ਪੜਤਾਲ, ਕੰਮਕਾਜ ਦੀ ਉਪਲਬਧਤਾ ਮੁਤਾਬਿਕ ਆਮਦ ਸੰਬੰਧੀ ਸਰਕਾਰੀ ਨੀਤੀ ਬਣਾ ਕੇ ਅਤੇ ਪੰਜਾਬ ਦੇ ਸੱਭਿਆਚਾਰ, ਆਬਾਦੀ, ਸਮਾਜਿਕ ਤਾਣੇ-ਬਾਣੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਦਿਸ਼ਾ 'ਚ ਯੋਗ ਸਰਕਾਰੀ ਪਹਿਲਕਦਮੀਆਂ ਨਾਲ ਪ੍ਰਵਾਸ ਨੂੰ ਸੁਖਾਵਾਂ ਤੇ ਲਾਭਦਾਇਕ ਬਣਾਇਆ ਜਾ ਸਕਦਾ ਹੈ।

# ਪੰਜਾਬ ਪੁਲਿਸ 'ਚ ਭ੍ਰਿਸ਼ਟਾਚਾਰ



ਪੁਲਿਸ ਨੂੰ ਕਿਸੇ ਵੀ ਸੂਬੇ ਦੀ ਸੁਰੱਖਿਆ ਤੇ ਨਿਆਂ ਵਿਵਸਥਾ ਦਾ ਥੰਮ੍ਹ ਮੰਨਿਆ ਜਾਂਦਾ ਹੈ ਪਰ ਭ੍ਰਿਸ਼ਟਾਚਾਰ ਦੇ ਮਾਮਲਿਆਂ ਕਾਰਨ ਇਹ ਬਦਨਾਮ ਹੈ। ਪੰਜਾਬ ਪੁਲਿਸ ਵੀ ਅਪਵਾਦ ਨਹੀਂ ਹੈ। ਸੀਬੀਆਈ ਨੇ ਰੋਪੜ ਰੇਂਜ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।

ਇਸ ਘਟਨਾ ਨਾਲ ਪੰਜਾਬ ਪੁਲਿਸ ਵਿਚ ਹਲਚਲ ਮਚ ਗਈ ਹੈ। ਭੁੱਲਰ 2007 ਬੈਚ ਦੇ ਆਈਪੀਐੱਸ ਅਫ਼ਸਰ ਹਨ ਤੇ ਸਾਬਕਾ ਡੀਜੀਪੀ ਮਹਿਲ ਸਿੰਘ ਭੁੱਲਰ ਦੇ ਪੁੱਤਰ ਹਨ। ਉਹ ਪਟਿਆਲਾ ਰੇਂਜ ਦੇ ਡੀਆਈਜੀ ਵਜੋਂ ਵੀ ਕੰਮ ਕਰ ਚੁੱਕੇ ਹਨ। ਨਵੰਬਰ 2024 'ਚ ਉਹ ਰੋਪੜ ਰੇਂਜ 'ਚ ਤਾਇਨਾਤ ਹੋਏ ਸਨ ਜਿੱਥੇ ਉਨ੍ਹਾਂ ਨੇ ਨਸ਼ਾ ਮਾਫ਼ੀਆ ਤੇ ਸੰਗਠਤ ਅਪਰਾਧ ਵਿਰੁੱਧ ਕਈ ਕਾਰਵਾਈਆਂ ਕੀਤੀਆਂ ਸਨ ਪਰ ਇਸ ਗ੍ਰਿਫ਼ਤਾਰੀ ਨਾਲ ਉਨ੍ਹਾਂ ਦੇ ਚੰਗੇ ਅਕਸ ਨੂੰ ਢਾਹ ਲੱਗੀ ਹੈ।

ਹਾਲਾਂਕਿ ਇਸ ਸਾਰੇ ਘਟਨਾਕ੍ਰਮ ਨੂੰ ਨਵੀਨ ਚਤੁਰਵੇਦੀ ਦੀ ਗ੍ਰਿਫ਼ਤਾਰੀ ਦੇ ਮਾਮਲੇ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ ਅਤੇ ਇਸ ਦੇ ਸਿਆਸੀ ਮਾਅਨੇ ਵੀ ਤਲਾਸ਼ੇ ਜਾ ਰਹੇ ਹਨ ਪਰ 'ਆਪ' ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਹੈ। ਇਹ ਗ੍ਰਿਫ਼ਤਾਰੀ ਪੰਜਾਬ ਪੁਲਿਸ ਵਿਚ ਭ੍ਰਿਸ਼ਟਾਚਾਰ ਦੇ ਵਧਦੇ ਮਾਮਲਿਆਂ ਦੀ ਨਵੀਂ ਕੜੀ ਹੈ। ਸੰਨ 2025 ਵਿਚ ਹੀ ਪੰਜਾਬ ਪੁਲਿਸ ਨੇ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ।

ਫਰਵਰੀ 'ਚ ਡੀਜੀਪੀ ਗੌਰਵ ਯਾਦਵ ਨੇ ਇਕ ਹਫ਼ਤੇ ਵਿਚ 52 ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ ਜਿਨ੍ਹਾਂ 'ਚ ਇਕ ਇੰਸਪੈਕਟਰ, ਪੰਜ ਏਐੱਸਆਈ, ਚਾਰ ਹੈੱਡ ਕਾਂਸਟੇਬਲ ਤੇ 42 ਕਾਂਸਟੇਬਲ ਸ਼ਾਮਲ ਸਨ। ਇਹ ਕਾਰਵਾਈ 'ਆਪ' ਸਰਕਾਰ ਦੇ 13 ਫਰਵਰੀ ਦੇ ਹੁਕਮਾਂ ਅਧੀਨ ਹੋਈ ਜਿਸ 'ਚ ਭ੍ਰਿਸ਼ਟਾਚਾਰ, ਗ਼ਲਤ ਐੱਫਆਈਆਰਾਜ਼ ਤੇ ਨੌਕਰੀ ਤੋਂ ਗ਼ੈਰ-ਹਾਜ਼ਰੀ ਨੂੰ ਖ਼ਤਮ ਕਰਨ 'ਤੇ ਜ਼ੋਰ ਦਿੱਤਾ ਗਿਆ। ਇਸ ਮਗਰੋਂ ਬਹੁਤ ਸਾਰੇ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਜਾਬ ਪੁਲਿਸ 'ਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਡੂੰਘੀਆਂ ਹਨ।

ਪੁਲਿਸ ਵਿਚ ਭ੍ਰਿਸ਼ਟਾਚਾਰ ਦੇ ਮੁੱਖ ਕਾਰਨਾਂ ਵਿਚ ਘੱਟ ਤਨਖ਼ਾਹ ਤੇ ਕੰਮ ਦਾ ਵੱਧ ਬੋਝ ਹੋਣਾ ਵੀ ਹੈ। ਨਸ਼ੇ ਤੇ ਅਪਰਾਧ ਨਾਲ ਜੁੜੇ ਕੇਸਾਂ ਵਿਚ ਰਿਸ਼ਵਤਖੋਰੀ ਆਮ ਹੈ। ਸੰਨ 2020 ਦੀ ਇਕ ਰਿਪੋਰਟ 'ਚ ਸੂਬੇ ਵਿਚ 822 ਭ੍ਰਿਸ਼ਟ ਅਧਿਕਾਰੀਆਂ ਦਾ ਜ਼ਿਕਰ ਹੈ ਜਿਨ੍ਹਾਂ 'ਚੋਂ 17 ਫ਼ੀਸਦੀ ਮਾਮਲੇ ਰਿਸ਼ਵਤ ਨਾਲ ਜੁੜੇ ਹਨ। ਮੌਜੂਦਾ 'ਆਪ' ਸਰਕਾਰ ਨੇ 'ਜ਼ੀਰੋ ਟਾਲਰੈਂਸ' ਨੀਤੀ ਅਪਣਾਈ ਹੈ ਅਤੇ ਈ-ਐੱਫਆਈਆਰ ਵਰਗੇ ਸੁਧਾਰ ਲਿਆਂਦੇ ਹਨ ਪਰ ਚੁਣੌਤੀਆਂ ਹਾਲੇ ਵੀ ਹਨ। ਇਸ ਭ੍ਰਿਸ਼ਟਾਚਾਰ ਨੇ ਲੋਕਾਂ 'ਚ ਪੁਲਿਸ 'ਤੇ ਵਿਸ਼ਵਾਸ ਨਹੀਂ ਬਣਨ ਦਿੱਤਾ।

ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਵਿਚ ਅਪਰਾਧ ਦਰ ਵਧ ਰਹੀ ਹੈ ਅਤੇ ਨਸ਼ੇ ਦਾ ਮੁੱਦਾ ਗੰਭੀਰ ਹੈ ਪਰ ਜਦੋਂ ਅਧਿਕਾਰੀ ਖ਼ੁਦ ਭ੍ਰਿਸ਼ਟ ਹੋਣ ਤਾਂ ਨਿਆਂ ਕਿਵੇਂ ਮਿਲੇਗਾ? ਬੇਸ਼ੱਕ ਅਫ਼ਸਰਾਂ ਦੀ ਗ੍ਰਿਫ਼ਤਾਰੀ ਨੇ ਵਿਭਾਗ 'ਚ ਅੰਦਰੂਨੀ ਡਰ ਪੈਦਾ ਕੀਤਾ ਹੈ ਪਰ ਇਹ ਵੀ ਸੱਚ ਹੈ ਕਿ ਅਜਿਹੇ ਮਾਮਲੇ ਅਕਸਰ ਉੱਪਰ ਤੱਕ ਨਹੀਂ ਪਹੁੰਚਦੇ। ਸੋਸ਼ਲ ਮੀਡੀਆ 'ਤੇ ਲੋਕ 'ਆਪ' ਸਰਕਾਰ ਨੂੰ ਨਿਸ਼ਾਨਾ ਬਣਾ ਰਹੇ ਹਨ ਕਿ ਚੋਣਾਂ ਵਿਚ ਭ੍ਰਿਸ਼ਟਾਚਾਰ ਵਿਰੋਧੀ ਨਾਅਰੇ ਲਗਾਉਣ ਵਾਲੀ ਪਾਰਟੀ ਅੱਜ ਵੀ ਆਪਣੇ ਵਿਭਾਗ ਨੂੰ ਸਾਫ਼ ਨਹੀਂ ਕਰ ਸਕੀ। ਪੰਜਾਬ ਪੁਲਿਸ ਨੂੰ ਸੁਧਾਰਨ ਲਈ ਵੱਡੇ ਕਦਮਾਂ ਦੀ ਲੋੜ ਹੈ।

ਪਹਿਲਾਂ ਤਾਂ ਅਧਿਕਾਰੀਆਂ ਨੂੰ ਰੈਗੂਲਰ ਸਿਖਲਾਈ ਤੇ ਨਿਗਰਾਨੀ ਵਧਾਉਣੀ ਚਾਹੀਦੀ ਹੈ। ਦੂਜਾ, ਡਿਜੀਟਲ ਸਿਸਟਮ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਅਜਿਹੀਆਂ ਗ੍ਰਿਫ਼ਤਾਰੀਆਂ ਇਕ ਚੇਤਾਵਨੀ ਹਨ ਕਿ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਖ਼ਤੀ ਬਰਕਰਾਰ ਰੱਖਣੀ ਪਵੇਗੀ।

# ਕੈਲੀਫੋਰਨੀਆ ਵਿਖੇ ਟਰੱਕ ਡਰਾਈਵਰ 21 ਸਾਲਾ ਜਸ਼ਨਪ੍ਰੀਤ ਸਿੰਘ ਨੇ 3 ਨਿਰਦੋਸ਼ ਲੋਕਾਂ ਲਈ ਜਾਨ, 4 ਜ਼ਖ਼ਮੀ








ਓਂਟਾਰੀਓ (ਕੈਲੀਫੋਰਨੀਆ): ਮੰਗਲਵਾਰ ਨੂੰ ਦੱਖਣੀ ਕੈਲੀਫੋਰਨੀਆ ਦੇ ਓਨਟਾਰੀਓ ਸ਼ਹਿਰ ਵਿੱਚ 10 ਫਰੀਵੇਅ ’ਤੇ ਹੋਏ ਇੱਕ ਭਿਆਨਕ ਹਾਦਸੇ, ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ, ਦੇ ਦੋਸ਼ੀ ਸੈਮੀ-ਟਰੱਕ ਡਰਾਈਵਰ ਬਾਰੇ ਵੱਡਾ ਖੁਲਾਸਾ ਹੋਇਆ ਹੈ। ਹੋਮਲੈਂਡ ਸਕਿਓਰਿਟੀ ਵਿਭਾਗ (DHS) ਦੇ ਅਧਿਕਾਰੀਆਂ ਅਨੁਸਾਰ, ਗ੍ਰਿਫਤਾਰ ਕੀਤਾ ਗਿਆ ਡਰਾਈਵਰ (ਸਿੰਘ) ਗੈਰ-ਕਾਨੂੰਨੀ ਤੌਰ ‘ਤੇ ਅਮਰੀਕਾ ਵਿੱਚ ਰਹਿ ਰਿਹਾ ਸੀ।

21 ਸਾਲਾ ਜਸ਼ਨਪ੍ਰੀਤ ਸਿੰਘ ਇੱਕ ਭਾਰਤੀ ਨਾਗਰਿਕ ਹੈ, ਜੋ 2022 ਵਿੱਚ ਅਮਰੀਕਾ-ਮੈਕਸੀਕੋ ਸਰਹੱਦ ਰਾਹੀਂ ਦੇਸ਼ ਵਿੱਚ ਦਾਖਲ ਹੋਇਆ ਸੀ। ਉਹ ਯੂਬਾ ਸਿਟੀ, ਕੈਲੀਫੋਰਨੀਆ ਦਾ ਵਸਨੀਕ ਹੈ।

ਕੀ ਹੈ ਇਹ ਦਿਲ ਹਿਲਾ ਦੇਣ ਵਾਲੀ ਅਤੇ ਪੰਜਾਬੀ ਡਰਾਈਵਰਾਂ ਚ ਸਹਿਮ ਪੈਦਾ ਕਰਨ ਵਾਲੀ ਨਿੰਦਣਯੋਗ ਘਟਨਾ?

ਜਸ਼ਨਪ੍ਰੀਤ ਸਿੰਘ ਨੂੰ ਕੈਲੀਫੋਰਨੀਆ ਹਾਈਵੇਅ ਪੈਟਰੋਲ (CHP) ਨੇ ਮੰਗਲਵਾਰ ਨੂੰ ਅੱਠ ਵਾਹਨਾਂ ਦੀ ਟੱਕਰ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਸੀ, ਜਿਸ ਵਿੱਚ ਚਾਰ ਵਪਾਰਕ ਵਾਹਨ (ਸੈਮੀ-ਟਰੱਕ) ਸ਼ਾਮਲ ਸਨ। ਇਸ ਹਾਦਸੇ ਵਿੱਚ ਤਿੰਨ ਬਾਲਗਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਵੱਖ-ਵੱਖ ਹਾਲਤਾਂ ਵਿੱਚ ਹਸਪਤਾਲ ਵਿੱਚ ਦਾਖਲ ਹਨ। ਮੌਜੂਦਾ ਸਥਿਤੀ ਅਤੇ ਦੋਸ਼ ਸੈਨ ਬਰਨਾਰਡੀਨੋ ਕਾਉਂਟੀ ਜੇਲ੍ਹ ਦੇ ਰਿਕਾਰਡ ਅਨੁਸਾਰ, ਸਿੰਘ ਨੂੰ ਬੁੱਧਵਾਰ ਰਾਤ ਤੱਕ ਵੈਸਟ ਵੈਲੀ ਡਿਟੈਂਸ਼ਨ ਸੈਂਟਰ ਵਿੱਚ ਬਿਨਾਂ ਜ਼ਮਾਨਤ ਦੇ ਹਿਰਾਸਤ ਵਿੱਚ ਰੱਖਿਆ ਗਿਆ ਹੈ। ਉਸ ’ਤੇ ਨਸ਼ੇ (ਡਰੱਗਜ਼) ਦੇ ਪ੍ਰਭਾਵ ਹੇਠ ਗੱਡੀ ਚਲਾਉਣ (DUI) ਜਿਸ ਨਾਲ ਸਰੀਰਕ ਸੱਟ ਲੱਗੀ, ਅਤੇ ਨਸ਼ੇ ਦੀ ਹਾਲਤ ਵਿੱਚ ਲਾਪਰਵਾਹੀ ਨਾਲ ਵਾਹਨ ਚਲਾ ਕੇ ਮੌਤਾਂ ਕਰਨ (gross veihcular manslaughter) ਦੇ ਗੰਭੀਰ ਦੋਸ਼ ਲਗਾਏ ਗਏ ਹਨ। ਉਸਨੂੰ ਵੀਰਵਾਰ ਨੂੰ ਰੈਂਚੋ ਕੁਕਾਮੋਂਗਾ ਦੀ ਸੁਪੀਰੀਅਰ ਕੋਰਟ ਵਿੱਚ ਪੇਸ਼ ਕੀਤੇ ਜਾਣ ਦੀ ਉਮੀਦ ਹੈ।

ਸੀਐਚਪੀ ਅਧਿਕਾਰੀ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਕੀ ਹਾਦਸੇ ਦੇ ਸਮੇਂ ਸਿੰਘ ਕੋਲ ਵੈਧ ਕਮਰਸ਼ੀਅਲ ਡਰਾਈਵਰ ਲਾਇਸੈਂਸ (CDL) ਸੀ ਜਾਂ ਨਹੀਂ। ਲਾਇਸੈਂਸਾਂ ‘ਤੇ ਵੱਧ ਰਹੀ ਜਾਂਚ ਇਹ ਖ਼ਬਰ ਅਜਿਹੇ ਸਮੇਂ ਆਈ ਹੈ ਜਦੋਂ ਪਿਛਲੇ ਹਫ਼ਤੇ ਹੀ ਫਲੋਰੀਡਾ ਰਾਜ ਨੇ ਕੈਲੀਫੋਰਨੀਆ ਅਤੇ ਵਾਸ਼ਿੰਗਟਨ ‘ਤੇ ਮੁਕੱਦਮਾ ਦਾਇਰ ਕੀਤਾ ਹੈ। ਇਹ ਮੁਕੱਦਮਾ ਅਗਸਤ ਵਿੱਚ ਹੋਏ ਇੱਕ ਹੋਰ ਘਾਤਕ ਹਾਦਸੇ ਨਾਲ ਸਬੰਧਤ ਹੈ ਜਿਸ ਵਿੱਚ ਤਿੰਨ ਲੋਕ ਮਾਰੇ ਗਏ ਸਨ। ਉਸ ਹਾਦਸੇ ਦੇ ਡਰਾਈਵ, ਹਰਜਿੰਦਰ ਸਿੰਘ ‘ਤੇ ਵੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ‘ਚ ਹੋਣ ਅਤੇ ਕੈਲੀਫੋਰਨੀਆ ਤੋਂ CDL ਹਾਸਲ ਕਰਨ ਦੇ ਦੋਸ਼ ਸਨ। ਮੁਕੱਦਮੇ ਵਿੱਚ ਦੋਸ਼ ਲਾਇਆ ਗਿਆ ਹੈ ਕਿ ਕੈਲੀਫੋਰਨੀਆ ਅਤੇ ਵਾਸ਼ਿੰਗਟਨ, ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਪਾਰਕ ਲਾਇਸੈਂਸ ਜਾਰੀ ਕਰਦੇ ਸਮੇਂ, ਸੰਘੀ ਸੁਰੱਖਿਆ ਅਤੇ ਇਮੀਗ੍ਰੇਸ਼ਨ-ਸਥਿਤੀ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹੇ ਹਨ, ਜਿਸ ਨਾਲ ਸੜਕਾਂ ‘ਤੇ ਖ਼ਤਰਾ ਵੱਧ ਰਿਹਾ ਹੈ।

ਫੋਟੋ ਸੋਸ਼ਲ ਮੀਡੀਆ

# ਸਰਹਿੰਦ ਨੇੜੇ ਅੰਮ੍ਰਿਤਸਰ-ਸਹਰਸਾ ਐਕਸਪ੍ਰੈਸ ਦੇ ਕੋਚ ’ਚ ਲੱਗੀ ਅੱਗ, ਜਾਨੀ ਨੁਕਸਾਨ ਤੋਂ ਬਚਾਅ







ਸਰਹਿੰਦ : ਬੀਤੇ ਦਿਨੀਂ ਸਰਹਿੰਦ ਰੇਲਵੇ ਸਟੇਸ਼ਨ ਨੇੜੇ ਅੰਮ੍ਰਿਤਸਰ ਤੋਂ ਸਹਰਸਾ (ਬਿਹਾਰ) ਜਾ ਰਹੀ ਗਰੀਬ ਰੱਥ ਐਕਸਪ੍ਰੈਸ (ਟਰੇਨ ਨੰਬਰ 12204) ਦੇ ਇੱਕ ਏਸੀ ਕੋਚ ਵਿੱਚ ਅਚਾਨਕ ਅੱਗ ਲੱਗ ਗਈ। ਇਸ ਘਟਨਾ ਵਿੱਚ ਕਿਸੇ ਵੀ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ, ਹਾਲਾਂਕਿ ਇੱਕ ਮਹਿਲਾ ਯਾਤਰੀ ਦੇ ਮਾਮੂਲੀ ਜ਼ਖਮੀ ਹੋਣ ਦੀ ਖ਼ਬਰ ਹੈ।

ਮਿਲੀ ਜਾਣਕਾਰੀ ਅਨੁਸਾਰ, ਅੱਗ ਟਰੇਨ ਦੇ ਜੀ-19 ਕੋਚ ਵਿੱਚ ਲੱਗੀ। ਯਾਤਰੀਆਂ ਨੇ ਧੂੰਆਂ ਨਿਕਲਦਾ ਦੇਖ ਕੇ ਤੁਰੰਤ ਅਲਾਰਮ ਚੇਨ ਖਿੱਚ ਦਿੱਤੀ, ਜਿਸ ਤੋਂ ਬਾਅਦ ਟਰੇਨ ਨੂੰ ਰੋਕ ਲਿਆ ਗਿਆ। ਅੱਗ ਨੇ ਤੇਜ਼ੀ ਨਾਲ ਕੋਚ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਦੋ ਹੋਰ ਨਾਲ ਲੱਗਦੇ ਕੋਚਾਂ ਨੂੰ ਵੀ ਅੰਸ਼ਕ ਨੁਕਸਾਨ ਪਹੁੰਚਾਇਆ।

ਰੇਲਵੇ ਸਟਾਫ਼, ਰੇਲਵੇ ਪ੍ਰੋਟੈਕਸ਼ਨ ਫੋਰਸ (ਆਰਪੀਐਫ) ਅਤੇ ਸਰਕਾਰੀ ਰੇਲਵੇ ਪੁਲਿਸ (ਜੀਆਰਪੀ) ਦੀਆਂ ਟੀਮਾਂ ਨੇ ਮੌਕੇ ’ਤੇ ਪਹੁੰਚ ਕੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਮੌਕੇ ’ਤੇ ਪਹੁੰਚ ਕੇ ਅੱਗ ’ਤੇ ਕਾਬੂ ਪਾਇਆ। ਪ੍ਰਭਾਵਿਤ ਤਿੰਨ ਕੋਚਾਂ ਨੂੰ ਟਰੇਨ ਤੋਂ ਵੱਖ ਕਰ ਦਿੱਤਾ ਗਿਆ। ਮੁੱਢਲੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਬਿਜਲੀ ਦਾ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਰੇਲਵੇ ਅਧਿਕਾਰੀਆਂ ਨੇ ਘਟਨਾ ਦੀ ਵਿਸਤ੍ਰਿਤ ਜਾਂਚ ਦੇ ਆਦੇਸ਼ ਦਿੱਤੇ ਹਨ। ਇਸ ਹਾਦਸੇ ਕਾਰਨ ਰੇਲ ਆਵਾਜਾਈ ਕੁਝ ਸਮੇਂ ਲਈ ਪ੍ਰਭਾਵਿਤ ਹੋਈ, ਪਰ ਬਾਅਦ ਵਿੱਚ ਟਰੈਕ ਨੂੰ ਬਹਾਲ ਕਰ ਦਿੱਤਾ ਗਿਆ।

# ਰਾਂਚੀ ’ਚ ‘ਰਾਵਣ ਦਹਿਨ’ ਮੌਕੇ ਆਤਿਸ਼ਬਾਜ਼ੀ ਨਾਲ ਅਸਮਾਨ ਰੌਸ਼ਨ ਹੋਇਆ







ਰਾਂਚੀ: ਬੀਤੇ ਦਿਨ ਰਾਂਚੀ ਦੇ ਮੋਰਹਾਬਾਦੀ ਮੈਦਾਨ ਵਿੱਚ ਪੰਜਾਬੀ-ਹਿੰਦੂ ਭਾਈਚਾਰੇ ਵੱਲੋਂ ਆਯੋਜਿਤ ਇੱਕ ਪ੍ਰੋਗਰਾਮ ਵਿੱਚ ‘ਰਾਵਣ ਦਹਿਨ’ ਲਈ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਖੜ੍ਹੇ ਕੀਤੇ ਗਏ। ਇਸ ਮੌਕੇ ਪਟਾਕਿਆਂ ਦੀ ਤੇਜ਼ ਆਵਾਜ਼ ਅਤੇ ਆਤਿਸ਼ਬਾਜ਼ੀ ਨਾਲ ਪੂਰਾ ਅਸਮਾਨ ਜਗਮਗਾ ਉੱਠਿਆ।

## 113ਵੇਂ ਸਥਾਪਨਾ ਵਰ੍ਹੇ 'ਤੇ ਵਿਸ਼ੇਸ਼

# ਅਮਰੀਕਾ 'ਚ ਸਿੱਖਾਂ ਦੀ ਪਹਿਲੀ ਸੰਸਥਾ : ਪੈਸੇਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ, ਕੈਲੀਫੋਰਨੀਆ

ਡਾ. ਗੁਰਵਿੰਦਰ ਸਿੰਘ
604 825 1550



ਅਮਰੀਕਾ ਵਿੱਚ ਸਿੱਖਾਂ ਦੀ ਪਹਿਲੀ ਸੰਸਥਾ ਪੈਸੇਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ 1912 ਵਿਚ ਕੀਤੀ ਗਈ। ਸਿੱਖੀ ਵਿਰਸੇ, ਗੁਰਬਾਣੀ ਦੀ ਪ੍ਰੇਰਨਾ ਅਤੇ ਜ਼ੁਲਮ ਖ਼ਿਲਾਫ਼ ਲੜਨ ਦੀ ਭਾਵਨਾ ਗਦਰੀ ਬਾਬਿਆਂ ਨੂੰ ਆਰੰਭ ਵਿਚ ਇੱਥੋਂ ਹੀ ਮਿਲੀ, ਜਿਸ ਨੇ ਅੱਗੇ ਜਾ ਕੇ ਗ਼ਦਰ ਲਹਿਰ ਨੂੰ ਜਨਮ ਦਿੱਤਾ। ਇਉਂ ਗ਼ਦਰ ਪਾਰਟੀ, ਗ਼ਦਰ ਲਹਿਰ ਅਤੇ ਗ਼ਦਰ ਅਖ਼ਬਾਰ ਦੀ ਪ੍ਰੇਰਨਾ-ਸਰੋਤ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਹੋ ਨਿਬੜਦੀ ਹੈ। ਦਰਅਸਲ ਉੱਤਰੀ ਅਮਰੀਕਾ ਦੀ ਧਰਤੀ 'ਤੇ ਪੰਜਾਬੀ ਵੀਹਵੀਂ ਸਦੀ ਦੇ ਆਰੰਭ ਵਿੱਚ ਵਸਣੇ ਸ਼ੁਰੂ ਹੋਏ। ਬੇਸ਼ੱਕ ਉਨ੍ਹਾਂ ਦਾ ਆਉਣਾ ਰੋਜ਼ੀ-ਰੋਟੀ ਦੀ ਭਾਲ ਦਾ ਮਸਲਾ ਬਣਿਆ, ਪਰ ਕੈਨੇਡਾ ਅਤੇ ਅਮਰੀਕਾ ਆ ਕੇ ਉਨ੍ਹਾਂ ਮਿਹਨਤ-ਮੁਸ਼ੱਕਤ ਨਾਲ ਨਵੇਂ ਇਤਿਹਾਸ ਸਿਰਜ ਦਿੱਤੇ। ਪੈਸੇਫਿਕ ਰੇਲਵੇ ਲਈ ਲਾਈਨਾਂ ਵਿਛਾਉਣ, ਖਾਣਾਂ ਵਿਚੋਂ ਧਾਤਾਂ ਲਈ ਖੁਦਾਈ ਕਰਨ ਅਤੇ ਜੰਗਲ ਕੱਟਣ ਆਦਿ ਦੇ ਸਖ਼ਤ ਕੰਮਾਂ ਨੂੰ ਪੰਜਾਬੀਆਂ ਨੇ ਚੁਣੌਤੀ ਸਹਿਤ ਅਪਣਾਇਆ। ਉਨ੍ਹਾਂ ਆਪਣੀ ਰਿਹਾਇਸ਼ ਘੋੜਿਆਂ ਦੀਆਂ ਬਾਰਨਾਂ ਅਤੇ ਬੰਕ ਹਾਊਸਾਂ ਵਿਚ ਕੀਤੀ ਅਤੇ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਹੌਂਸਲਾ ਨਾ ਹਾਰਿਆ।

ਨਸਲਵਾਦ ਅਤੇ ਬਸਤੀਵਾਦੀ ਦੈਂਤ ਨਾਲ ਲੜਦਿਆਂ ਹੋਇਆਂ ਵੀ ਮੋਢੀ ਸਿੱਖ ਆਗੂਆਂ ਨੇ ਕਦੇ ਹੌਂਸਲਾ ਨਾ ਛੱਡਿਆ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹੇ। ਨਿੱਕੀਆਂ ਨਿੱਕੀਆਂ ਕੁੱਲੀਆਂ ਵਿਚ ਵਸਦੇ ਪੰਜਾਬੀਆਂ ਨੇ ਮਿਹਨਤ ਮੁਸ਼ੱਕਤ ਦੇ ਨਾਲ-ਨਾਲ, ਧਾਰਮਿਕ ਭਾਵਨਾ ਦੀ ਪੂਰਤੀ ਲਈ ਗੁਰਬਾਣੀ ਦਾ ਓਟ ਆਸਰਾ ਲੈ ਕੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਉਪਦੇਸ਼ ਵਿਦੇਸ਼ਾਂ ਵਿਚ ਰਹਿੰਦਿਆਂ ਵੀ ਹਿਰਦੇ ਵਿਚ ਵਸਾਇਆ ਹੋਇਆ ਸੀ। ਤਨ ਦੀ ਖ਼ੁਰਾਕ ਲਈ ਜਿੱਥੇ ਰੁੱਖੀ-ਸੁੱਖੀ ਖਾ ਕੇ ਵੀ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ, ਉੱਥੇ ਆਤਮਾ ਦੀ ਖ਼ੁਰਾਕ ਵਜੋਂ ਗੁਰਬਾਣੀ ਦਾ ਆਸਰਾ ਲੈਣ ਲਈ ਭਾਈ ਅਰਜੁਨ ਸਿੰਘ ਮਲਿਕ ਵੱਲੋਂ 1904 ਵਿਚ ਕੈਨੇਡਾ ਦੀ ਧਰਤੀ ਤੇ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆ ਕੇ ਕੌਮੀ ਉਪਕਾਰ ਕੀਤਾ ਗਿਆ।

ਹੁਣ ਉਨ੍ਹਾਂ ਇਕ ਅਜਿਹੀ ਸਾਂਝੀ ਜੱਥੇਬੰਦੀ ਦੀ ਲੋੜ ਮਹਿਸੂਸ ਕੀਤੀ, ਜਿਸ ਰਾਹੀਂ ਧਾਰਮਿਕ ਭਾਵਨਾਵਾਂ ਦੇ ਨਾਲ-ਨਾਲ ਸਭਿਆਚਾਰਕ ਰਿਸ਼ਤਿਆਂ, ਸਮਾਜਿਕ ਸੰਬੰਧਾਂ ਅਤੇ ਭਾਸ਼ਾਈ ਸਾਂਝ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। 22 ਜੁਲਾਈ 1906 ਨੂੰ ਕੈਨੇਡਾ ਦੀ ਧਰਤੀ ਤੇ 'ਖਾਲਸਾ ਦੀਵਾਨ ਸੁਸਾਇਟੀ' ਵੈਨਕੂਵਰ ਜੱਥੇਬੰਦੀ ਦੀ ਨੀਂਹ ਰੱਖੀ ਗਈ, ਜਿਸ ਨੇ ਅੱਗੇ ਜਾ ਕੇ ਨਾ ਸਿਰਫ਼ ਸਿੱਖਾਂ ਲਈ ਧਾਰਮਿਕ ਮੰਚ ਹੀ ਪ੍ਰਦਾਨ ਕੀਤਾ, ਸਗੋਂ ਵਿਦੇਸ਼ਾਂ ਦੀ ਧਰਤੀ ਤੋਂ ਅਨਿਆਂ, ਜ਼ੁਲਮ, ਧੱਕੇਸ਼ਾਹੀ, ਬੇਇਨਸਾਫ਼ੀ ਅਤੇ ਅਣਮਨੁੱਖੀ ਵਰਤਾਰੇ ਖਿਲਾਫ਼ ਇਤਿਹਾਸਕ ਸੰਘਰਸ਼ ਨੂੰ ਵੀ ਜਨਮ ਦਿੱਤਾ।

ਇੱਥੇ ਇਹ ਦੱਸਣਾ ਵਾਜਬ ਹੋਏਗਾ ਕਿ ਖ਼ਾਲਸਾ ਦੀਵਾਨ ਸੰਸਥਾਂਵਾਂ ਦਾ ਜਨਮ ਸਿੰਘ ਸਭਾ ਲਹਿਰ ਦੇ ਵਿੱਚੋਂ ਹੋਇਆ ਹੈ। ਪਹਿਲਾਂ ਸੰਨ 1873 ਨੂੰ ਸਿੰਘ ਸਭਾ ਲਹਿਰ, ਸਿੱਖਾਂ ਦੀ ਪੁਨਰ-ਸੁਰਜੀਤੀ ਦੇ ਰੂਪ ਵਿੱਚ ਆਰੰਭ ਹੋਈ, ਜਿਸ ਨੇ ਸਮੇਂ ਦੇ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਸਿੰਘ ਸਭਾ ਲਹਿਰ ਵਿੱਚੋਂ ਜਨਮੀਆਂ ਸੰਸਥਾਵਾਂ ਵਿੱਚੋਂ ਇੱਕ ਪ੍ਰਮੁੱਖ ਸੰਸਥਾ 'ਖ਼ਾਲਸਾ ਦੀਵਾਨ' ਸੀ, ਜਿਸ ਨੇ ਵਿੱਦਿਆ ਦਾ ਪ੍ਰਚਾਰ ਕੀਤਾ ਅਤੇ ਵਿਦੇਸ਼ਾਂ ਵਿੱਚ ਗੁਰਦੁਆਰੇ ਕਾਇਮ ਕਰਨ ਵਿਚ ਵੱਡੀ ਭੂਮਿਕਾ ਨਿਭਾਈ।

ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ, ਅਮਰੀਕਾ, ਹਾਂਗਕਾਂਗ ਸਮੇਤ ਵੱਖ-ਵੱਖ ਦੇਸ਼ਾਂ 'ਚ ਸਥਾਪਤ ਹੋਏ ਮੁੱਢਲੇ ਗੁਰਦੁਆਰਿਆਂ ਦੇ ਨਾਂ 'ਖ਼ਾਲਸਾ ਦੀਵਾਨ' ਹੀ ਮਿਲਦੇ ਹਨ। ਇਹ ਗੁਰਦੁਆਰੇ ਅੱਗੇ ਜਾ ਕੇ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਦਾ ਆਧਾਰ ਬਣੇ। ਇਹ ਵੀ ਸੱਚ ਹੈ ਕਿ ਸਿੰਘ ਸਭਾ ਲਹਿਰ 'ਚੋਂ ਪੈਦਾ ਹੋਏ ਇਕ ਧੜੇ ਦੀ ਸਰਕਾਰ ਪੱਖੀ ਸੋਚ ਅਤੇ ਚੀਫ਼ ਖ਼ਾਲਸਾ ਦੀਵਾਨ ਦੀ ਅੰਗਰੇਜ਼ਾਂ ਪੱਖੀ ਪਹੁੰਚ ਦਾ, ਕੈਨੇਡਾ ਅਮਰੀਕਾ ਆਦਿ ਦੀਆਂ ਖ਼ਾਲਸਾ ਦੀਵਾਨ ਜਥੇਬੰਦੀਆਂ ਨੇ ਸਖ਼ਤ ਵਿਰੋਧ ਕੀਤਾ ਸੀ।

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸੇਵਾਦਾਰਾਂ ਵੱਲੋਂ, ਸਮੇਂ-ਸਮੇਂ ਦੀਆਂ ਸਰਕਾਰਾਂ ਖ਼ਿਲਾਫ਼ ਸਿੱਖ ਸੰਘਰਸ਼ ਦੇ ਯੋਧਿਆਂ ਦੀ, ਕੁਰਬਾਨੀ ਦੀ ਵਿਰਾਸਤ ਤੋਂ ਸੇਧ ਲੈ ਕੇ, ਵਤਨ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਜਨ-ਸ਼ਕਤੀ ਅਤੇ ਮਾਲੀ ਸਹਾਇਤਾ ਰਾਹੀਂ, ਆਜ਼ਾਦੀ ਦੀਆਂ ਲਹਿਰਾਂ ਦੀ ਅਗਵਾਈ ਕੀਤੀ ਜਾਂਦੀ ਰਹੀ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸੰਨ 1906 ਵਿਚ ਵੈਨਕੂਵਰ ਸ਼ਹਿਰ ਅੰਦਰ ਪਹਿਲੀ ਕੇਂਦਰੀ ਸੰਸਥਾ 'ਖ਼ਾਲਸਾ ਦੀਵਾਨ ਸੁਸਾਇਟੀ' ਦੀ ਸਥਾਪਨਾ ਨੇ ਅਜਿਹੇ ਬੀਜ ਬੀਜੇ, ਜਿਨ੍ਹਾਂ ਸਦਕਾ ਮਗਰੋਂ ਗ਼ਦਰ ਪਾਰਟੀ, ਗ਼ਦਰ ਅਖ਼ਬਾਰ ਅਤੇ ਗ਼ਦਰ ਲਹਿਰ ਸਥਾਪਤ ਹੋਏ। ਦੂਸਰੇ ਸ਼ਬਦਾਂ ਵਿਚ ਕੈਨੇਡਾ ਦੇ ਮੋਢੀ ਸਿੱਖਾਂ ਦੀ ਪ੍ਰੇਰਨਾ ਸਦਕਾ ਹੀ ਅਮਰੀਕਾ ਵਿਚ ਅੱਧਾ ਦਹਾਕਾ ਮਗਰੋਂ ਗ਼ਦਰ ਲਹਿਰ ਦਾ ਮੁੱਢ ਬੱਝਿਆ। ਇੱਥੇ ਵਿਚਾਰਨ ਵਾਲੀ ਵੱਡੀ ਗੱਲ ਇਹ ਹੈ ਕਿ ਕਈ ਇਤਿਹਾਸਕਾਰ ਕੈਨੇਡਾ ਤੋਂ ਗੁਰਬਾਣੀ ਅਤੇ ਸਿੱਖ ਵਿਰਾਸਤ ਤੋਂ ਸੇਧ ਲੈ ਕੇ ਸ਼ੁਰੂ ਹੋਏ, ਨਸਲਵਾਦ ਅਤੇ ਬਸਤੀਵਾਦ ਵਿਰੋਧੀ ਅਤੇ ਆਜ਼ਾਦੀ ਦੇ ਹੱਕ ਦੇ ਸੰਘਰਸ਼ ਨੂੰ, ਗ਼ਦਰ ਪਾਰਟੀ ਦਾ ਸੰਘਰਸ਼ ਕਹਿ ਕੇ ਬਿਆਨਦੇ ਹਨ, ਜਦ ਕਿ ਗ਼ਦਰ ਪਾਰਟੀ ਤਾਂ ਉਸਤੋਂ ਕਈ ਵਰ੍ਹੇ ਮਗਰੋਂ ਕਾਇਮ ਹੁੰਦੀ ਹੈ। ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਗ਼ਦਰ ਲਹਿਰ ਤੇ ਗ਼ਦਰ ਪਾਰਟੀ ਦੇ ਪ੍ਰੇਰਨਾ-ਸਰੋਤ ਕੈਨੇਡਾ ਦੇ ਸਿੱਖ ਯੋਧੇ ਸਨ, ਪਰ ਇਹ ਕਹਿਣਾ ਉਚਿਤ ਨਹੀਂ ਹੋਏਗਾ ਕਿ ਗ਼ਦਰ ਲਹਿਰ ਤੋਂ ਮੋਢੀ ਸਿੱਖ ਅਤੇ ਆਜ਼ਾਦੀ ਘੁਲਾਟੀਏ ਪ੍ਰੇਰਿਤ ਅਤੇ ਪ੍ਰਭਾਵਿਤ ਹੋਏ।

ਉੱਤਰੀ ਅਮਰੀਕਾ ਦੀ ਧਰਤੀ 'ਤੇ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੜਨ ਵਾਲੇ ਮੋਢੀ ਸਿੱਖ ਯੋਧੇ ਭਾਈ ਭਾਗ ਸਿੰਘ ਭਿੱਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ, ਭਾਈ ਮੇਵਾ ਸਿੰਘ ਲੋਪੋਕੇ, ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ, ਬਾਬੂ ਹਰਨਾਮ ਸਿੰਘ ਸਾਹਰੀ, ਬੱਬਰ ਕਰਮ ਸਿੰਘ ਦੌਲਤਪੁਰ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਜਗਤ ਸਿੰਘ ਸੁਰ ਸਿੰਘ, ਬੱਬਰ ਹਰੀ ਸਿੰਘ ਸੂੰਢ, ਭਾਈ ਬੀਰ ਸਿੰਘ ਬਾਹੋਵਾਲ, ਬੱਬਰ ਕਰਮ ਸਿੰਘ ਝਿੰਗੜਾਂ, ਭਾਈ ਜਵੰਦ ਸਿੰਘ ਨੰਗਲ, ਭਾਈ ਉਤਮ ਸਿੰਘ ਹਾਂਸ ਅਤੇ ਭਾਈ ਮਿੱਤ ਸਿੰਘ ਪੰਡੋਰੀ ਸਮੇਤ ਅਨੇਕਾਂ ਸੂਰਮੇ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਬ੍ਰਿਟਿਸ਼ ਸਾਮਰਾਜ ਦੀ ਗੁਲਾਮੀ ਅਤੇ ਵਿਦੇਸ਼ਾਂ 'ਚ ਹੋ ਰਹੇ ਨਸਲੀ ਵਿਤਕਰੇ ਖ਼ਿਲਾਫ਼ ਜੂਝਦੇ ਰਹੇ। ਉਨ੍ਹਾਂ ਬਰਾਬਰੀ ਤੇ ਆਜ਼ਾਦੀ ਲਈ ਸਰਕਾਰੀ ਜਬਰ ਨਾਲ ਟੱਕਰ ਲੈਂਦਿਆਂ ਆਜ਼ਾਦੀ ਦਾ ਮੁੱਢ ਬੰਨਿਆ।





ਚਿੱਟੇ ਨਸਲਵਾਦ ਦੀਆਂ ਅਮਰੀਕਾ ਅੰਦਰ ਵਾਪਰਨ ਵਾਲੀਆਂ ਪ੍ਰਮੁੱਖ ਘਟਨਾਵਾਂ 'ਚੋਂ ਬੈਲਿੰਗਹੈਮ 'ਚ 4 ਸਤੰਬਰ 1907 ਨੂੰ ਭਾਰਤੀਆਂ 'ਤੇ ਯੋਜਨਾਬੱਧ ਹਮਲਾ ਕਰਕੇ, ਸੈਂਕੜਿਆਂ ਦੀ ਗਿਣਤੀ 'ਚ ਉਨ੍ਹਾਂ ਨੂੰ ਸ਼ਹਿਰੋਂ ਬਾਹਰ ਕੱਢਣਾ ਅਤੇ ਪੋਰਟਲੈਂਡ ਨੇੜਲੀ ਸੈਂਟਜ਼ੋਨ ਮਿੱਲ 'ਚ ਅਮਰੀਕੀ ਮਜ਼ਦੂਰਾਂ ਵੱਲੋਂ ਹਮਲਾ ਕੀਤਾ ਜਾਣਾ ਅਤੇ ਪੁਲਿਸ ਵੱਲੋਂ ਰੱਖਿਆ ਦੇ ਪ੍ਰਬੰਧ ਨਾ ਕਰਨਾ ਆਜ਼ਾਦੀ ਲਈ ਹਲੂਣਾ ਪੈਦਾ ਕਰਨ ਵਾਲੇ ਤੱਤ ਕਹੇ ਜਾ ਸਕਦੇ ਹਨ। ਇਕ ਹੋਰ ਘਟਨਾ, ਜਿਸ ਦਾ ਜ਼ਿਕਰ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਆਪਣੀ ਆਤਮਕਥਾ 'ਜੀਵਨ ਸੰਗਰਾਮ' ਵਿਚ ਵੀ ਕਰਦੇ ਹਨ, ਅਨੁਸਾਰ ਇਕ ਵਾਰ ਸੰਤ ਤੇਜਾ ਸਿੰਘ ਮਸਤੂਆਣਾ ਕੈਨੇਡਾ ਤੋਂ ਅਮਰੀਕਾ ਉਨ੍ਹਾਂ ਕੋਲ ਪੁੱਜੇ। ਪੋਰਟਲੈਂਡ ਸ਼ਹਿਰ ਵਿਚ ਉਹ ਦੋਵੇਂ 'ਅਮਰੀਕਨ' ਹੋਟਲ 'ਚ ਖਾਣਾ ਖਾਣ ਪੁੱਜੇ, ਪਰ ਹੋਟਲ ਵਾਲਿਆਂ ਉਨ੍ਹਾਂ ਨੂੰ ਦਾਖ਼ਲ ਨਾ ਹੋਣ ਦਿੱਤਾ। ਇਸ ਤਰ੍ਹਾਂ ਹੀ ਉਹ ਕਿਸੇ ਮਿੱਲ 'ਚ ਕੰਮ ਲੈਣ ਵਾਸਤੇ ਗਏ ਤਾਂ ਸੁਪਰਡੈਂਟ ਨੇ ਕਿਹਾ, 'ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ'। ਇਸ ਦਾ ਕਾਰਨ ਪੁੱਛਣ 'ਤੇ ਉਸ ਨੇ ਭਾਰਤ ਦੇਸ਼ ਦੀ ਆਬਾਦੀ ਬਾਰੇ ਪੁੱਛ ਲਿਆ। ਬਾਬਾ ਭਕਨਾ ਵਲੋਂ ਇਸ ਦਾ ਉੱਤਰ '30 ਕਰੋੜ' ਦਿੱਤੇ ਜਾਣ 'ਤੇ ਅੱਗਿਉਂ ਉਸ ਨੇ ਦੁਬਾਰਾ ਪੁੱਛਿਆ, '30 ਕਰੋੜ ਆਦਮੀ ਹਨ ਜਾਂ ਭੇਡਾਂ? ਜੇ ਤੁਸੀਂ 30 ਕਰੋੜ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ?' ਦਰਅਸਲ ਇਨ੍ਹਾਂ ਘਟਨਾਵਾਂ ਨੇ ਹੀ ਅਜਿਹੇ ਹਾਲਾਤ ਪੈਦਾ ਕੀਤੇ ਕਿ ਉੱਤਰੀ ਅਮਰੀਕਾ 'ਚ ਖੁਸ਼ਹਾਲ ਜੀਵਨ ਜਿਊਣ ਲਈ ਆਏ ਗ਼ਦਰੀ ਬਾਬਿਆਂ ਨੇ ਆਪਣੇ ਸੁੱਖ-ਆਰਾਮ ਤਿਆਗ ਕੇ ਆਜ਼ਾਦੀ ਦੇ ਸੰਘਰਸ਼ ਦਾ ਰਾਹ ਅਪਣਾ ਲਿਆ। ਕੈਨੇਡਾ ਦੀਆਂ ਇਨਕਲਾਬੀ ਜੱਥੇਬੰਦੀਆਂ ਵੱਲੋਂ ਸਮੇਂ-ਸਮੇਂ ਕੱਢੇ ਗਏ ਪਰਚਿਆਂ ਤੋਂ ਪ੍ਰੇਰਨਾ ਲੈ ਕੇ ਅਤੇ ਵਿਸ਼ੇਸ਼ ਕਰ ਕੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਇਤਿਹਾਸਕ ਦੇਣ ਅਤੇ ਜਾਗਰੂਕ ਲਹਿਰ ਤੋਂ ਸੇਧ ਲੈ ਕੇ, ਅਮਰੀਕਾ ਵਿਚ ਅਜਿਹੇ ਅਮਲ ਅਧੀਨ ਬਾਬਾ ਬਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਠੱਠੀਆਂ ਨੇ ਉਥੇ ਵਸਦੇ ਇਨਕਲਾਬੀਆਂ ਨੂੰ ਜੱਥੇਬੰਦ ਕਰਨਾ ਆਰੰਭ ਕਰ ਦਿੱਤਾ।

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਤਰਜ਼ 'ਤੇ ਹੀ ਅਮਰੀਕਾ ਵਿੱਚ ਸਿੱਖਾਂ ਦੀ ਪਹਿਲੀ ਸੰਸਥਾ ਪੈਸੇਫਿਕ ਕੋਸਟ 'ਖ਼ਾਲਸਾ ਦੀਵਾਨ ਸੁਸਾਇਟੀ' ਸਟੌਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ 1912 ਵਿਚ ਕੀਤੀ ਗਈ। ਵੈਨਕੂਵਰ ਵਰਗੀ ਕੌਮੀ ਜੱਥੇਬੰਦੀ ਖਾਲਸਾ ਦੀਵਾਨ ਸੁਸਾਇਟੀ ਕਾਇਮ ਹੋਣ ਮਗਰੋਂ, ਬਾਬਾ ਸੋਹਣ ਸਿੰਘ ਭਕਨਾ ਨੇ ਹੋਰਨਾਂ ਦੇਸ਼- ਭਗਤਾਂ ਨਾਲ ਮਿਲ ਕੇ ਅਤੇ ਆਜ਼ਾਦੀ-ਪਸੰਦ ਸਮੂਹ ਭਾਈਚਾਰਿਆਂ ਨੂੰ ਇਕ ਸੂਤਰ ਵਿਚ ਪਰੋਂਦਿਆਂ, 21 ਅਪ੍ਰੈਲ 1913 ਨੂੰ ਆਸਟਰੀਆ ਵਿਖੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਜੱਥੇਬੰਦੀ ਕਾਇਮ ਕੀਤੀ, ਜਿਸ ਦਾ ਅੱਗੇ ਜਾ ਕੇ ਨਾਂ 'ਗ਼ਦਰ ਪਾਰਟੀ ਮਸ਼ਹੂਰ ਹੋਇਆ। ਗ਼ਦਰ ਪਾਰਟੀ ਦੇ ਮੁੱਖ ਮੰਤਵ ਬਾਰੇ ਭਾਈ ਹਰਨਾਮ ਸਿੰਘ ਟੁੰਡੀਲਾਟ ਲਿਖਦੇ ਹਨ ਕਿ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢ ਕੇ, ਧਰਮ ਨਿਰਪੱਖ ਤੇ ਜਮਹੂਰੀ ਰਾਜ ਸਥਾਪਤ ਕਰਨਾ ਗ਼ਦਰ ਪਾਰਟੀ ਦਾ ਉਦੇਸ਼ ਸੀ ਜਿਸ ਵਿਚ ਕਿਸਾਨ, ਜਗੀਰਦਾਰੀ ਤੇ ਸਰਮਾਏਦਾਰੀ ਦੇ ਆਪਸੀ ਆਰਥਿਕ ਵਿਤਕਰਿਆਂ ਨੂੰ ਖ਼ਤਮ ਕਰਨਾ, ਉਪਰੰਤ ਲੋਕ ਭਲਾਈ ਕਾਰਜਾਂ ਨੂੰ ਪਹਿਲ ਦੇਣਾ ਸੀ। ਪਾਰਟੀ ਦੇ ਨਿਯਮਾਂ ਅਨੁਸਾਰ ਇਸ ਦਾ ਦਾਇਰਾ ਏਨਾ ਵਿਸ਼ਾਲ ਸੀ ਕਿ ਆਜ਼ਾਦੀ ਦਾ ਹਰ ਪ੍ਰੇਮੀ, ਬਿਨਾਂ ਜਾਤਪਾਤ ਜਾਂ 'ਦੇਸ਼ ਕੌਮ' ਦੇ ਲਿਹਾਜ਼ ਨਾਲ ਇਸ ਵਿਚ ਸ਼ਾਮਿਲ ਹੋ ਸਕਦਾ ਹੈ। ਗ਼ਦਰ ਪਾਰਟੀ ਦੇ ਕੌਮਾਂਤਰੀ ਰਾਜਨੀਤੀ 'ਚ ਸਥਾਨ ਦਾ ਮੁਲਾਂਕਣ ਇਸ ਦੇ ਫ਼ਰਜ਼ਾਂ ਅਤੇ ਬੁਨਿਆਦੀ ਢਾਂਚੇ ਦੇ ਇਸ ਆਧਾਰ 'ਤੇ ਹੋ ਸਕਦਾ ਹੈ ਕਿ 'ਦੁਨੀਆ ਦੇ ਕਿਸੇ ਵੀ ਹਿੱਸੇ 'ਚ ਜਿੱਥੇ ਕਿਤੇ ਗ਼ੁਲਾਮੀ ਵਿਰੁੱਧ ਜੰਗ ਛਿੜੇ, ਤਾਂ ਗ਼ਦਰ ਪਾਰਟੀ ਦੇ ਸਿਪਾਹੀ ਦਾ ਫ਼ਰਜ਼ ਬਣਦਾ ਹੋਵੇਗਾ ਕਿ ਉਹ ਆਜ਼ਾਦੀ ਤੇ ਬਰਾਬਰੀ ਦੇ ਹਾਮੀਆਂ ਦੀ ਹਰ ਤਰ੍ਹਾਂ ਸਹਾਇਤਾ ਕਰੇ।

ਪ੍ਰੋ: ਜਗਜੀਤ ਸਿੰਘ 'ਗ਼ਦਰ ਪਾਰਟੀ ਲਹਿਰ' ਵਿਚ ਲਿਖਦੇ ਹਨ ਕਿ ਗ਼ਦਰ ਪਾਰਟੀ ਨੇ ਹੀ 'ਪੰਚਾਇਤੀ ਰਾਜ' ਦੇ ਨਿਸ਼ਾਨੇ ਨੂੰ ਸਾਰੀ ਦੁਨੀਆ ਵਿਚ ਅਸਲੀ ਵਰਤੋਂ ਵਿਚ ਆਉਣ ਵਾਲਾ ਅਗਾਂਹ-ਵਧੂ ਰਾਜਸੀ ਆਦਰਸ਼ ਪ੍ਰਵਾਨ ਕੀਤਾ। ਜੇਕਰ ਭਾਰਤ ਦੇ ਸਮਕਾਲੀ ਰਾਸ਼ਟਰੀ ਨੇਤਾ, ਗ਼ਦਰ ਪਾਰਟੀ ਵਾਂਗ ਇਨਕਲਾਬੀ ਰਾਹ ਫੜਦੇ, ਤਾਂ ਆਜ਼ਾਦੀ ਦੀ ਲਹਿਰ ਜ਼ਿਆਦਾ ਅਸਰਪਾਊ ਹੋ ਸਕਦੀ ਸੀ। ਗ਼ਦਰ ਪਾਰਟੀ ਨੇ ਸ਼ਬਦ 'ਗ਼ਦਰ' ਨੂੰ ਇਨਕਲਾਬੀ ਸਰੂਪ ਅਤੇ ਵਿਆਪਕ ਅਰਥਾਂ ਵਾਲਾ ਮੰਨਿਆ ਹੈ। 'ਗ਼ਦਰ' ਦੇ ਛਪਣ ਤੋਂ ਪਹਿਲਾਂ ਕੈਨੇਡਾ ਦੇ ਸਮਾਚਾਰ ਪੱਤਰਾਂ ਵਿਚ ਬਾਗ਼ੀ ਸੋਚ ਮੌਜੂਦ ਸੀ। ਗ਼ਦਰ ਪਾਰਟੀ ਨੇ ਸਿਧਾਂਤਕ ਰੂਪ ਵਿਚ, ਸੰਸਾਰ ਭਰ ਦੀਆਂ ਇਨਕਲਾਬੀ ਲਹਿਰਾਂ ਅਤੇ ਕ੍ਰਾਂਤੀਕਾਰੀ ਸੰਘਰਸ਼ ਨੂੰ 'ਗ਼ਦਰ' ਕਹਿ ਕੇ ਪ੍ਰਵਾਨ ਕੀਤਾ ਹੈ। 1 ਨਵੰਬਰ 1913 ਨੂੰ ਸਾਨਫਰਾਂਸਿਸਕੋ ਤੋਂ ਹਫ਼ਤਾਵਾਰੀ ਉਰਦੂ ਸਮਾਚਾਰ ਪੱਤਰ 'ਗ਼ਦਰ'



ਨਿਕਲਿਆ।

ਗੁਰਮੁਖੀ ਵਿਚ ਪੰਜਾਬੀ ਦਾ ਹਫ਼ਤਾਵਾਰੀ 'ਗ਼ਦਰ' ਦਸੰਬਰ 1913 ਵਿਚ ਸ਼ੁਰੂ ਹੋਇਆ, ਜਿਸ ਦੇ ਸੰਪਾਦਕ ਨੌਜਵਾਨ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਸਨ। 'ਗ਼ਦਰ ਪ੍ਰੈੱਸ' ਛਾਪੇ ਖਾਨੇ ਤੋਂ ਪ੍ਰਕਾਸ਼ਿਤ ਅਤੇ 'ਯੁਗਾਂਤਰ ਆਸ਼ਰਮ' ਤੋਂ ਨਿਕਲੇ 'ਗ਼ਦਰ ਅਖ਼ਬਾਰ' ਨੇ ਨਾ ਸਿਰਫ਼ ਭਾਰਤੀਆਂ ਨੂੰ ਹੀ, ਬਲਕਿ ਦੁਨੀਆ ਭਰ ਦੇ ਇਨਕਲਾਬੀਆਂ ਨੂੰ ਮਨੁੱਖੀ ਹੱਕਾਂ ਲਈ ਲੜਨ ਅਤੇ ਆਜ਼ਾਦੀ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ 'ਚ ਨਿਕਲਣ ਵਾਲੇ ਹਫ਼ਤਾਵਾਰੀ 'ਗ਼ਦਰ' ਦਾ ਸੰਪਾਦਨ ਕਾਰਜ ਕਰਦਿਆਂ ਨੌਜਵਾਨ ਗ਼ਦਰੀ ਯੋਧੇ ਸ: ਸਰਾਭਾ ਨੇ ਪਾਠਕਾਂ ਨੂੰ ਏਨਾ ਪ੍ਰਭਾਵਿਤ ਕੀਤਾ ਕਿ 'ਗ਼ਦਰ' ਵਿਚਲੀਆਂ ਲਿਖਤਾਂ ਪੜ੍ਹਨ ਲਈ ਕੈਨੇਡਾ ਤੇ ਅਮਰੀਕਾ ਰਹਿੰਦੇ ਸਿਰਫ਼ ਪੰਜਾਬੀਆਂ ਨੇ ਹੀ ਗੁਰਮੁਖੀ ਲਿੱਪੀ ਨਹੀਂ ਸਿੱਖੀ, ਸਗੋਂ ਭਾਰਤ ਅੰਦਰ ਹੋਰਨਾਂ ਬੋਲੀਆਂ ਵਾਲੇ ਪਾਠਕ ਵੀ ਪੰਜਾਬੀ ਭਾਸ਼ਾ ਨਾਲ ਜੁੜ ਗਏ।

ਸਹੀ ਅਰਥਾਂ 'ਚ 'ਗ਼ਦਰ' ਪੰਜਾਬੀ ਅਖ਼ਬਾਰ ਹੱਕ, ਸੱਚ ਤੇ ਆਜ਼ਾਦੀ ਦੇ ਸੰਕਲਪ ਨੂੰ ਪੇਸ਼ ਕਰਨ ਵਾਲਾ, ਪੰਜਾਬੀ ਪੱਤਰਕਾਰੀ ਦਾ ਥੰਮ ਕਿਹਾ ਜਾ ਸਕਦਾ ਹੈ। ਪੰਜਾਬੀ ਹਫ਼ਤਵਾਰੀ 'ਗ਼ਦਰ' ਦੇ ਸ਼ੁਰੂ ਦੇ ਅੰਕਾਂ ਵਿਚ ਗੁਰਬਾਣੀ ਦੀ ਪੰਕਤੀ ਨੂੰ, ਕੁਝ ਕੁ ਬਦਲਵੇਂ ਰੂਪ 'ਚ 'ਜੇ ਚਿਤ ਪ੍ਰੇਮ ਖੇਲਣ ਦਾ ਚਾਓ, ਸਿਰ ਧਰ ਤਲੀ ਗਲੀ ਮੇਰੀ ਆਓ।' ਵਿਚਕਾਰ ਲਿਖ ਕੇ ਦੋਹਾਂ ਨੁੱਕਰਾਂ ਉੱਤੇ 'ਬੰਦੇ' ਅਤੇ 'ਮਾਤਰਮ' ਲਿਖਿਆ ਮਿਲਦਾ ਹੈ। ਇਹ ਉਸ ਸਮੇਂ ਦੇ ਅੰਕ ਹਨ, ਜਦੋਂ ਪੰਜਾਬੀ ਸਮਾਚਾਰ ਪੱਤਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਸਨ। ਕੁਝ ਸਮੇਂ ਮਗਰੋਂ ਗ਼ਦਰੀ ਯੋਧਿਆਂ ਦੇ ਦੇਸ਼ ਜਾ ਕੇ ਕੁਰਬਾਨੀ ਕਰਨ ਲਈ ਤੱਤਪਰ ਹੁੰਦਿਆਂ ਸ਼ਹੀਦੀਆਂ ਪਾਈਆਂ ਜਾਂ ਲੰਮੀਆਂ ਸਜ਼ਾਵਾਂ ਕੱਟੀਆਂ। ਇਨ੍ਹਾਂ ਯੋਧਿਆਂ ਤੋਂ ਮਗਰੋਂ 'ਗ਼ਦਰ' ਦੀ ਦਿਖ 'ਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਅਤੇ ਇਸ ਦਾ ਮੁੱਖ ਪੰਨੇ ਬਦਲ ਦਿੱਤਾ ਗਿਆ। ਗੁਰਬਾਣੀ ਦੀ ਤੁਕ ਹਟਾ ਕੇ, ਉਸ ਦੀ ਜਗ੍ਹਾ 'ਐ ਮਰਦਾਨੋ ਹਿੰਦੀ ਜਵਾਨੋ ਜਲਦੀ ਲੋ ਹਥਿਆਰ' ਲਿਖ ਦਿੱਤੀ ਗਈ। 'ਗ਼ਦਰ' ਸਮਾਚਾਰ ਪੱਤਰ ਦੇ ਮੁੱਖ ਪੰਨੇ ਅਤੇ ਰੂਪ ਵਿਚ ਅਜਿਹੀਆਂ ਤਬਦੀਲੀਆਂ ਸੁਭਾਵਿਕ ਨਹੀਂ ਹੋਈਆਂ, ਸਗੋਂ ਯੋਜਨਾਬੱਧ ਢੰਗ ਨਾਲ ਲਿਆਂਦੀਆਂ ਗਈਆਂ।

ਗ਼ਦਰ ਪਾਰਟੀ ਨੂੰ ਦੋਫਾੜ ਕਰਨ ਵਾਲੇ ਮੌਕਾ ਪ੍ਰਸਤ ਰਾਮ ਚੰਦਰ ਨੇ ਪਹਿਲੇ ਸਫ਼ੇ 'ਤੇ ਸੰਪਾਦਕ ਵਜੋਂ ਆਪਣਾ ਨਾਂ ਵੀ ਲਿਖਣਾ ਸ਼ੁਰੂ ਕਰ ਦਿੱਤਾ ਤੇ ਮਗਰੋਂ ਪਾਰਟੀ ਤੋਂ ਅਲਹਿਦਾ ਹੋ ਕੇ, ਪਾਰਟੀ ਦੇ ਪਰਚੇ ਦੇ ਸਮਾਨਾਂਤਰ, ਉਸੇ ਹੀ ਨਾਂ 'ਤੇ ਵੱਖਰਾ ਹਿੰਦੁਸਤਾਨ ਗ਼ਦਰ ਵੀ ਕੱਢਿਆ। ਆਰੰਭ 'ਚ ਇਸ ਅਖ਼ਬਾਰ ਨਾਲ ਸੰਬੰਧਿਤ ਹੋਣ ਵਾਲੇ 'ਗ਼ਦਰ' ਸਮਾਚਾਰ ਪੱਤਰ ਦੇ ਪੰਜਾਬੀ ਅੰਕ ਦੇ ਸੰਪਾਦਕ ਕਰਤਾਰ ਸਿੰਘ ਸਰਾਭਾ ਰਹੇ ਤੇ ਹੋਰਨਾਂ ਇਨਕਲਾਬੀ ਲਿਖਾਰੀਆਂ 'ਚ ਹਰਨਾਮ ਸਿੰਘ ਟੁੰਡੀਲਾਟ, ਭਾਈ ਸੰਤੋਖ ਸਿੰਘ ਧਰਦਿਓ, ਭਗਵਾਨ ਸਿੰਘ ਪ੍ਰੀਤਮ, ਮੁਨਸ਼ਾ ਸਿੰਘ ਦੁਖੀ, ਕਰਤਾਰ ਸਿੰਘ ਲਤਾੜਾ, ਬਸੰਤ ਸਿੰਘ ਚੌਂਦਾ, ਮਹਿਬੂਬ ਅਲੀ, ਇਨਾਇਤ ਖਾਂ, ਰਾਮ ਚੰਦਰ, ਖੇਮ ਚੰਦ ਦਾਸ, ਮੋਹਨ ਲਾਲ, ਪਿਰਥੀ ਸਿੰਘ ਆਜ਼ਾਦ, ਬਿਸ਼ਨ ਸਿੰਘ ਸਦਾ ਸਿੰਘ ਵਾਲਾ ਅਤੇ ਨਿਧਾਨ ਸਿੰਘ ਮਹੇਸ਼ਰੀ ਵੀ ਸਮੇਂ-ਸਮੇਂ 'ਗ਼ਦਰ ਨਾਲ ਜੁੜੇ ਰਹੇ। ਜ਼ਿਆਦਾਤਰ ਲਿਖਾਰੀ ਆਪਣੇ ਉਪਨਾਮ ਜਾਂ ਤਖ਼ੱਲਸ ਆਦਿ ਦੀ ਵਰਤੋਂ ਹੀ ਕਰਦੇ ਸਨ।

ਗ਼ਦਰੀ ਬਾਬਿਆਂ ਦੀ ਦੁਖੀਆ, ਗ਼ਦਰ ਦਾ ਸਿਪਾਹੀ, ਪ੍ਰੀਤਮ, ਫ਼ਕੀਰ, ਪੰਜਾਬੀ ਸਿੰਘ, ਸੇਵਕ, ਬਾਗ਼ੀ, ਜਾਚਕ, ਇਕਬਾਲ, ਹਮਦਮ, ਅਜ਼ਾਦ, ਯਕਦਮ, ਨਾਸਤਕ, ਸੱਚ, ਹਿੰਦ ਸੇਵਕ ਅਤੇ ਨਿਧੜਕ ਆਦਿ ਫ਼ਰਜ਼ੀ ਨਾਮਾਂ ਅਧੀਨ 'ਗ਼ਦਰ' ਵਿਚਲੀ ਰਚਨਾ ਦਾ ਉਦੇਸ਼ ਜਿੱਥੇ ਇਕ ਪਾਸੇ ਵਿਅਕਤੀਗਤ ਪ੍ਰਸਿੱਧੀ ਦੀ ਥਾਂ, ਲਹਿਰ ਦੇ ਮਨੋਰਥ ਨੂੰ ਉਜਾਗਰ ਕਰਨਾ ਸੀ, ਉੱਥੇ ਦੂਜੇ ਪਾਸੇ ਰਾਜਸੀ ਹਾਲਤਾਂ ਨੂੰ ਸਮਝਦਿਆਂ ਗ਼ਦਰੀਆਂ ਦੀ ਪਛਾਣ ਗੁਪਤ ਰੱਖਣਾ ਸੀ। ਇਨ੍ਹਾਂ ਲਿਖਾਰੀਆਂ ਦਾ ਉਦੇਸ਼ ਪਰਵਾਸੀ ਭਾਰਤੀਆਂ ਵਿਚ ਰਾਜਨੀਤਕ ਚੇਤਨਾ ਪੈਦਾ ਕਰਕੇ ਆਜ਼ਾਦੀ ਦੀ ਲੜਾਈ ਲਈ ਮਾਹੌਲ ਪੈਦਾ ਕਰਨਾ ਸੀ। ਪੰਜਾਬੀ ਹਫ਼ਤਵਾਰੀ 'ਗ਼ਦਰ' ਦੇ ਪਰਚੇ ਪੱਤਰਕਾਰੀ ਵਿਚ ਅਜਿਹੇ ਮਹੱਤਵ ਦੇ ਲਖਾਇਕ ਹਨ, ਜੋ ਅਗਲੀਆਂ ਪੀੜ੍ਹੀਆਂ ਅੰਦਰ ਚੇਤਨਾ ਪੈਦਾ ਕਰਨ ਲਈ ਮੀਲ ਪੱਥਰ ਸਾਬਤ ਹੋਏ। 'ਗ਼ਦਰ' ਸਮਾਚਾਰ ਪੱਤਰ ਦਾ ਇਕੋ-ਇਕ ਨਿਸ਼ਾਨਾ ਆਜ਼ਾਦੀ ਸੀ ਅਤੇ ਇਸ ਦੀ ਪ੍ਰਾਪਤੀ ਲਈ ਗ਼ਦਰ ਨੇ ਦੁਨੀਆਂ ਭਰ ਦੇ ਆਜ਼ਾਦੀ ਪਸੰਦ ਭਾਰਤੀਆਂ ਨੂੰ ਜਥੇਬੰਦ ਕੀਤਾ।

'ਗ਼ਦਰ' ਲਹਿਰ ਕੇਵਲ ਅਮਰੀਕਾ ਜਾਂ ਕੈਨੇਡਾ ਤੱਕ ਸੀਮਤ ਨਾ ਰਹਿ ਕੇ ਦੁਨੀਆਂ ਦੇ ਕੋਨੇ-ਕੋਨੇ ਤੱਕ ਫੈਲ ਗਈ। ਜਿਉਂ ਹੀ ਗ਼ਦਰ ਲਹਿਰ ਵਧੀ ਤੇ ਜਨਤਾ ਵਿਚ ਇਨਕਲਾਬ ਆਇਆ, ਸਮਾਚਾਰ ਪੱਤਰ ਦੀ ਖਪਤ ਵਧਦੀ ਗਈ, ਸਮਾਚਾਰ ਪੱਤਰ ਦੇ ਉਰਦੂ ਤੇ ਪੰਜਾਬੀ ਤੋਂ ਇਲਾਵਾ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ, ਨੇਪਾਲੀ ਵਿਚ ਵੀ ਸਪੈਸ਼ਲ ਨੰਬਰ ਨਿਕਲਣ ਲੱਗੇ ਪਏ, ਸਮਾਚਾਰ ਪੱਤਰ ਕਈ ਹਜ਼ਾਰਾਂ ਦੀ ਗਿਣਤੀ ਵਿਚ ਛਾਪਿਆ ਤੇ ਵੰਡਿਆ ਜਾਣ ਲੱਗਾ, ਕਿਹਾ ਜਾਂਦਾ ਹੈ ਕਿ 1916 ਵਿਚ ਇਹ ਹਫ਼ਤੇ ਦਾ ਦਸ ਲੱਖ ਛਪਣ ਲੱਗ ਪਿਆ ਸੀ। ਇੱਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਇਹ ਸਾਰੇ ਸਫਰ ਦੀ ਆਰੰਭਤਾ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਤੋਂ ਹੋਈ।

ਮਾਣ ਵਾਲੀ ਗੱਲ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਬਰਾਬਰੀ ਤੇ ਮਾਨਵੀ ਹੱਕਾਂ ਦੀ ਪਹਿਰੇਦਾਰ ਸੰਸਥਾ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਗੁਰਦੁਆਰਾ ਸਾਹਿਬ ਦੀ ਮਹਾਨ ਦੇਣ ਦੀ ਗੱਲ ਕਰਨੀ ਜਿਥੇ ਵੱਡਾ ਮਹੱਤਵ ਰੱਖਦੀ ਹੈ, ਉਥੇ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਗ਼ਦਰੀ ਬਾਬਿਆਂ ਨੇ ਜਿਸ ਮੰਤਵ ਲਈ ਕੁਰਬਾਨੀਆਂ ਦਿੱਤੀਆਂ ਸਨ, ਉਹ ਅਜੇ ਵੀ ਸੰਪੂਰਨ ਨਹੀਂ ਹੋਇਆ। ਇਸ ਦੀ ਪ੍ਰਤੱਖ ਮਿਸਾਲ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ 'ਆਜ਼ਾਦ ਭਾਰਤ' 'ਚ ਕਹੇ ਇਨ੍ਹਾਂ ਸ਼ਬਦਾਂ ਤੋਂ ਹੋ ਜਾਂਦੀ ਹੈ ਕਿ ਮੇਰੀ ਪਿੱਠ 'ਚ ਅੰਗਰੇਜ਼ ਕੁੱਬ ਨਹੀਂ ਪਾ ਸਕੇ, ਪਰ ਆਪਣਿਆਂ ਨੇ ਜ਼ਰੂਰ ਪਾ ਦਿੱਤਾ।

ਸਾਮਰਾਜੀ ਤਾਕਤਾਂ, ਫ਼ਿਰਕਾਪ੍ਰਸਤੀ, ਪਰਿਵਾਰਵਾਦ, ਭ੍ਰਿਸ਼ਟਾਚਾਰ, ਡੰਡਾ-ਤੰਤਰ ਅਤੇ ਬੁਰਜ਼ੂਆ ਢਾਂਚਾ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹੈ। ਪੰਚਾਇਤੀ ਰਾਜ ਦੀ ਥਾਂ ਭਾਈ-ਭਤੀਜਾਵਾਦ ਨੇ ਮੱਲੀ ਹੋਈ ਹੈ। ਅਜੇ ਵੀ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਉਹ ਜੱਦੀ ਸੰਪਤੀਆਂ ਮੋੜੀਆਂ ਨਹੀਂ ਗਈਆਂ, ਜੋ ਅੰਗਰੇਜ਼ਾਂ ਵੇਲੇ ਸਰਕਾਰਾਂ ਵੱਲੋਂ ਕੁਰਕ ਕੀਤੀਆਂ ਗਈਆਂ ਸਨ। ਗ਼ਦਰੀ ਯੋਧਿਆਂ ਦੇ ਪਿੰਡ ਪੱਧਰ 'ਤੇ ਅਜਿਹੇ ਯਾਦਗਾਰੀ ਸਥਾਨ ਨਜ਼ਰ ਨਹੀਂ ਆਉਂਦੇ, ਜੋ ਉਨ੍ਹਾਂ ਦੀ ਘਾਲਣਾ ਬਾਰੇ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰ ਸਕਣ। ਵਿਦੇਸ਼ਾਂ ਜਾਂ ਦੇਸ਼ ਅੰਦਰ ਸਰਕਾਰੀ ਇਮਾਰਤਾਂ ਅੰਦਰ ਢੁਕਵੇਂ ਰੂਪ 'ਚ ਗ਼ਦਰੀ ਯੋਧਿਆਂ ਦੀਆਂ ਤਸਵੀਰਾਂ ਨਜ਼ਰ ਨਹੀਂ ਆਉਂਦੀਆਂ। ਗ਼ਦਰੀ ਬਾਬਿਆਂ 'ਚੋਂ 90 ਫ਼ੀਸਦੀ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਸਿੱਖ ਵਿਰਸੇ, ਇਤਿਹਾਸ, ਸਿੱਖ ਸੱਭਿਆਚਾਰ ਅਤੇ ਗੁਰਬਾਣੀ ਤੋਂ ਵੱਖ ਕਰਕੇ ਨਿਰੇ ਖੱਬੀ ਪੱਖੀ ਅਤੇ ਮਾਰਕਸੀ ਧਾਰਨਾ ਦੇ ਪਾਂਧੀ ਬਣਾ ਕੇ ਪੇਸ਼ ਕਰਨਾ ਇਤਿਹਾਸ ਨਾਲ ਖਿਲਵਾੜ ਵੀ ਹੈ ਅਤੇ ਆਪਣੀ ਵਿਰਾਸਤ ਨਾਲ ਧ੍ਰੋਹ ਕਮਾਉਣਾ ਵੀ।




ਇਸ ਤੋਂ ਵੀ ਖ਼ਤਰਨਾਕ ਗੱਲ ਇਹ ਹੈ ਕਿ ਅੱਜ ਭਾਰਤ ਫਾਸ਼ੀਵਾਦ ਦੀ ਜਿਸ ਮੋੜ 'ਤੇ ਪਹੁੰਚ ਚੁੱਕਿਆ ਹੈ, ਉਹ ਅੰਗਰੇਜ਼ ਸਾਮਰਾਜ ਤੋਂ ਵੀ ਖ਼ਤਰਨਾਕ ਹੈ। ਅੰਗਰੇਜ਼ਾਂ ਅੱਗੇ ਮੁਆਫ਼ੀਆਂ ਮੰਗਣ ਵਾਲੇ ਸਾਵਰਕਰ ਨੂੰ ਅੱਜ ਦੇਸ਼ ਭਗਤ ਕਰਾਰ ਦਿੱਤਾ ਜਾ ਰਿਹਾ ਹੈ, ਜਦਕਿ ਮਨੁੱਖੀ ਹੱਕਾਂ ਲਈ ਲੜਨ ਵਾਲੇ ਯੋਧਿਆਂ ਦੇ ਵਾਰਿਸ ਜੇਲ੍ਹਾਂ 'ਚ ਬੰਦ ਹਨ।

ਗ਼ਦਰੀ ਬਾਬਿਆਂ ਨੇ ਭਾਰਤ ਨੂੰ ਧਰਮ-ਨਿਰਪੱਖ ਦੇਸ਼ ਬਣਾਉਣ ਦਾ ਸੁਪਨਾ ਲਿਆ ਸੀ, ਪਰ ਅੱਜ ਸਾਵਰਕਰੀ ਸੋਚ ਦੇ ਪਾਂਧੀ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਲਈ ਬਜ਼ਿੱਦ ਹਨ। ਅਜਿਹੀ ਫ਼ਿਰਕੂ ਸੋਚ ਦਾ ਹੀ ਨਤੀਜਾ ਸੀ ਕਿ ਪੰਜਾਬ ਸੰਤਾਲੀ ਵੇਲੇ ਉਜਾੜਿਆ ਗਿਆ ਅਤੇ ਦੋ ਟੋਟਿਆਂ ਵਿੱਚ ਵੰਡ ਦਿੱਤਾ ਗਿਆ। ਦੱਸ ਲੱਖ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ, ਜਿਨ੍ਹਾਂ ਵਿਚ ਸਮੂਹ ਪੰਜਾਬੀ ਸਨ ਜ਼ਿਆਦਾਤਰ ਸਿੱਖ, ਮੁਸਲਮਾਨ ਅਤੇ ਹਿੰਦੂ ਭਾਈਚਾਰੇ ਨਾਲ ਵੀ ਸਬੰਧਿਤ ਸਨ। ਇਕ ਪਾਸੇ ਮੁਸਲਮਾਨਾਂ ਨੂੰ ਉਨ੍ਹਾਂ ਦਾ ਰਾਸ਼ਟਰ ਅਤੇ ਦੂਜੇ ਪਾਸੇ ਵੱਡੀ ਗਿਣਤੀ 'ਚ ਹਿੰਦੂਆਂ ਨੂੰ ਅਸਿੱਧੇ ਤੌਰ 'ਤੇ 'ਹਿੰਦੂ ਰਾਸ਼ਟਰ' ਸੌਂਪਿਆ ਗਿਆ, ਜੋ ਕਿ ਅੱਜ ਪ੍ਰਤੱਖ ਰੂਪ ਚ ਨਜ਼ਰ ਆ ਰਿਹਾ ਹੈ। ਸਭ ਤੋਂ ਵੱਡੇ ਧੱਕੇ ਦਾ ਸ਼ਿਕਾਰ ਹੋਏ ਸਭ ਤੋਂ ਵੱਧ ਸ਼ਹੀਦੀਆਂ ਦੇਣ ਵਾਲੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣ ਵਾਲੀ ਜੇਲ੍ਹਾਂ 'ਚ ਬੰਦ ਰਹਿਣ ਵਾਲੇ ਸਿੱਖ। ਗ਼ਦਰੀ ਬਾਬਿਆਂ ਦੀ ਗੱਲ ਕਰਦਿਆਂ ਇਹ ਦਰਦ ਮਹਿਸੂਸ ਹੋ ਰਿਹਾ ਹੈ ਕਿ ਅੱਜ ਕਹਿਣ ਨੂੰ ਤਾਂ ਭਾਰਤ ਆਜ਼ਾਦ ਹੈ, ਪਰ ਹਿੰਦ ਰਾਸ਼ਟਰ ਵਿੱਚ ਘੱਟਗਿਣਤੀਆਂ ਗੁਲਾਮ ਹਨ। ਉਨ੍ਹਾਂ ਵਿੱਚੋਂ ਸਿੱਖਾਂ ਦੀ ਤ੍ਰਾਸਦੀ ਇਹ ਹੈ ਕਿ ਵੱਡੀਆਂ ਕੌਮਾਂ ਨੇ ਤਾਂ ਆਪਣੇ ਦੇਸ਼ ਬਣਾ ਲਏ, ਪਰ ਸਿੱਖ ਬੇਘਰੇ ਰੁਲ ਰਹੇ ਹਨ। ਇਥੋਂ ਤੱਕ ਕਿ ਅਮਰੀਕਾ ਕੈਨੇਡਾ ਵਿੱਚ ਵੱਸਦੇ ਸਿੱਖਾਂ ਦੇ ਉੱਪਰ ਵੀ ਹਮਲੇ ਕੀਤੇ ਜਾ ਰਹੇ ਹਨ। ਇਹ ਗੱਲ ਅਲੱਗ ਹੈ ਕਿ ਇਹਨਾਂ ਦੇਸ਼ਾਂ ਨੇ ਇਸ ਨੂੰ ਵਿਦੇਸ਼ੀ ਦਖਲ ਅੰਦਾਜ਼ੀ ਦੇ ਨਾਂ ਹੇਠ ਚੁਣੌਤੀ ਦਿੰਦਿਆਂ ਅਖੌਤੀ ਭਾਰਤੀ ਸਟੇਟ ਨੂੰ ਸ਼ੀਸ਼ਾ ਵਿਖਾਇਆ ਹੈ ਅਤੇ ਸਖ਼ਤ ਕਦਮ ਚੁੱਕੇ ਹਨ। ਅਜਿਹੀ ਧੱਕੇਸ਼ਾਹੀ ਖਿਲਾਫ ਲੜਨਾ ਹੀ ਗਦਰੀ ਬਾਬਿਆਂ ਦੀ ਸੋਚ ਤੇ ਪਹਿਰਾ ਦੇਣਾ ਕਿਹਾ ਜਾ ਸਕਦਾ ਹੈ।

# ਪੁਲਿਸ ਯਾਦਗਾਰੀ ਦਿਵਸ: ਪੁਲਿਸ ਅਧਿਕਾਰੀਆਂ 'ਤੇ ਮੁਲਾਜ਼ਮਾਂ ਨੂੰ ਸਿਜਦਾ

## ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ; ਅਧਿਕਾਰੀਆਂ ਨੇ ਸਮੱਸਿਆਵਾਂ ਸੁਣੀਆਂ ਅਤੇ ਹੱਲ ਕਰਨ ਦਾ ਭਰੋਸਾ







ਪਟਿਆਲਾ : ਡਿਊਟੀ ਦੌਰਾਨ ਸ਼ਹੀਦ ਹੋਏ ਪੰਜਾਬ ਪੁਲੀਸ ਤੇ ਅਰਧ ਸੈਨਿਕ ਬਲਾਂ ਦੇ ਜਵਾਨਾਂ ਨੂੰ ਸ਼ਰਧਾਂਜਲੀ ਦੇਣ ਲਈ ਪੁਲੀਸ ਲਾਈਨ ਪਟਿਆਲਾ ਵਿੱਚ ਪੁਲਿਸ ਯਾਦਗਾਰ ਦਿਵਸ ਮਨਾਇਆ ਗਿਆ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਦੀ ਅਗਵਾਈ ਕਰਦਿਆਂ ਪਟਿਆਲਾ ਦੇ ਡੀ ਆਈ ਜੀ ਕੁਲਦੀਪ ਸਿੰਘ ਚਾਹਲ ਦਾ ਕਹਿਣਾ ਸੀ ਕਿ ਪੰਜਾਬ ਪੁਲੀਸ ਨੇ ਜਿਵੇਂ ਅਤਿਵਾਦ ਦਾ ਮੂੰਹ ਮੋੜਿਆ ਹੈ, ਉਸੇ ਤਰ੍ਹਾਂ ਇਹ ਫੋਰਸ ਤਾਜ਼ਾ ਚੁਣੌਤੀਆਂ ਨਾਲ ਨਜਿੱਠਣ ਦੀ ਸਮਰੱਥਾ ਵੀ ਰੱਖਦੀ ਹੈ। ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਨੇ ਨਸ਼ਾ ਤਸਕਰਾਂ ਅਤੇ ਹੋਰ ਅਪਰਾਧੀਆਂ ਖ਼ਿਲਾਫ਼ ਹੋਰ ਸ਼ਿਕੰਜਾ ਕੱਸਣ ਦਾ ਐਲਾਨ ਵੀ ਕੀਤਾ। ਵਰੁਣ ਸ਼ਰਮਾ ਨੇ ਅਪਰਾਧੀਆਂ ਦੇ ਖਿਲਾਫ ਮੁਹਿੰਮ 'ਚ ਲੋਕਾਂ ਤੋਂ ਮਿਲ ਰਹੇ ਭਰਵੇਂ ਸਹਿਯੋਗ 'ਤੇ ਤਸੱਲੀ ਪ੍ਰਗਟ ਕੀਤੀ ਤੇ ਕਿਹਾ ਕਿ ਕਿਸੇ ਵੀ ਮੁਹਿੰਮ ਅਤੇ ਲੜਾਈ 'ਚ ਆਮ ਲੋਕਾਂ ਦਾ ਸਹਿਯੋਗ ਜ਼ਰੂਰੀ ਪਹਿਲੂ ਹੁੰਦਾ ਹੈ। ਉਨ੍ਹਾਂ ਨੇ ਆਪਣੇ ਜ਼ਿਲ੍ਹੇ ਵਿਚਲੀ ਆਪਣੀ ਪੁਲਿਸ ਫੋਰਸ ਨੂੰ ਵੀ ਲੋਕਾਂ ਨਾਲ ਤਾਲਮੇਲ ਹੋਰ ਵਧਾਉਣ ਸਮੇਤ ਆਮ ਲੋਕਾਂ ਨੂੰ ਥਾਣਿਆਂ 'ਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਨਾ ਦੇਣ ਆਉਣ ਦੀ ਤਾਕੀਦ ਵੀ ਕੀਤੀ। ਡੀ ਐੱਸ ਪੀ (ਸਥਾਨਕ) ਨੇਹਾ ਅਗਰਵਾਲ ਨੇ ਸ਼ਹੀਦਾਂ ਦੇ ਨਾਮ ਪੜ੍ਹ ਕੇ ਸ਼ਰਧਾਂਜਲੀ ਭੇਟ ਕੀਤੀ। ਡੀ ਐੱਸ ਪੀ (ਦਿਹਾਤੀ) ਹਰਸਿਮਰਨ ਸਿੰਘ ਦੀ ਅਗਵਾਈ ਹੇਠਲੀ ਪੁਲੀਸ ਟੁਕੜੀ ਨੇ ਸ਼ਹੀਦਾਂ ਨੂੰ ਸਲਾਮੀ ਦਿੱਤੀ। ਜ਼ਿਲ੍ਹਾ ਪੁਲੀਸ ਵੱਲੋਂ ਸਨਮਾਨੇ ਗਏ ਸ਼ਹੀਦ ਪਰਿਵਾਰਾਂ ਦੀਆਂ ਦੁੱਖ ਤਕਲੀਫ਼ਾਂ ਵੀ ਸੁਣੀਆਂ ਗਈਆਂ ਤੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਐੱਸ ਐੱਸ ਪੀ ਦੇ ਰੀਡਰ ਇੰਸਪੈਕਟਰ ਅਵਤਾਰ ਸਿੰਘ ਪੰਜੋਲਾ ਨੇ ਦੱਸਿਆ ਕਿ ਇਸ ਮੌਕੇ ਹੀ ਨੈਸ਼ਨਲ ਐਵਾਰਡੀ ਪਰਮਿੰਦਰ ਸਿੰਘ ਭਲਵਾਨ ਦੀ ਅਗਵਾਈ ਹੇਠਲੇ 'ਪਾਵਰ ਹਾਊਸ ਯੂਥ ਕਲੱਬ ਤੇ ਯੂਥ ਫੈਡਰੇਸ਼ਨ ਆਫ਼ ਇੰਡੀਆ' ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਇਸ ਮੌਕੇ ਪਟਿਆਲਾ ਡਿਵੀਜ਼ਨ ਦੇ ਕਮਿਸ਼ਨਰ ਵਿਨੈ ਬੁਬਲਾਨੀ, ਵਧੀਕ ਜ਼ਿਲ੍ਹਾ ਤੇ ਸੈਸ਼ਨਜ ਜੱਜ ਹਰਿੰਦਰ ਸੰਧੂ ਅਤੇ ਏ ਡੀ ਸੀ ਸਿਮਰਪ੍ਰੀਤ ਕੌਰ ਸਮੇਤ ਸਾਬਕਾ ਆਈ ਜੀ ਪਰਮਜੀਤ ਗਿੱਲ ਤੇ ਅਮਰ ਸਿੰਘ ਚਾਹਲ, ਅਮਰਜੀਤ ਘੁੰਮਣ, ਸੁਖਦੇਵ ਵਿਰਕ, ਸਮਸ਼ੇਰ ਬੋਪਾਰਾਏ, ਮਨਜੀਤ ਬਰਾੜ, ਪੰਜਾਬ ਪੁਲੀਸ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਪ੍ਰੇਮ ਚੰਦ, ਐੱਸਪੀਜ਼ ਵੈਭਵ ਚੌਧਰੀ (ਆਈਪੀਐਸ), ਪਲਵਿੰਦਰ ਚੀਮਾ, ਗੁਰਬੰਸ ਬੈਂਸ, ਸਵਰਨਜੀਤ ਕੌਰ, ਐੱਚ ਐੱਸ ਮਾਨ ਤੇ ਅੱਛਰੂ ਰਾਮ ਅਤੇ ਇੰਸਪੈਕਟਰ ਇੰਸਪੈਕਟਰ ਅਵਤਾਰ (ਰੀਡਰ ਟੂ ਐੱਸ ਐੱਸ ਪੀ ਪਟਿਆਲਾ) ਆਦਿ ਮੌਜੂਦ ਸਨ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। – ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

"ਸੋ ਸਿੱਖ ਸਖਾ ਬੰਧਿਪ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੇ॥

੧੫-ਹਰਿਮੰਦਰ ਸਾਹਿਬ ਦੇ ਮੁੱਖ ਅਸਥਾਨ ਤੇ ਕੋਈ ਅਖੰਡ ਪਾਠ ਸਾਹਿਬ ਪ੍ਰਕਾਸ਼ ਨਹੀਂ ਹੋ ਸਕਦਾ। ਉਪਰਲੀਆਂ ਮੰਜ਼ਿਲਾਂ ਤੇ ਹੁੰਦੇ ਹਨ। ਨਾਨਕਸਰ ਵਿਖੇ ਵੀ ਨਵੇ ਸੱਚਖੰਡ (ਜਿੱਥੇ ਰੋਜ਼ਾਨਾ ਕੀਰਤਨ ਹੁੰਦਾ ਹੈ ) ਤੇ ਭੋਰਾ ਸਾਹਿਬ ਵਿਖੇ ਵੀ ਕੋਈ ਅਖੰਡ ਪਾਠ ਸਾਹਿਬ ਪ੍ਰਕਾਸ਼ ਨਹੀਂ ਹੋ ਸਕਦਾ।

੧੬-ਦਰਬਾਰ ਸਾਹਿਬ ਦੀਆਂ ਉੱਪਰਲੀਆਂ ਮੰਜ਼ਿਲਾਂ ਤੇ ਸਿਰਫ ਅਖੰਡ ਪਾਠ ਸਾਹਿਬ ਹੁੰਦੇ ਹਨ ਨਾ ਕਿ ਸਹਿਜ ਪਾਠ ਜਾਂ ਸਪਤਾਹਿਕ ਪਾਠ ਨਹੀਂ ਕੀਤੇ ਜਾਂਦੇ।

(੧੯੧੪ ਈਸਵੀ ਵਿਚ ਹਰਿ ਕੀ ਪਾਉੜੀ ਦੀ ਉਪਰਲੀ ਮੰਜ਼ਿਲ ਵਿੱਚ ਲਗਾਤਾਰ ਅਖੰਡ ਪਾਠ ਆਰੰਭ ਕਰਵਾਏ

Ref. ਧਰਮ ਪ੍ਰਚਾਰ ਕਮੇਟੀਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ.ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ) ਇਹ ਪਾਠ ਸੰਗਤਾਂ ਘਰਾਂ ਚ ਕਰਦੀਆਂ ਹਨ।

ਨਾਨਕਸਰ ਵਿਖੇ ਵੀ ਸਹਿਜ ਪਾਠ ਨਹੀਂ ਕੀਤੇ ਜਾਂਦੇ। ਬਰਸੀ ਸਮਾਗਮਾਂ ਉੱਪਰ ਕੇਵਲ ਅਖੰਡ ਪਾਠਾਂ ਦੇ ਭੋਗ ਪਾਏ ਜਾਂਦੇ ਹਨ।

੧੭-ਸ੍ਰੀ ਹਰਿਮੰਦਰ ਸਾਹਿਬ ਦੀ ਉਪਰਲੀ ਮੰਜ਼ਿਲ ਵਿਖੇ ਹਰਿ ਕੀ ਪਉੜੀ ਦੇ ਨੇੜੇ ਹੀ ਉਸੇ ਛੱਤ ਉੱਪਰ ਉਤਰੀ ਬਾਹੀ ਤੇ ਦੱਖਣੀ ਬਾਹੀ ਤੇ ਇੱਕੋ ਸਮੇਂ ਚਾਰ ਅਖੰਡ ਪਾਠ ਸਾਹਿਬ ਤੋ ਲੈ ਕੇ ਗਿਆਰਾਂ ਗਿਆਰਾਂ ਸ਼੍ਰੀ ਅਖੰਡ ਪਾਠ ਸਾਹਿਬ ਚੱਲਦੇ ਹਨ ( ਕਿਉਂਕਿ ਉੱਥੇ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਨ ਦੀ ਸੀਮਤ ਸਮਰੱਥਾ ਹੈ ) ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਅਕਾਲੀ ਲਹਿਰ ਸਮੇਂ ਜੈਤੋ ਦੇ ਮੋਰਚੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਗਾਤਾਰ ੩੨੧ ਅਖੰਡ ਪਾਠ ਸਾਹਿਬ ਕੀਤੇ ਗਏ, ਮੋਰਚਾ ਫਤਹਿ ਹੋਣ ਤੇ ਜੁਲਾਈ ੧੯੨੫ ਈਸਵੀ ਵਿੱਚ ਅਖੰਡ ਪਾਠਾਂ ਦਾ ਭੋਗ ਪਾਇਆ ਗਿਆ, ਉਸ ਸਮੇਂ ਹਰ ਪਾਠੀ ਨੂੰ ੩੫ ਰੁਪਏ ਤਨਖਾਹ ਦਿੱਤੀ ਜਾਂਦੀ ਰਹੀ। ਉੱਪਰ ਅਸਥਾਨ ਛੋਟਾ ਹੋਣ ਕਰਕੇ ਚਾਰ ਅਖੰਡ ਪਾਠਾਂ ਦੀ ਲੜੀ ਅੱਜ ਵੀ ਚਲ ਰਹੀ ਹੈ।

( Ref. ਦੇਖੋ ਰਿਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ ੧੬੨ )

ਦਰਬਾਰ ਸਾਹਿਬ ਮੁਤਾਬਕ ਨਾਨਕਸਰ ਵਿਖੇ ਵੀ ਧੰਨ ਬਾਬਾ ਈਸ਼ਰ ਸਿੰਘ ਜੀ ਦੇ ਹੁਕਮ ਅਨੁਸਾਰ ਇਕੱਠੇ ਇੱਕੋ ਸਮੇਂ ਇਕ ਤੋਂ ਜ਼ਿਆਦਾ ਪਾਠ ਅਰੰਭ ਕੀਤੇ ਜਾਂਦੇ ਹਨ, ਕਿਤੇ ੫, ਕਿਤੇ ੧੩, ਕਿਤੇ ੨੧ ਤੇ ਜਿਥੇ ਖੁੱਲ੍ਹਾ ਅਸਥਾਨ ਹੋਵੇ ਉੱਥੇ ੧੦੧ ਪਾਠ ਵੀ ਪ੍ਰਕਾਸ਼ ਕੀਤੇ ਜਾਂਦੇ ਹਨ .ਦਰਬਾਰ ਸਾਹਿਬ ਦੀ ਇਸ ਪਵਿੱਤਰ ਮਰਿਆਦਾ ਤੇ ਕੁਝ ਮਿਸ਼ਨਰੀ ਪ੍ਰਚਾਰਕ ਹਦੋ ਵੱਧ ਬੋਲ ਕੇ ਦਰਬਾਰ ਸਾਹਿਬ ਦੀ ਤੋਹੀਨ ਕਰਦੇ ਹਨ।

੧੮-ਦਰਬਾਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਨਹੀਂ ਲਗਾਇਆ ਹੋਇਆ। ਇਸ ਵਾਰੇ ਘੋਖ ਕਰਨੀ ਬਹੁਤ ਜਰੂਰੀ ਹੈ, ਜੋ ਇਸ ਪ੍ਰਕਾਰ ਹੈ.

**ਨਿਸ਼ਾਨ ਸਾਹਿਬ ਵਾਰੇ**

ਗੁਰੂ ਨਾਨਕ ਦੇਵ ਜੀ ਤੋ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਕਿਸੇ ਗੁਰੂ ਸਾਹਿਬ ਵੇਲੇ ਨਿਸ਼ਾਨ ਸਾਹਿਬ ਨਹੀ ਸੀ। ਪਹਿਲੀ ਵਾਰ ਨਿਸ਼ਾਨ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ 1606 ਈਸਵੀ ਵਿਚ ਜਦ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਕੀਤੀ ਸੀ। ਉਸ ਵਕਤ ਨਿਸ਼ਾਨ ਸਾਹਿਬ ਝੁਲਾਇਆ ਸੀ ਕਿਉਕਿ ਉਹਨਾਂ ਪਾਸ ਫੌਜਾਂ ਸਨ। ਪਰ ਦਰਬਾਰ ਸਾਹਿਬ ਇਕ ਭਗਤੀ ਦਾ ਅਸਥਾਨ ਹੈ, ਇਸ ਕਰਕੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਜੀ ਵਲੋ ਦਸਤੂਰ-ਏ- ਅਮਲ ਅਨੁਸਾਰ ਨਿਸ਼ਾਨ ਨਹੀ ਲਹਿਰਾਇਆ ਗਿਆ ਸੀ।

**ਨੋਟ:** ਇਸ ਦਾ ਇਹ ਮਤਲਬ ਨਹੀ ਕਿ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉਥੇ ਨਿਸ਼ਾਨ ਸਾਹਿਬ ਜ਼ਰੂਰੀ ਹੈ। ਦੁਨੀਆਂ ਵਿਚ ਹਜਾਰਾਂ ਸਿਖ ਸੰਗਤਾਂ ਦੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਸ਼ਸ਼ੋਬਤ ਹਨ ਪਰ ਇਹਨਾਂ ਘਰਾਂ ਤੇ ਨਿਸ਼ਾਨ ਸਾਹਿਬ ਦਾ ਹੋਣਾ ਦਰਬਾਰ ਸਾਹਿਬ ਮੁਤਾਬਿਕ ਜਰੂਰੀ ਨਹੀ ਹੈ।

**ਹੁਣ ਆਈਏ ਦਰਬਾਰ ਸਾਹਿਬ ਤੇ ਨਿਸ਼ਾਨ ਸਾਹਿਬ ਵਲ**

1-ਅੱਜ ਵੀ ਇੱਕ ਛੋਟਾ ਜਿਹਾ ਨਿਸ਼ਾਨ ਸਾਹਿਬ ਹਰਿਮੰਦਰ ਸਾਹਿਬ ਦੀ "ਹਰਿ ਕੀ ਪਉੜੀ" ਦੀ ਪਿਛਲੀ ਛੱਤ ਤੇ ਲਹਿਰਾਂਦਾ ਦਿਸਦਾ ਹੈ। ਬਾਕੀ ਸਾਰੇ ਗੁਰਦੁਆਰਾ ਸਾਹਿਬ ਵਿਖੇ ਇਮਾਰਤ ਦੇ ਸਾਹਮਣੇ ਜਾਂ ਇਮਾਰਤ ਦੇ ਅਗਲੇ ਪਾਸੇ ਹੁੰਦਾ ਹੈ ਪਰ ਹਰਿਮੰਦਰ ਸਾਹਿਬ ਦੀ ਵਿਲੱਖਣਤਾ ਤੇ ਸਰਬ ਮਾਨਵੀ ਪਰਤਿਸ਼ਠਾ ਨੂੰ ਵੇਖਦਿਆਂ ਹੋਇਆਂ ਪ੍ਰਚਲਿਤ ਨਿਸ਼ਾਨ ਸਾਹਿਬ ਦੀ ਮਰਿਆਦਾ ਤੋ ਜ਼ਰਾ ਹਟਵਾਂ, ਇਸ ਨੂੰ ਦਰਬਾਰ ਸਾਹਿਬ ਦੀ ਇਮਾਰਤ ਦੇ ਪਿਛਲੇ ਪਾਸੇ ਲਗਾਇਆ ਗਿਆ ਹੈ ਜੋ ਨਿਸ਼ਾਨ ਸਾਹਿਬ ਦੇ ਅਨੁਕੂਲ ਨਹੀਂ ਹੈ।

(ਚਲਦਾ)

# ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ 'ਚ ਹਲਚਲ

ਅਗਲੇ ਮਹੀਨੇ ਹੋਣ ਵਾਲੀ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਪੰਜਾਬ ਦੀਆਂ ਪੰਜ ਪ੍ਰਮੁੱਖ ਪਾਰਟੀਆਂ ਨੇ ਆਪਣੇ ਆਪਣੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ ਪਰ ਅਕਾਲੀ ਦਲ ਦੇ ਧੜਿਆਂ ਜਿਨ੍ਹਾਂ 'ਚ ਅਕਾਲੀ ਦਲ ਪੁਨਰ ਸੁਰਜੀਤ , ਅਕਾਲੀ ਦਲ ਅੰਮ੍ਰਿਤਸਰ ਅਤੇ ਪੰਥਕ ਸੰਸਥਾਵਾਂ, ਜਿਨ੍ਹਾਂ 'ਚ ਅਕਾਲੀ ਦਲ ਪੁਨਰ ਸੁਰਜੀਤ ਦਾ ਵਿੰਗ 'ਪੰਥਿਕ ਕੌਂਸਲ' ਅਤੇ ਦਮਦਮੀ ਟਕਸਾਲ ਆਦਿ ਸ਼ਾਮਲ ਹਨ, ਨੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਉਮੀਦਵਾਰ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਕਾਰਨ ਇਸ ਚੋਣ 'ਚ ਲੋਕਾਂ ਦੀ ਦਿਲਚਸਪੀ ਅਤੇ ਸਰਗਰਮੀ ਹੋਰ ਵੀ ਵਧ ਗਈ ਹੈ।

ਜ਼ਿਮਨੀ ਚੋਣ ਦੀ ਸਰਗਰਮੀ ਵਧਣ ਦੇ ਨਾਲ-ਨਾਲ ਕਈ ਕਾਰਨਾਂ ਕਰ ਕੇ ਕਈ ਪਾਰਟੀਆਂ ਦੀ ਅੰਦਰੂਨੀ ਸਰਗਰਮੀ ਵੀ ਸਿਖਰ ਵੱਲ ਜਾ ਰਹੀ ਹੈ, ਖਾਸ ਕਰਕੇ ਕਾਂਗਰਸ, ਅਕਾਲੀ ਦਲ ਪੁਨਰ ਸੁਰਜੀਤ ਅਤੇ ਆਮ ਆਦਮੀ ਪਾਰਟੀ 'ਚ ਮਚੀ ਹਲਚਲ ਸਿਆਸੀ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਅਕਾਲੀ ਦਲ ਪੁਨਰ ਸੁਰਜੀਤ ਨੇ ਭਾਵੇਂ ਇਸ ਜ਼ਿਮਨੀ ਚੋਣ ਵਿਚ ਆਪਣਾ ਉਮੀਦਵਾਰ ਖੜ੍ਹਾ ਨਹੀਂ ਕੀਤਾ ਅਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਉਮੀਦਵਾਰ ਨੂੰ ਸਮਰਥਨ ਦਿੱਤਾ ਹੈ ਪਰ ਜਿਸ ਤਰ੍ਹਾਂ ਇਸ ਜ਼ਿਮਨੀ ਚੋਣ ਤੋਂ ਠੀਕ ਪਹਿਲਾਂ ਅਹੁਦੇਦਾਰਾਂ ਦੀਆਂ ਲਿਸਟਾਂ ਜਾਰੀ ਕੀਤੀਆਂ ਹਨ ਅਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਉਮੀਦਵਾਰ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ ਨਾਲ ਪਾਰਟੀ 'ਚ ਹਲਚੱਲ ਪੈਦਾ ਹੋ ਗਈ ਹੈ। ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਐਲਾਨੀ ਗਈ ਅਹੁਦੇਦਾਰਾਂ ਦੀ ਲਿਸਟ ਨੇ ਸਿਆਸੀ ਹਲਕਿਆਂ ਨੂੰ ਹੈਰਾਨ ਕੀਤਾ ਹੈ ਕਿਉਂਕਿ ਜਾਰੀ ਕੀਤੀ ਗਈ ਲਿਸਟ ਵਿਚ ਕਈ ਵੱਡੇ ਆਗੂਆਂ ਦੇ ਨਾਂ ਸ਼ਾਮਲ ਨਹੀਂ ਕੀਤੇ ਗਏ ਜਿਨ੍ਹਾਂ ਵਿਚ ਖਾਸ ਕਰਕੇ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ ਆਦਿ ਸ਼ਾਮਲ ਹਨ । ਭਾਵੇਂ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਆਗੂਆਂ ਦੇ ਨਜ਼ਦੀਕੀਆਂ ਅਤੇ ਕੁਝ ਰਿਸ਼ਤੇਦਾਰਾਂ ਨੂੰ ਉੱਚ ਅਹੁਦੇ ਦਿੱਤੇ ਹਨ। ਇਸ ਦੇ ਬਾਵਜੂਦ ਪਾਰਟੀ ਦੇ ਕਈ ਲੀਡਰਾਂ 'ਚ ਇਹ ਪ੍ਰਭਾਵ ਜਾ ਰਿਹਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਪੰਜ ਮੈਂਬਰੀ ਕਮੇਟੀ ਦੇ ਇਕ ਨੇਤਾ ਅਤੇ ਸੁਧਾਰ ਲਹਿਰ ਦੇ ਇਕ ਵੱਡੇ ਆਗੂ ਦੇ ਪ੍ਰਭਾਵ ਵਿਚ ਕੰਮ ਕਰ ਰਹੇ ਹਨ। ਜਿਸ ਨੇ ਪਾਰਟੀ ਵਿਚ ਅੰਦਰੂਨੀ ਤੌਰ 'ਤੇ ਇਕ ਨਵੇਂ ਧੜੇ ਦੇ ਹੋਂਦ ਵਿਚ ਆਉਣ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ। ਇਸ ਤੋਂ ਇਲਾਵਾ ਇਹ ਵੀ ਚਰਚਾ ਹੈ ਕਿ ਅਕਾਲੀ ਦਲ ਪੁਨਰ ਸੁਰਜੀਤ ਦੇ ਕੁਝ ਲੀਡਰ ਇਸ ਸਮੇਂ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਉਮੀਦਵਾਰ ਨੂੰ ਅਪਣਾਉਣ ਤੋਂ ਕੰਨੀ ਕਤਰਾ ਰਹੇ ਹਨ ਅਤੇ ਆਪਣੇ ਆਪ ਨੂੰ ਉਦਾਰਵਾਦੀ ਅਕਾਲੀ ਦਲ ਵਜੋਂ ਪੇਸ਼ ਕਰਨਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਅਤੇ ਹੋਰ ਵੱਡੇ ਲੀਡਰ ਅਜੇ ਤੱਕ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਉਮੀਦਵਾਰ ਦੇ ਸਮਰਥਨ 'ਚ ਖੁੱਲ੍ਹ ਕੇ ਸਾਹਮਣੇ ਨਹੀਂ ਆਏ। ਭਾਵੇਂ ਵੀਰਵਾਰ ਜਾਂ ਸ਼ੁੱਕਰਵਾਰ ਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂਆਂ ਦੀ ਇਕੱਤਰਤਾ ਹੋਣ ਦੀ ਗੱਲ ਚੱਲ ਰਹੀ ਹੈ। ਫਿਰ ਵੀ ਇਹ ਸਫਬੰਦੀ ਤਰਨ ਤਾਰਨ ਦੀ ਜ਼ਿਮਨੀ ਚੋਣ ਸਮੇਂ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਉਮੀਦਵਾਰ ਦਾ ਚੋਣ ਪ੍ਰਚਾਰ




ਕਰਨ ਸਮੇਂ ਸਾਹਮਣੇ ਆ ਸਕਦੀ ਹੈ

ਪੰਜਾਬ ਵਿਚ ਪ੍ਰਮੁੱਖ ਵਿਰੋਧੀ ਧਿਰ ਦਾ ਰੋਲ ਨਿਭਾ ਰਹੀ ਕਾਂਗਰਸ ਪਾਰਟੀ ਭਾਵੇਂ ਪਹਿਲਾਂ ਹੀ ਕਈ ਧੜਿਆਂ ਵਿਚ ਵੰਡੀ ਹੋਈ ਹੈ ਜਿਨ੍ਹਾਂ

**-ਇਕਬਾਲ ਸਿੰਘ ਚੰਨੀ**

ਵਿਚ ਪ੍ਰਤਾਪ ਸਿੰਘ ਬਾਜਵਾ , ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ ਤੇ ਰਾਣਾ ਗੁਰਜੀਤ ਸਿੰਘ ਅਤੇ ਰਾਜਾ ਅਮਰਿੰਦਰ ਸਿੰਘ ਵੜਿੰਗ ਦੇ ਧੜੇ ਸ਼ਾਮਲ ਹਨ ਅਤੇ ਲੁਧਿਆਣਾ ਦੀ ਜ਼ਿਮਨੀ ਚੋਣ ਸਮੇਂ ਇਹ ਧੜੇਬੰਦੀ ਖੁੱਲ੍ਹ ਕੇ ਸਾਹਮਣੇ ਆ ਗਈ ਸੀ ਪਰ ਹੁਣ ਨਵਜੋਤ ਸਿੰਘ ਸਿੱਧੂ ਦੀ ਪ੍ਰਿਅੰਕਾ ਗਾਂਧੀ ਨਾਲ ਮਿਲਣੀ ਨੇ ਕਾਂਗਰਸ ਦੇ ਇਨ੍ਹਾਂ ਧੜਿਆਂ ਦੇ ਆਗੂਆਂ ਲਈ ਨਵੀਂ ਹਲਚਲ ਪੈਦਾ ਕਰ ਦਿੱਤੀ ਹੈ ਕਿਉਂਕਿ ਪ੍ਰਿਅੰਕਾ ਗਾਂਧੀ ਕਾਂਗਰਸ ਦੇ ਹਰ ਵੱਡੇ ਫੈਸਲੇ ਲੈਣ ਦੀ ਤਾਕਤ ਰੱਖਦੀ ਹੈ ਜਿਸ ਕਾਰਨ ਇਹ ਮਿਲਣੀ ਕਾਰਨ ਕਈ ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ । ਕਾਂਗਰਸੀ ਖੇਮਿਆਂ ਨੂੰ ਇਹ ਡਰ ਸਤਾਉਣ ਲੱਗਾ ਹੈ ਕਿ ਕਿਤੇ ਦੁਬਾਰਾ ਨਵਜੋਤ ਸਿੱਧੂ ਨੂੰ ਕਾਂਗਰਸ ਵਿਚ ਕੋਈ ਅਹਿਮ ਭੂਮਿਕਾ ਨਿਭਾਉਣ ਲਈ ਤਾਂ ਤਿਆਰ ਨਹੀਂ ਕੀਤਾ ਜਾ ਰਿਹਾ। ਸਿੱਧੂ ਦੇ ਪ੍ਰਿਅੰਕਾ ਨੂੰ ਮਿਲਣ ਤੋਂ ਬਾਅਦ ਕਾਂਗਰਸ ਹਾਈ ਕਮਾਨ ਵੱਲੋਂ ਰਾਜਾ ਵੜਿੰਗ, ਚਰਨਜੀਤ ਸਿੰਘ ਚੰਨੀ ਅਤੇ ਹੋਰ ਆਗੂਆਂ ਨੂੰ ਦਿੱਲੀ ਬੁਲਾਉਣ ਨਾਲ ਕਾਂਗਰਸ ਲੀਡਰਾਂ ਵਿਚ ਉਲਝਣ ਹੋਰ ਵੀ ਵਧ ਗਈ ਹੈ । ਇਸ ਕਾਰਨ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਬਣਨ ਦੀ ਆਸ ਲਾਈ ਬੈਠੇ ਕਈ ਨੇਤਾਵਾਂ ਨੂੰ ਸਿੱਧੂ ਦੀ ਮੁਲਾਕਾਤ ਖਤਰੇ ਦੀ ਘੰਟੀ ਲਗ ਰਹੀ ਹੈ।

ਆਮ ਆਦਮੀ ਪਾਰਟੀ ਵਿਚ ਭਾਵੇਂ ਹੁਣ ਤੱਕ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਹੀ ਸਰਵੇ ਸਰਵਾ ਮੰਨੇ ਜਾਂਦੇ ਸਨ ਅਤੇ ਪਾਰਟੀ ਦੇ ਸਾਰੇ ਫੈਸਲੇ ਕੇਜਰੀਵਾਲ ਅਤੇ ਉਸ ਦੇ ਨਜ਼ਦੀਕੀਆਂ ਵੱਲੋ ਲਏ ਜਾਂਦੇ ਸਨ ਅਤੇ ਕਿਸੇ ਆਗੂ ਵੱਲੋਂ ਕਦੀ ਕੁਝ ਵੀ ਕਹਿਣ ਦੀ ਹਿੰਮਤ ਨਹੀਂ ਸੀ ਹੁੰਦੀ । ਪ੍ਰੰਤੂ ਹੁਣ ਇਸ ਪਾਰਟੀ ਵਿਚ ਵੀ ਹਲਚਲ ਦਿਖਾਈ ਦੇਣ ਲੱਗੀ ਹੈ ਅਤੇ ਪਾਰਟੀ ਵਿਚ ਦੋ ਧੜੇ ਨਜ਼ਰ ਆਉਣ ਲੱਗੇ ਹਨ। ਜਿਨ੍ਹਾਂ ਵਿਚ ਇਕ ਧੜੇ ਨੂੰ ਸੁਪਰੀਮੋ ਕੇਜਰੀਵਾਲ ਦੀ ਸਰਪ੍ਰਸਤੀ ਦੱਸੀ ਜਾ ਰਹੀ ਹੈ। ਇਹ ਧੜਾ ਪਾਰਟੀ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਅਤੇ ਮੰਤਰੀ ਅਮਨ ਅਰੋੜਾ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਅਗਵਾਈ ਹੇਠ ਚੱਲ ਰਿਹਾ ਦੱਸਿਆ ਜਾ ਰਿਹਾ ਹੈ ਤੇ ਦੂਜਾ ਧੜਾ ਮੁੱਖ ਮੰਤਰੀ ਖੁਦ ਦੱਸੇ ਜਾ ਰਹੇ ਹਨ। ਇਸ ਧੜੇਬੰਦੀ ਦੀਆਂ ਅਫਵਾਹਾਂ ਨੂੰ ਉਦੋਂ ਉਦੋਂ ਹੋਰ ਬੱਲ ਮਿਲਿਆ ਜਦੋਂ ਇਕ ਦੋ ਮੌਕਿਆਂ ਜਿਵੇਂ ਕਿ ਮੁੱਖ ਮੰਤਰੀ ਵੱਲੋਂ ਇਕ ਸਮਾਰੋਹ ਸਮੇਂ ਪਾਰਟੀ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਅਤੇ ਮੰਤਰੀ ਦਾ ਸਟੇਜ 'ਤੇ ਕੋਲ ਬੈਠੇ ਹੋਣ ਦੇ ਬਾਵਜੂਦ ਨਾਂ ਤੱਕ ਨਾ ਲੈਣਾ ਅਤੇ ਮੁੱਖ ਮੰਤਰੀ ਦੇ ਨਿਵਾਸ 'ਤੇ ਮੰਤਰੀ ਮੰਡਲ ਦੀ ਬੈਠਕ ਸਮੇਂ ਅਮਨ ਅਰੋੜਾ ਦੀ ਗੱਡੀ ਨੂੰ ਮੁੱਖ ਮੰਤਰੀ ਨਿਵਾਸ ਵਿਚ ਦਾਖਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰਨਾ ਪਰ ਇਸ ਵੇਲੇ ਅਕਾਲੀ ਦਲ ਬਾਦਲ ਜਿਹੜਾ, ਪਿਛਲੇ ਸਮੇਂ ਤੋਂ ਕਈ ਵੱਡੀਆਂ ਹਲਚਲਾਂ ਦਾ ਸਾਹਮਣਾ ਕਰ ਰਿਹਾ ਸੀ, ਸ਼ਾਂਤ ਨਜ਼ਰ ਆ ਰਿਹਾਂ ਹੈ। ਕਿਉਂਕਿ ਉਹ ਲੀਡਰ ਜੋ ਥੋੜ੍ਹਾ ਬਹੁਤ ਵੀ ਵਖਰੇਵਾਂ ਰਖਦੇ ਸਨ ਜਾਂ ਤਾਂ ਪਾਰਟੀ ਛੱਡ ਗਏ ਹਨ ਜਾਂ ਫਿਰ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਹੈ।

ਭਾਰਤੀ ਜਨਤਾ ਪਾਰਟੀ ਵਿਚ ਵੀ ਭਾਵੇਂ ਦੂਜੀਆਂ ਪਾਰਟੀਆਂ ਵਾਂਗ ਹੀ ਧੜੇਬੰਦੀ ਮੌਜੂਦ ਹੈ। ਪ੍ਰੰਤੂ ਕੇਂਦਰੀ ਹਾਈਕਮਾਨ ਦੀ ਮਜ਼ਬੂਤੀ ਕਾਰਨ ਲੀਡਰ ਅਨੁਸ਼ਾਸਨ 'ਚ ਰਹਿੰਦੇ ਹਨ ਜਿਸ ਕਾਰਨ ਪਾਰਟੀ ਇਕਜੁੱਟ ਦਿਸਦੀ ਹੈ।

ਅਕਾਲੀ ਦਲ 'ਵਾਰਿਸ ਪੰਜਾਬ ਦੇ' ਇਕ ਨਵੀਂ ਪਾਰਟੀ ਹੈ ਅਤੇ ਇਸ ਦੇ ਦੋ ਆਗੂ ਤਾਂ ਲੋਕ ਸਭਾ ਚੋਣਾਂ ਸਮੇਂ ਪਾਰਟੀ ਬਣਨ ਤੋਂ ਪਹਿਲਾਂ ਹੀ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਜਿੱਤ ਗਏ ਸਨ ਅਤੇ ਹੁਣ ਇਸ ਪਾਰਟੀ ਦੇ ਉਮੀਦਵਾਰ ਨੂੰ ਕਈ ਅਕਾਲੀ ਦਲਾਂ ਅਤੇ ਪੰਥਕ ਜਥੇਬੰਦੀਆ ਦੀ ਹਮਾਇਤ ਮਿਲ ਗਈ ਹੈ ਜਿਸ ਤੋਂ ਉਤਸ਼ਾਹਿਤ ਹੋ ਕੇ ਵਰਕਰ ਤੇ ਲੀਡਰ ਗੁੱਟਬੰਦੀ ਦੀ ਜਗ੍ਹਾ ਚੋਣ ਜਿੱਤਣ ਵੱਲ ਧਿਆਨ ਦੇ ਰਹੇ ਹਨ।

# ਸਮਾਜ ਵਿਚ ਕਮਜ਼ੋਰ ਨਹੀਂ ਹੋ ਰਹੀ ਜਾਤੀਵਾਦੀ ਵਿਵਸਥਾ

ਹਾਲ ਹੀ 'ਚ ਵਾਪਰੀਆਂ ਤਿੰਨ ਘਟਨਾਵਾਂ ਨੇ ਮੈਨੂੰ ਲਗਭਗ 25 ਸਾਲ ਪਹਿਲਾਂ ਸੁਣੀ ਇਕ ਗੁੜ-ਚਨੇ ਦੀ ਕਹਾਣੀ ਦੀ ਯਾਦ ਦਿਵਾ ਦਿੱਤੀ ਹੈ। ਮੈਂ ਇਕ ਹੁਸ਼ਿਆਰ ਤੇ ਸਪੱਸ਼ਟਵਾਦੀ ਦਲਿਤ ਵਿਦਿਆਰਥੀ ਨੂੰ ਜਾਣਦਾ ਹਾਂ, ਜੋ ਇਕ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ ਇਕ ਅਧਿਕਾਰੀ ਬਣਿਆ ਸੀ। ਜਦੋਂ ਮੈਂ ਉਸ ਨੂੰ ਦੁਬਾਰਾ ਮਿਲਿਆ ਤਾਂ ਉਸ ਦਾ ਵਿਆਹ ਇਕ ਅਮੀਰ ਪਰਿਵਾਰ 'ਚ ਹੋ ਚੁੱਕਾ ਸੀ ਅਤੇ ਉਸ ਦੀ ਪਤਨੀ 'ਐੱਸ.ਸੀ.' ਦਾ ਟੈਗ ਹਟਾ ਕੇ ਅਧਿਕਾਰੀਆਂ ਦੇ 'ਜਨਰਲ' ਸਮਾਜ ਵਿਚ ਰਲਣ ਲਈ ਉਤਸੁਕ ਸੀ, ਸ਼ਾਇਦ ਉਹ ਵੀ ਅਜਿਹਾ ਹੀ ਚਾਹੁੰਦਾ ਸੀ। ਇਸ ਤੋਂ ਪਹਿਲਾਂ ਕਿ ਮੈਂ ਉਸ ਦੇ ਇਸ ਪਾਣ-ਚੜ੍ਹੇ ਸੁਭਾਅ 'ਤੇ ਕੋਈ ਟਿੱਪਣੀ ਕਰਦਾ, ਉਸ ਨੇ ਝਿਜਕਦਿਆਂ ਕਿਹਾ 'ਅਡਜਸਟਮੈਂਟ ਕਰ ਲਿਆ ਹੈ, ਸਰ'। ਮੈਂ ਇਸ ਭਾਰਤੀ ਪ੍ਰਗਟਾਵੇ ਦੀ ਲਚਕਤਾ 'ਤੇ ਹੈਰਾਨ ਰਹਿ ਗਿਆ, ਜਿਸ ਵਿਚ ਹਾਲਾਤ ਦੀ ਅਨੁਕੂਲਤਾ ਤੋਂ ਲੈ ਕੇ ਆਤਮਸਾਤ ਕਰਨ ਤੇ ਸਮਰਪਣ ਤੱਕ ਸਭ ਕੁਝ ਸ਼ਾਮਿਲ ਸੀ। ਇਸ ਤੋਂ ਕੁਝ ਸਾਲਾਂ ਬਾਅਦ ਜਦੋਂ ਮੈਂ ਉਸ ਨੂੰ ਮਿਲਣ ਗਿਆ ਤਾਂ ਉਨ੍ਹਾਂ ਦੇ ਡਰਾਇੰਗ ਰੂਮ ਵਿਚ ਅੰਬੇਡਕਰ ਦੀ ਤਸਵੀਰ ਦੇਖ ਕੇ ਹੈਰਾਨ ਰਹਿ ਗਿਆ। ਉਸ ਨੇ ਮੇਰੀਆਂ ਅੱਖਾਂ ਵਿਚ ਸਵਾਲ ਦੇਖ ਕੇ ਮੇਰੇ ਪੁੱਛਣ ਤੋਂ ਪਹਿਲਾਂ ਹੀ ਇਕ ਕਹਾਣੀ ਸੁਣਾ ਦਿੱਤੀ, ਜਿਸ ਦਿਨ ਉਨ੍ਹਾਂ ਦੇ ਜੇਠੇ ਪੁੱਤਰ ਨੇ ਤੁਰਨਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਰਿਵਾਜ ਅਨੁਸਾਰ ਅਫ਼ਸਰਾਂ ਦੀ ਕਾਲੋਨੀ ਵਿਚ ਆਪਣੇ ਗੁਆਂਢੀਆਂ ਨਾਲ ਗੁੜ-ਚਨੇ ਵੰਡ ਕੇ ਆਪਣੀ ਖ਼ੁਸ਼ੀ ਸਾਂਝੀ ਕੀਤੀ। ਪਰ ਇਸ ਜੋੜੇ ਨੇ ਸ਼ਾਮ ਨੂੰ ਸੈਰ ਕਰਦੇ ਸਮੇਂ ਦੇਖਿਆ ਕਿ ਕਈ ਗੁਆਂਢੀਆਂ ਨੇ ਉਨ੍ਹਾਂ ਦੁਆਰਾ ਵੰਡੇ ਗੁੜ-ਚਨੇ ਨੂੰ ਆਪਣੇ ਘਰਾਂ ਦੇ ਬਾਹਰ ਕੂੜੇ ਦੇ ਢੇਰ ਵਿਚ ਸੁੱਟਿਆ ਹੋਇਆ ਸੀ। ਉਨ੍ਹਾਂ ਨੂੰ ਇਕ ਪਲ ਵਿਚ ਸਮਾਜ ਦੀ ਸੱਚਾਈ ਦਾ ਪਤਾ ਲੱਗ ਗਿਆ ਕਿ ਇਹ ਜਾਤ ਹੈ, ਜੋ ਕਿ ਜਾਂਦੀ ਨਹੀਂ। ਜੋ ਟੈਗ ਉਹ ਹਟਾਉਣਾ ਚਾਹੁੰਦੇ ਸਨ, ਉਸ ਨੇ ਉਨ੍ਹਾਂ ਦਾ ਪਿੱਛਾ ਨਾ ਛੱਡਿਆ ਤਾਂ ਉਨ੍ਹਾਂ ਨੇ ਵੀ ਉਸ ਨੂੰ ਅਪਣਾ ਲਿਆ।

ਮੈਂ ਤਿੰਨ ਸਧਾਰਨ ਨੁਕਤੇ ਸਮਝਾਉਣ ਲਈ ਇਹ ਕਹਾਣੀ ਕਈ ਵਾਰ ਸੁਣਾਈ ਹੈ। ਪਹਿਲੀ ਜਾਤ ਸਾਡਾ ਅਤੀਤ ਨਹੀਂ ਹੈ; ਇਹ ਸਾਡੇ ਵਰਤਮਾਨ ਦੀ ਹਕੀਕਤ ਹੈ ਅਤੇ ਇਸ ਦੇ ਸਾਡੇ ਭਵਿੱਖ ਦਾ ਹਿੱਸਾ ਬਣੇ ਰਹਿਣ ਦਾ ਵੀ ਖ਼ਦਸ਼ਾ ਹੈ। ਦੂਜਾ ਇਹ ਪਿਛੜਾਪਣ ਸਿਰਫ਼ ਪੇਂਡੂ ਜਾਂ ਰਵਾਇਤੀ ਇਲਾਕਿਆਂ ਤੱਕ ਸੀਮਿਤ ਨਹੀਂ ਹੈ; ਸਗੋਂ ਸਾਡੇ ਸਮਾਜ ਦੇ ਆਧੁਨਿਕ ਤਬਕਿਆਂ ਵਿਚ ਵੀ ਜਾਤ ਨਵੇਂ ਮਖੌਟੇ ਪਹਿਨਦੀ ਹੈ। ਜਾਤ-ਅਧਾਰਿਤ ਜ਼ੁਲਮ ਤੇ ਬੇਇਨਸਾਫ਼ੀ ਸਪੱਸ਼ਟ ਰੂਪ ਵਿਚ ਪ੍ਰਗਟ ਨਹੀਂ ਹੁੰਦੀ, ਸਗੋਂ ਪਰਤਾਂ ਵਿਚ ਲਪੇਟੀ ਹੁੰਦੀ ਹੈ। ਤੀਜਾ ਜਾਤ ਚਿੰਬੜਵਾਂ ਭੈੜ ਹੈ; ਜਿਸ ਦੇ ਪ੍ਰਭਾਵ ਖ਼ਤਮ ਕਰਨੇ ਸੌਖੇ ਨਹੀਂ ਅਤੇ ਜਾਤੀਗਤ ਅਸਮਾਨਤਾਵਾਂ ਦਾ ਮੁਕਾਬਲਾ ਕਰਨ ਲਈ ਸਿੱਖਿਆ ਤੇ ਨੌਕਰੀਆਂ ਜ਼ਰੂਰੀ ਹਨ, ਪਰ ਇਹ ਵੀ ਕਾਫ਼ੀ ਨਹੀਂ ਹਨ। ਪਿਛਲੇ ਹਫ਼ਤੇ ਤਿੰਨ ਘਟਨਾਵਾਂ ਵਾਪਰਨ ਤੋਂ ਬਾਅਦ ਇਹ ਤਿੰਨੋਂ ਸਬਕ ਮੈਨੂੰ ਮੁੜ ਯਾਦ ਆ ਗਏ-ਰਾਏਬਰੇਲੀ ਵਿਚ ਹਰੀਓਮ ਵਾਲਮੀਕਿ ਦੀ 'ਲਿੰਚਿੰਗ', ਚੰਡੀਗੜ੍ਹ ਵਿਚ ਆਈ.ਪੀ.ਐੱਸ ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਖ਼ੁਦਕੁਸ਼ੀ ਅਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬੀ. ਆਰ. ਗਵੱਈ ਦੀ ਅਦਾਲਤ ਵਿਚ ਉਨ੍ਹਾਂ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕਰਨਾ।

ਇਹ ਤਿੰਨੋਂ ਘਟਨਾਵਾਂ ਵੱਖ-ਵੱਖ ਹੈਸੀਅਤ ਵਾਲੇ 3 ਵਿਅਕਤੀਆਂ ਦੇ ਵਿਰੁੱਧ ਸਨ, ਜਿਨ੍ਹਾਂ ਨੂੰ ਜੋੜਨ ਵਾਲਾ ਕੋਈ ਕਾਰਨ ਨਹੀਂ ਸਿਵਾਏ ਇਸ ਦੇ ਕਿ ਉਹ ਸਾਰੇ ਦਲਿਤ ਸਨ। ਮੀਡੀਆ ਰਿਪੋਰਟਾਂ ਅਨੁਸਾਰ ਹਰੀਓਮ ਨੂੰ ਕੁੱਟ-ਕੁੱਟ ਕੇ ਮਾਰਨ (ਲਿੰਚਿੰਗ) ਦੀ ਘਟਨਾ ਇਸ ਲਈ ਨਹੀਂ ਵਾਪਰੀ ਕਿ ਉਹ ਇਕ ਦਲਿਤ ਸੀ, ਸਗੋਂ ਇਸ ਲਈ ਵਾਪਰੀ ਕਿ ਉਹ ਭੀੜ ਨੂੰ ਸਹੀ ਜਵਾਬ ਨਹੀਂ ਦੇ ਸਕਿਆ, ਕਿਉਂਕਿ ਭੀੜ ਨੂੰ ਉਸ 'ਤੇ ਚੋਰ ਹੋਣ ਦਾ ਸ਼ੱਕ ਸੀ। ਮੰਨਿਆ ਜਾਂਦਾ ਹੈ ਕਿ ਜਸਟਿਸ ਗਵੱਈ 'ਤੇ ਹਮਲਾ ਕਰਨ ਦੀ ਕੋਸ਼ਿਸ਼ ਉਸ ਦੀ ਜਾਤ ਕਰਕੇ ਨਹੀਂ, ਸਗੋਂ ਹਿੰਦੂ ਧਰਮ ਪ੍ਰਤੀ ਉਨ੍ਹਾਂ ਦੀ ਕਥਿਤ ਅਪਮਾਨਜਨਕ ਟਿੱਪਣੀ ਕਰਕੇ ਹੋਈ ਹੈ, ਜਦਕਿ ਨੌਕਰਸ਼ਾਹੀ ਘੁਸਰ-ਮੁਸਰ ਦੇ ਅਨੁਸਾਰ ਪੂਰਨ ਕੁਮਾਰ ਆਪਣੇ ਖ਼ੁਦਕੁਸ਼ੀ ਨੋਟ ਵਿਚ ਜ਼ਿਕਰ ਕੀਤੇ ਜਾਤੀ-ਆਧਾਰਿਤ ਵਿਤਕਰੇ ਨਾਲੋਂ ਜ਼ਿਆਦਾ ਦਫ਼ਤਰ ਦੀ ਅੰਦਰੂਨੀ ਸ਼ਰੀਕੇਬਾਜ਼ੀ ਦਾ ਸ਼ਿਕਾਰ ਹੋਇਆ ਹੈ। ਹੁਣ ਸਾਨੂੰ ਇਸ ਭਰਮਪਾਊ ਪਰਤ ਨੂੰ ਇਕ ਉਲਟ ਸਵਾਲ ਪੁੱਛ ਕੇ ਦੂਰ ਕਰ ਦੇਣਾ ਚਾਹੀਦਾ ਹੈ: ਕੀ ਹੁੰਦਾ ਜੇਕਰ ਸਾਰੇ ਪੀੜਤ ਵਿਅਕਤੀ ਦਲਿਤ ਨਾ ਹੁੰਦੇ ?





ਕੀ ਤਾਂ ਵੀ ਉਨ੍ਹਾਂ ਦਾ ਇਹੀ ਹਾਲ ਹੁੰਦਾ ? ਕੀ ਹੁੰਦਾ ਜੇਕਰ ਭੀੜ ਵਿਚ ਘਿਰਿਆ ਹੋਇਆ ਹਰੀਓਮ ਜਿਸ 'ਤੇ ਚੋਰ ਹੋਣ ਦਾ ਸ਼ੱਕ ਸੀ, ਉਹ ਕਹਿ ਦਿੰਦਾ ਕਿ ਉਹ ਠਾਕੁਰ ਹੈ ? ਹੋ ਸਕਦਾ ਹੈ ਕਿ ਉਹ ਫਿਰ ਵੀ ਅਪਮਾਨ ਤੇ ਕੁੱਟਮਾਰ ਤੋਂ ਨਾ

**ਯੋਗੇਂਦਰ ਯਾਦਵ**

ਬਚ ਸਕਦਾ, ਪਰ ਕੀ ਉਸ ਨੂੰ ਫਿਰ ਵੀ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਅਤੇ ਕੋਈ ਵੀ ਉਸ ਦੇ ਬਚਾਅ ਲਈ ਨਾ ਆਉਂਦਾ ? ਕੀ ਉਸ ਦੀ ਲਾਸ਼ ਨੂੰ ਇਸੇ ਤਰ੍ਹਾਂ ਸੜਨ ਲਈ ਛੱਡ ਦਿੱਤਾ ਜਾਂਦਾ ? ਕੀ ਪੁਲਿਸ ਤੇ ਪ੍ਰਸ਼ਾਸਨ ਕਾਰਵਾਈ ਕਰਨ ਵਿਚ ਇੰਨੀ ਹੀ ਦੇਰੀ ਕਰਦੇ ? ਹਰੀਓਮ ਦਾ ਇਹ ਹਾਲ ਇਕ ਅਪਰਾਧੀ ਹੋਣ ਦੇ ਸ਼ੱਕ ਜਾਂ ਉਸ ਦੇ ਮਾਨਸਿਕ ਹਾਲਤ ਕਰਕੇ ਨਹੀਂ, ਸਗੋਂ ਉਸ ਦੇ ਇਕ ਵਾਲਮੀਕਿ ਹੋਣ ਕਰਕੇ ਹੋਇਆ ਹੈ।

ਜੋ ਕੁਝ ਚੀਫ਼ ਜਸਟਿਸ ਗਵੱਈ ਦੀ ਅਦਾਲਤ ਵਿਚ ਹੋਇਆ ਹੁਣ ਉਸ ਮਾਮਲੇ ਨੂੰ ਲੈ ਲਓ, ਤੁਸੀਂ ਜੱਜ ਦੇ ਸਮਾਜਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਕਿਸੇ ਪਾਗਲ ਵਿਅਕਤੀ ਦੁਆਰਾ ਕਿਸੇ ਵੀ ਅਦਾਲਤ ਵਿਚ ਅਜਿਹਾ ਕੁਝ ਕਰਨ ਤੋਂ ਇਨਕਾਰ ਨਹੀਂ ਕਰ ਸਕਦੇ। ਪਰ ਕੀ ਇਕ 'ਸੰਤੁਲਿਤ' ਵਕੀਲ ਦੇਸ਼ ਦੇ ਮੁੱਖ ਜੱਜ ਦੀ ਅਦਾਲਤ ਵਿਚ ਅਜਿਹਾ ਕਰਦਾ, ਜੇਕਰ ਉਸ ਦੀਆਂ ਨਜ਼ਰਾਂ ਵਿਚ ਜਾਤ ਬਾਰੇ ਅਜਿਹਾ ਕੁਝ ਨਾ ਹੁੰਦਾ, ਤਾਂ ਕੀ ਉਨ੍ਹਾਂ ਦੇ ਅਹੁਦੇ ਦੇ ਰੁਤਬੇ ਨੂੰ ਘਟਾਉਂਦਾ ? ਕੀ ਉਸ ਲਈ 'ਸਨਾਤਨ' ਦਾ ਅਪਮਾਨ ਸਿਰਫ਼ ਧਾਰਮਿਕ ਪਰੰਪਰਾ ਤੱਕ ਹੀ ਸੀਮਤ ਸੀ ? ਕੀ ਉਸ ਦੇ ਕਹਿਣ ਅਨੁਸਾਰ ਜਾਤੀਗਤ ਹਿੰਦੂ ਸਰਬਉੱਚਤਾ ਹੀ ਸਭ ਕੁਝ ਸੀ ? ਦੂਜੇ ਸ਼ਬਦਾਂ ਵਿਚ ਕੀ ਉਹ ਸਿਰਫ਼ ਕਹੀ ਗਈ ਉਸ ਗੱਲ 'ਤੇ ਹੀ ਨਹੀਂ, ਸਗੋਂ ਇਹ ਕਹਿਣ ਵਾਲੇ 'ਤੇ ਵੀ ਪ੍ਰਤੀਕਿਰਿਆ ਦੇ ਰਿਹਾ ਸੀ ?

ਐੱਨ ਸੁਕੁਮਾਰ ਇਸ ਨੂੰ 'ਨਫ਼ਰਤ ਦੇ ਜਾਤੀਵਾਦੀ ਪ੍ਰਗਟਾਵੇ' ਵਜੋਂ ਦਰਸਾਉਂਦਾ ਹੈ, ਜੋ ਸਾਡੇ ਸਮਿਆਂ ਵਿਚ ਆਮ ਹੋ ਚੁੱਕਾ ਹੈ। ਕੀ ਹੁੰਦਾ ਜੇਕਰ ਇਸੇ ਤਰ੍ਹਾਂ ਦੀ ਘਟਨਾ ਪਹਿਲਾਂ ਵਾਲੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਦਾਲਤ ਵਿਚ ਵਾਪਰੀ ਹੁੰਦੀ ਅਤੇ ਅਪਰਾਧੀ ਕੋਈ ਮੁਸਲਮਾਨ ਹੁੰਦਾ ? ਕੀ ਤਾਂ ਵੀ ਪੂਰਾ ਦੇਸ਼ ਇਸੇ ਤਰ੍ਹਾਂ ਸ਼ਾਂਤੀ ਨਾਲ ਪ੍ਰਤੀਕਿਰਿਆ ਦਿੰਦਾ, ਜਿਵੇਂ ਹੁਣ ਇਸ ਮਾਮਲੇ ਵਿਚ ਹੋਇਆ ਹੈ ? ਕੀ ਗ੍ਰਹਿ ਮੰਤਰਾਲਾ ਅਤੇ ਰਾਸ਼ਟਰੀ ਸੁਰੱਖਿਆ ਸੰਸਥਾਨ ਵੀ ਇਸੇ ਤਰ੍ਹਾਂ ਜਵਾਬ ਦਿੰਦੇ, ਜਿਸ ਤਰ੍ਹਾਂ ਉਨ੍ਹਾਂ ਹੁਣ ਕੀਤਾ ਹੈ ? ਕੀ ਟੀ.ਵੀ. ਚੈਨਲ ਇਸ ਨੂੰ ਕਈ ਦਿਨਾਂ ਤੱਕ ਨਾ ਦਿਖਾਉਂਦੇ ? ਕੀ ਅਸੀਂ ਅਪਰਾਧੀ ਨੂੰ ਕਈ ਹਲਕੇ ਪੱਧਰ ਦੇ ਇੰਟਰਵਿਊਆਂ ਦੇ ਨਾਲ ਬਚਾਅ ਕਰਦਾ ਹੋਇਆ ਦੇਖਦੇ ? ਕੀ ਅਸੀਂ ਅਪਰਾਧੀ ਦਾ ਸਮਰਥਨ ਅਤੇ ਉਸਤਤ ਕਰਨ ਲਈ ਸੋਸ਼ਲ-ਮੀਡੀਆ ਮੁਹਿੰਮਾਂ ਦੀ ਕਲਪਨਾ ਕਰਦੇ, ਜਿਵੇਂ ਕਿ ਇਸ ਮਾਮਲੇ ਵਿਚ ਹੋਇਆ ਹੈ ? ਜਸਟਿਸ ਗਵੱਈ ਸੰਵਿਧਾਨਕ ਵਿਵਸਥਾ 'ਚ ਸਭ ਤੋਂ ਉੱਚੇ ਨਿਆਂਇਕ ਅਹੁਦੇ 'ਤੇ ਬਿਰਾਜਮਾਨ ਹੋ ਸਕਦੇ ਹਨ, ਪਰ ਇਸ ਨਾਲ ਵੀ ਉਨ੍ਹਾਂ ਦੀ ਸਮਾਜਿਕ ਸਥਿਤੀ ਵਿਚ ਕੋਈ ਫਰਕ ਨਹੀਂ ਪਵੇਗਾ। ਅੰਤ ਵਿਚ ਕੀ ਹੁੰਦਾ ਜੇਕਰ ਪੂਰਨ ਕੁਮਾਰ ਦਲਿਤ ਨਾ ਹੁੰਦਾ ? ਅਫ਼ਸਰਾਂ ਵਿਚ ਸ਼ਰੀਕੇਬਾਜ਼ੀ ਅਤੇ ਅਸੁਵਿਧਾਜਨਕ ਆਵਾਜ਼ਾਂ ਦਾ ਅੱਤਿਆਚਾਰ ਬਾਬੂਆਂ ਦੀ ਦੁਨੀਆ ਵਿਚ ਕੋਈ ਨਵੀਂ ਗੱਲ ਨਹੀਂ ਹੈ। ਪਰ ਕੁਮਾਰ ਦਾ ਅੰਤਿਮ ਨੋਟ ਇਕ ਤੋਂ ਬਾਅਦ ਇਕ ਸੀਨੀਅਰਾਂ ਦੁਆਰਾ ਉਸ ਨੂੰ ਲਗਾਤਾਰ ਹਾਸ਼ੀਏ 'ਤੇ ਧੱਕਣ ਦੀ ਕਹਾਣੀ ਬਿਆਨ ਕਰਦਾ ਹੈ। ਜੇਕਰ ਉਹ ਆਪਣੇ ਹੀ ਭਾਈਚਾਰੇ ਦੇ ਅਫ਼ਸਰਾਂ ਦੇ ਸੋਸ਼ਲ ਨੈੱਟਵਰਕ ਨਾਲ ਘਿਰਿਆ ਹੁੰਦਾ ਤਾਂ ਕੀ ਉਸ ਨੂੰ ਇਸ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ? ਉਸ ਨੇ ਖ਼ੁਦ ਆਪਣੇ ਨਾਲ ਹੋਏ ਅੱਤਿਆਚਾਰ ਦਾ ਮੂਲ ਕਾਰਨ ਜਾਤੀ ਵਿਤਕਰੇ ਨੂੰ ਦੱਸਿਆ ਹੈ। ਹਾਲਾਂਕਿ ਇਸ ਘਟਨਾ 'ਤੇ ਵਿਆਪਕ ਚਿੰਤਾ ਪ੍ਰਗਟਾਉਂਦਿਆਂ ਆਈ.ਏ.ਐੱਸ. ਐਸੋਸੀਏਸ਼ਨ ਨੇ ਸਮਰਥਨ ਪੱਤਰ ਅਤੇ ਆਈ.ਪੀ.ਐੱਸ ਭਾਈਚਾਰੇ ਦਾ ਰਸਮੀ ਪੱਤਰ ਭੇਜਿਆ ਹੈ, ਪਰ ਇਨ੍ਹਾਂ ਵਿਚ ਘਟਨਾ ਦੇ ਜਾਤੀਗਤ ਪਹਿਲੂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ ਅਤੇ ਨਾ ਹੀ ਇਸ 'ਤੇ ਕੋਈ ਚਰਚਾ ਹੋਈ ਹੈ। ਜਿਵੇਂ ਕਿ ਸੁਮੀਤ ਮਹਾਸਕਰ ਅਤੇ ਪ੍ਰਬੋਧਨ ਪੋਲ ਨੇ ਅਖਬਾਰ ਵਿਚ ਦੱਸਿਆ ਹੈ ਕਿ ਇਹ ਘਟਨਾ ਇਕ ਵਾਰ ਫਿਰ ਸਾਬਤ ਕਰਦੀ ਹੈ ਕਿ 'ਜਾਤੀ ਰਹਿਤ ਨੌਕਰਸ਼ਾਹ ਸਿਰਫ਼ ਇਕ ਮਿੱਥ ਹੈ'।

ਜੋ ਗੁੜ-ਚਨਾ ਵਾਲੀ ਕਹਾਣੀ ਦੱਸੀ ਹੈ, ਉਸ ਦੇ ਨਤੀਜੇ ਵਜੋਂ ਬਾਬਾ ਸਾਹਿਬ ਦੀ ਤਸਵੀਰ ਸਥਾਪਤ ਹੋਈ ਹੈ। ਕੀ ਇਹ ਤਿੰਨੋਂ ਕਹਾਣੀਆਂ ਬਾਬਾ ਸਾਹਿਬ ਦੇ ਜਾਤੀ ਦੇ ਖ਼ਾਤਮੇ ਦੇ ਸੰਕਲਪ ਨੂੰ ਦੁਬਾਰਾ ਸਥਾਪਿਤ ਕਰਨਗੀਆਂ ?

# ਗਾਜ਼ਾ 'ਚ ਸ਼ਾਂਤੀ 'ਤੇ ਸ਼ੱਕ ਦਾ ਪਰਛਾਵਾਂ



ਰਾਸ਼ਟਰਪਤੀ ਟਰੰਪ ਦੀ ਵੀਹ ਸੂਤਰੀ ਸ਼ਾਂਤੀ ਯੋਜਨਾ 'ਤੇ ਇਜ਼ਰਾਇਲੀ ਕੈਬਨਿਟ ਦੀ ਮਨਜ਼ੂਰੀ ਤੋਂ ਬਾਅਦ ਗਾਜ਼ਾ 'ਚ ਜੰਗਬੰਦੀ ਲਾਗੂ ਹੋ ਗਈ ਹੈ। ਇਸ ਨਾਲ ਜੁੜੀ ਸ਼ਾਂਤੀ ਯੋਜਨਾ ਦੇ ਤਿੰਨ ਪੜਾਅ ਹਨ। ਜਿਸ ਪਹਿਲੇ ਪੜਾਅ 'ਤੇ ਹਮਾਸ ਤੇ ਇਜ਼ਰਾਈਲ ਸਹਿਮਤ ਹੋਏ ਹਨ, ਉਸ 'ਚ ਸਭ ਤੋਂ ਪਹਿਲਾਂ ਇਜ਼ਰਾਇਲੀ ਹਮਲੇ ਰੁਕਣਾ ਤੇ ਇਜ਼ਰਾਇਲੀ ਫ਼ੌਜ ਨੂੰ ਗਾਜ਼ਾ ਦੇ 47 ਫ਼ੀਸਦੀ ਖੇਤਰ ਤੋਂ ਪਿੱਛੇ ਹਟਣਾ ਸੀ। ਨਾਲ ਹੀ, ਇਜ਼ਰਾਈਲ ਅੱਤਵਾਦੀ ਹਮਲਿਆਂ ਤੇ ਦੂਜੇ ਅਪਰਾਧਾਂ ਦੇ ਦੋਸ਼ਾਂ 'ਚ ਸਜ਼ਾ ਕੱਟ ਰਹੇ ਲਗਪਗ 250 ਫ਼ਲਸਤੀਨੀ ਕੈਦੀਆਂ ਨੂੰ ਤੇ ਗਾਜ਼ਾ ਦੇ ਉਨ੍ਹਾਂ 1700 ਲੋਕਾਂ ਨੂੰ ਰਿਹਾਅ ਕਰੇਗਾ ਜੋ ਹਿਰਾਸਤ 'ਚ ਹਨ। ਹਮਾਸ 28 ਇਜ਼ਰਾਇਲੀ ਬੰਧਕਾਂ ਦੀਆਂ ਦੇਹਾਂ ਸੌਂਪੇਗਾ ਤੇ ਇਜ਼ਰਾਈਲ ਆਪਣੀ ਹਿਰਾਸਤ 'ਚ ਮਰੇ ਗਾਜ਼ਾ ਦੇ 15 ਲੋਕਾਂ ਦੇ ਸਰੀਰ ਹਮਾਸ ਨੂੰ ਸੌਂਪੇਗਾ।

ਇਜ਼ਰਾਈਲ, ਹਮਾਸ, ਅਰਬ ਦੇਸ਼ ਤੇ ਟਰੰਪ ਸਾਰੇ ਇਕ-ਦੂਜੇ ਦੀ ਪਿੱਠ ਥਾਪੜ ਰਹੇ ਹਨ। ਟਰੰਪ ਆਪਣੀ ਯੋਜਨਾ ਨੂੰ ਪੱਛਮੀ ਏਸ਼ੀਆ 'ਚ ਸਥਾਈ ਸ਼ਾਂਤੀ ਦਾ ਕਦਮ ਦੱਸ ਕੇ ਨੋਬਲ ਸ਼ਾਂਤੀ ਪੁਰਸਕਾਰ ਦੀ ਆਸ ਲਾਈ ਬੈਠੇ ਸਨ। ਉਹ ਤਾਂ ਪੂਰੀ ਨਹੀਂ ਹੋ ਸਕੀ, ਪਰ ਕੀ ਉਹ ਟੁੱਟੀ ਆਸ ਦੀ ਕੁੜੱਤਣ ਨੂੰ ਪੀ ਕੇ ਸ਼ਾਂਤੀ ਯੋਜਨਾ ਨੂੰ ਸਫ਼ਲ ਬਣਾਉਣ 'ਚ ਪੂਰੀ ਤਾਕਤ ਲਾਉਣਗੇ ? ਕਿਉਂਕਿ ਉਨ੍ਹਾਂ ਦੀ ਯੋਜਨਾ ਦੇ ਪਹਿਲੇ ਪੜਾਅ ਦਾ ਅਮਲ ਤਾਂ ਮੁਕਾਬਲਤਨ ਆਸਾਨ ਸੀ। ਹਾਲਾਂਕਿ ਇਸ 'ਚ ਵੀ ਹਮਾਸ ਦੀ ਮੰਗ 'ਤੇ ਰਿਹਾਅ ਹੋਣ ਵਾਲੇ ਕੈਦੀਆਂ ਦੇ ਨਾਵਾਂ ਤੇ ਗਿਣਤੀ ਨੂੰ ਲੈ ਕੇ ਰੁਕਾਵਟਾਂ ਖੜ੍ਹੀਆਂ ਹੋ ਸਕਦੀਆਂ ਹਨ। ਇਸ ਦੇ ਪੂਰਾ ਹੋਣ ਤੋਂ ਬਾਅਦ ਦੂਜੇ ਤੇ ਤੀਜੇ ਪੜਾਅ ਦੀ ਸੌਦੇਬਾਜ਼ੀ ਸ਼ੁਰੂ ਹੋਵੇਗੀ।

ਯੋਜਨਾ ਮੁਤਾਬਕ ਗਾਜ਼ਾ ਪੱਟੀ ਨੂੰ ਪੂਰੀ ਤਰ੍ਹਾਂ ਫ਼ੌਜ ਤੋਂ ਮੁਕਤ ਹੋਣਾ ਹੈ। ਭਾਵ ਹਰ ਤਰ੍ਹਾਂ ਦੇ ਫ਼ੌਜੀ, ਅੱਤਵਾਦੀ ਤੇ ਹਮਲਾਵਰ ਢਾਂਚੇ ਨੂੰ ਢਾਹਿਆ ਜਾਵੇਗਾ, ਜਿਸ 'ਚ ਉਨ੍ਹਾਂ ਸੁਰੰਗਾਂ ਦਾ ਜਾਲ ਵੀ ਸ਼ਾਮਲ ਹੈ ਜਿਨ੍ਹਾਂ ਦੀ ਵਰਤੋਂ ਹਮਾਸ ਦੇ ਅੱਤਵਾਦੀ ਆਪਣੇ ਰਾਕਟ, ਗੰਨ ਤੇ ਗੋਲਾ ਬਾਰੂਦ ਰੱਖਣ ਲਈ ਕਰਦੇ ਸਨ। ਅਮਰੀਕੀ ਖ਼ੁਫ਼ੀਆ ਏਜੰਸੀਆਂ ਦੇ ਮੁਲਾਂਕਣ ਮੁਤਾਬਕ ਹਮਾਸ ਨੇ ਜੰਗ ਦੌਰਾਨ ਲਗਪਗ 15 ਹਜ਼ਾਰ ਨਵੇਂ ਲੜਾਕਿਆਂ ਦੀ ਭਰਤੀ ਵੀ ਕੀਤੀ ਸੀ। ਇਜ਼ਰਾਈਲ ਚਾਹੁੰਦਾ ਹੈ ਕਿ ਇਹ

**ਸ਼ਿਵਕਾਂਤ ਸ਼ਰਮਾ**

ਸਾਰੇ ਮੈਂਬਰ ਹਥਿਆਰ ਸੁੱਟਣ ਤੇ ਭਵਿੱਖ 'ਚ ਲੜਾਈ ਨਾ ਕਰਨ ਦਾ ਅਹਿਦ ਲੈਣ। ਹਾਲਾਂਕਿ ਹਮਾਸ ਦੀ ਸ਼ਰਤ ਰਹੀ ਹੈ ਕਿ ਉਹ ਆਜ਼ਾਦ ਫ਼ਲਸਤੀਨ ਰਾਸ਼ਟਰ ਦੀ ਸਥਾਪਨਾ ਹੋਣ ਤੋਂ ਬਾਅਦ ਹੀ ਹਥਿਆਰ ਸੁੱਟੇਗਾ।

ਸ਼ਾਂਤੀ ਯੋਜਨਾ ਮੁਤਾਬਕ ਗਾਜ਼ਾ ਦਾ ਪ੍ਰਸ਼ਾਸਨ ਇਕ ਸ਼ਾਂਤੀ ਬੋਰਡ ਦੀ ਦੇਖਰੇਖ 'ਚ ਫ਼ਲਸਤੀਨੀ ਮਾਹਿਰਾਂ ਦੀ ਅਸਥਾਈ ਕਮੇਟੀ ਸੰਭਾਲੇਗੀ। ਸ਼ਾਂਤੀ ਬੋਰਡ ਦੀ ਪ੍ਰਧਾਨਗੀ ਖ਼ੁਦ ਟਰੰਪ ਕਰਨਗੇ। ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੀ ਵੀ ਇਸ 'ਚ ਮੁੱਖ ਭੂਮਿਕਾ ਹੋਵੇਗੀ। ਫ਼ਲਸਤੀਨੀ ਅਥਾਰਟੀ 'ਚ ਸੁਧਾਰ ਕਰਨ ਤੋਂ ਬਾਅਦ ਗਾਜ਼ਾ ਦਾ ਪ੍ਰਸ਼ਾਸਨ ਉਸ ਨੂੰ ਸੌਂਪ ਦਿੱਤਾ ਜਾਵੇਗਾ, ਪਰ ਉਸ 'ਚ ਹਮਾਸ ਦੀ ਪ੍ਰਤੱਖ ਜਾਂ ਪਰੋਖ ਕੋਈ ਭੂਮਿਕਾ ਨਹੀਂ ਹੋਵੇਗੀ। ਹਮਾਸ ਦੇ ਜੋ ਮੈਂਬਰ ਇਜ਼ਰਾਈਲ ਦੀ ਸ਼ਾਂਤੀਪੂਰਨ ਸਹਿ-ਹੋਂਦ ਨੂੰ ਸਵੀਕਾਰ ਕਰਨਗੇ, ਉਨ੍ਹਾਂ ਨੂੰ ਮਾਫ਼ੀ ਦੇ ਕੇ ਦੂਜੇ ਦੇਸ਼ਾਂ 'ਚ ਭੇਜਿਆ ਜਾਵੇਗਾ। ਹਾਲਾਂਕਿ ਅਜੇ ਤੱਕ ਹਮਾਸ ਇਜ਼ਰਾਈਲ ਦੀ ਹੋਂਦ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਰਿਹਾ ਹੈ। ਦੂਜੇ ਪਾਸੇ, ਨੇਤਨਯਾਹੂ ਨੇ ਟਰੰਪ ਦੀ ਸ਼ਾਂਤੀ ਯੋਜਨਾ ਨੂੰ ਪੂਰੀ ਤਰ੍ਹਾਂ ਸਵੀਕਾਰ ਚਾਹੇ ਕਰ ਲਿਆ ਹੋਵੇ, ਪਰ ਉਹ ਗਾਜ਼ਾ ਦਾ ਪ੍ਰਸ਼ਾਸਨ ਫ਼ਲਸਤੀਨੀ ਅਥਾਰਟੀ ਨੂੰ ਨਹੀਂ ਦੇਣਾ ਚਾਹੁੰਦਾ।

ਗਾਜ਼ਾ ਦੀ ਜੰਗਬੰਦੀ ਨੂੰ ਟਰੰਪ ਪੱਛਮੀ ਏਸ਼ੀਆ 'ਚ ਸਥਾਈ ਸ਼ਾਂਤੀ ਦਾ ਪਹਿਲਾ ਕਦਮ ਦੱਸਦੇ ਹਨ, ਪਰ ਇੰਨਾ ਉਹ ਵੀ ਜਾਣਦੇ ਹਨ ਕਿ ਫ਼ਲਤੀਨੀਆਂ ਨੂੰ ਉਨ੍ਹਾਂ ਦਾ ਦੇਸ਼ ਮਿਲੇ ਬਿਨਾਂ ਇੱਥੇ ਕੋਈ ਸ਼ਾਂਤੀ ਸਥਾਈ ਨਹੀਂ ਹੋ ਸਕਦੀ। ਪਿਛਲੀ ਸਦੀ ਦੇ ਅੰਤ ਤੱਕ ਇਹ ਸੰਭਵ ਲਗਦਾ ਸੀ। ਇਜ਼ਰਾਈਲ 'ਚ ਵੀ ਕਾਫ਼ੀ ਵੱਡਾ ਜਨਮਤ ਇਸ ਦੇ ਪੱਖ 'ਚ ਸੀ, ਪਰ ਜਦ ਤੋਂ ਨੇਤਨਯਾਹੂ ਨੇ ਸੱਤਾ ਸੰਭਾਲੀ ਹੈ, ਵੱਖ ਫ਼ਲਸਤੀਨੀ ਰਾਸ਼ਟਰ ਦੀ ਸੰਭਾਵਨਾ ਨੂੰ ਸੁਪਨੇ ਵਿਚ ਬਦਲ ਦਿੱਤਾ ਹੈ। ਫ਼ਲਸਤੀਨੀ ਚਾਹੁੰਦੇ ਹਨ ਕਿ ਪੱਛਮੀ ਕੰਢੇ ਤੇ ਗਾਜ਼ਾ 'ਚ ਉਨ੍ਹਾਂ ਦਾ ਦੇਸ਼ ਬਣੇ, ਜਿਸ ਦੀ ਰਾਜਧਾਨੀ ਪੂਰਬੀ ਯਰੂਸ਼ਲਮ ਹੋਵੇ। ਕਹਿਣ ਨੂੰ ਪੱਛਮੀ ਕੰਢੇ 'ਤੇ ਫ਼ਲਸਤੀਨੀ ਅਥਾਰਟੀ ਦਾ ਸ਼ਾਸਨ ਹੈ, ਪਰ ਇਜ਼ਰਾਈਲ ਨੇ ਹੌਲੀ-ਹੌਲੀ ਇੱਥੇ ਯਹੂਦੀ ਬਸਤੀਆਂ ਦਾ ਜਾਲ ਵਿਛਾ ਦਿੱਤਾ ਹੈ, ਜਿਨ੍ਹਾਂ 'ਚ ਲਗਪਗ ਸੱਤ ਲੱਖ ਯਹੂਦੀ ਵਸਦੇ ਹਨ। ਉਨ੍ਹਾਂ ਬਸਤੀਆਂ 'ਤੇ ਇਜ਼ਰਾਇਲੀ ਸ਼ਾਸਨ ਹੈ। ਪੱਛਮੀ ਕੰਢੇ ਦੀ ਸਿਰਫ਼ 18 ਫ਼ੀਸਦੀ ਜ਼ਮੀਨ 'ਤੇ ਹੀ ਫ਼ਲਸਤੀਨੀ ਅਥਾਰਟੀ ਦਾ ਸ਼ਾਸਨ ਹੈ। 22 ਫ਼ੀਸਦੀ ਜ਼ਮੀਨ 'ਤੇ ਇਜ਼ਰਾਈਲ ਤੇ ਫ਼ਲਸਤੀਨੀ ਅਥਾਰਟੀ ਦਾ ਸਾਂਝਾ ਸ਼ਾਸਨ ਹੈ ਤੇ ਜਾਰਡਨ ਤੇ ਇਜ਼ਰਾਈਲ ਨਾਲ ਲੱਗਦੀ ਬਾਕੀ 60 ਫ਼ੀਸਦੀ ਜ਼ਮੀਨ 'ਤੇ ਇਜ਼ਰਾਇਲੀ ਸ਼ਾਸਨ।

ਜੇ ਨਕਸ਼ੇ 'ਤੇ ਦੇਖੀਏ ਤਾਂ ਪੱਛਮੀ ਕੰਢੇ ਦੇ ਸ਼ਹਿਰ ਇਜ਼ਰਾਇਲੀ ਜ਼ਮੀਨ 'ਤੇ ਫ਼ਲਸਤੀਨੀ ਦੀਪਾਂ ਵਰਗੇ ਲੱਗਦੇ ਹਨ। ਇਹੀ ਯੋਜਨਾਬੱਧ ਰਣਨੀਤੀ ਦੇ ਤਹਿਤ ਕੀਤਾ ਗਿਆ ਲੱਗਦਾ ਹੈ ਤਾਂ ਜੋ ਫ਼ਲਸਤੀਨੀ ਸ਼ਹਿਰ ਇਜ਼ਰਾਈਲ ਖ਼ਿਲਾਫ਼ ਇਕਜੁਟ ਨਾ ਹੋ ਸਕਣ। ਸਰਹੱਦੀ ਜ਼ਮੀਨ ਨੂੰ ਵੀ ਇਜ਼ਰਾਈਲ ਨੇ ਇਸ ਲਈ ਆਪਣੇ ਕੋਲ ਰੱਖਿਆ ਤਾਂ ਜੋ ਗੁਆਂਢੀ ਦੇਸ਼ਾਂ 'ਚ ਖੁੱਲ੍ਹਣ ਵਾਲੀਆਂ ਸੁਰੰਗਾਂ ਦਾ ਜਾਲ ਨਾ ਵਿਛਾਇਆ ਜਾ ਸਕੇ, ਜੋ ਗਾਜ਼ਾ 'ਚ ਹੋਇਆ ਹੈ। ਸ਼ਾਇਦ ਇਸ ਲਈ ਨੇਤਨਯਾਹੂ ਪੱਛਮੀ ਕੰਢੇ ਤੇ ਗਾਜ਼ਾ 'ਚ ਇਕ ਫ਼ਲਸਤੀਨੀ ਸਰਕਾਰ ਨਹੀਂ ਬਣਨ ਦੇਣਾ ਚਾਹੁੰਦੇ। ਇਸ ਸਮੇਂ ਨੇਤਨਯਾਹੂ ਤੇ ਹਮਾਸ ਦੇ ਕੋਲ ਟਰੰਪ ਦੀ ਸ਼ਾਂਤੀ ਯੋਜਨਾ ਦੇ ਲਈ ਸਹਿਮਤ ਹੋਣ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਬਚਿਆ ਸੀ। ਨੇਤਨਯਾਹੂ ਸ਼ਾਂਤੀ ਦੇ ਨੋਬਲ ਦੀ ਆਸ ਲਾਈ ਬੈਠੇ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਨਾਰਾਜ਼ ਨਹੀਂ ਕਰ ਸਕਦੇ ਸੀ। ਹਮਾਸ ਦੇ ਕੋਲ ਵੀ ਨਾ ਤਾਂ ਲਗਾਤਾਰ ਵਧਦੀ ਆ ਰਹੀ ਇਜ਼ਰਾਇਲੀ ਫ਼ੌਜ ਤੋਂ ਬੰਧਕਾਂ ਨੂੰ ਲੁਕਾਈ ਰੱਖਣ ਦੀ ਥਾਂ ਬਚੀ ਸੀ ਤੇ ਨਾ ਹੀ ਦੁਨੀਆ ਤੋਂ ਹੋਰ ਜ਼ਿਆਦਾ ਹਮਦਰਦੀ ਹਾਸਲ ਕਰਨ ਦੀ ਗੁੰਜਾਇਸ਼। ਹੁਣ ਸ਼ਾਂਤੀ ਕਾਇਮ ਹੋ ਜਾਣ ਤੇ ਗਾਜ਼ਾ 'ਚ ਦੁਬਾਰਾ ਨਿਰਮਾਣ ਸ਼ੁਰੂ ਹੋਣ ਦੇ ਨਾਲ ਹੀ ਦੋਵਾਂ ਨੂੰ ਹੋਂਦ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਨੇਤਨਯਾਹੂ ਦੇ ਸਾਹਮਣੇ ਆਪਣੀ ਸਰਕਾਰ ਬਚਾਉਣ, ਹਮਾਸ ਦੇ ਹਮਲੇ ਨੂੰ ਰੋਕਣ 'ਚ ਹੋਈ ਸੁਰੱਖਿਆ ਭੁੱਲ ਦੀ ਜਾਂਚ ਤੋਂ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਜੇਲ੍ਹ ਜਾਣ ਤੋਂ ਬਚਣ ਦੀਆਂ ਚੁਣੌਤੀਆਂ ਹਨ। ਹਮਾਸ ਦੇ ਸਾਹਮਣੇ ਸੱਤਾਂ ਤੋਂ ਬਾਹਰ ਰਹਿੰਦੇ ਹੋਏ ਆਪਣਾ ਅਸਰ ਬਣਾਈ ਰੱਖਣ ਦੀ ਚੁਣੌਤੀ ਹੈ। ਇਜ਼ਰਾਇਲੀ ਹਮਲਿਆਂ 'ਚ ਮਾਰੇ ਗਏ 67 ਹਜ਼ਾਰ ਤੋਂ ਵੱਧ ਲੋਕਾਂ ਦੇ ਪਰਿਵਾਰਾਂ ਦਾ ਇਜ਼ਰਾਈਲ ਵਿਰੋਧੀ ਰੋਸ ਉਨ੍ਹਾਂ ਨੂੰ ਉਸ ਨੂੰ ਬਣਾਈ ਰੱਖਣ ਤੇ ਸੰਗਠਨ ਖੜ੍ਹਾ ਕਰਨ ਦੀ ਜ਼ਮੀਨ ਦੇਵੇਗਾ। ਇਜ਼ਰਾਇਲੀ ਬਹੁਤ ਸ਼ਾਨ ਨਾਲ ਕਿਹਾ ਕਰਦੇ ਸਨ ਕਿ ਉਨ੍ਹਾਂ ਦੀਆਂ ਲੜਾਈਆਂ ਫ਼ੌਜੀ ਅਕੈਡਮੀਆਂ 'ਚ ਪੜ੍ਹਾਈਆਂ ਜਾਇਆ ਕਰਨਗੀਆਂ, ਪਰ ਗਾਜ਼ਾ ਦੀ ਲੜਾਈ ਉਨ੍ਹਾਂ ਨੂੰ ਬਹੁਤ ਮਾਯੂਸ ਕਰੇਗੀ। ਅਜਿਹਾ ਇਸ ਲਈ, ਕਿਉਂਕਿ ਇਜ਼ਰਾਈਲ ਨੇ ਚਾਹੇ ਹਮਾਸ ਦੇ ਨਾਲ ਹਿਜ਼ਬੁੱਲਾ ਦੇ ਫ਼ਨ ਨੂੰ ਵੀ ਕੁਚਲ ਦਿੱਤਾ ਹੋਵੇ, ਪਰ ਉਨ੍ਹਾਂ ਦੇ ਟੀਚੇ ਲਈ ਵਧਦੀ ਹਮਦਰਦੀ ਦੀ ਲਹਿਰ ਨੂੰ ਨਹੀਂ ਰੋਕ ਸਕਿਆ ਹੈ। ਸਾਖ਼ ਦੀ ਲੜਾਈ 'ਚ ਤਾਂ ਉਹ ਬੁਰੀ ਤਰ੍ਹਾਂ ਹਾਰ ਗਿਆ ਹੈ। ਸੰਯੁਕਤ ਰਾਸ਼ਟਰ ਦੇ ਜਾਂਚ ਕਮਿਸ਼ਨ ਨੇ ਉਸ 'ਤੇ ਕਤਲੇਆਮ ਦਾ ਦੋਸ਼ ਲਾਇਆ ਹੈ ਤੇ ਬ੍ਰਿਟੇਨ, ਫਰਾਂਸ ਤੇ ਕੈਨੇਡਾ ਵਰਗੇ ਰਵਾਇਤੀ ਮਿੱਤਰ ਦੇਸ਼ਾਂ ਨੇ ਉਸ ਦੀ ਮਰਜ਼ੀ ਖ਼ਿਲਾਫ਼ ਫ਼ਲਸਤੀਨ ਨੂੰ ਮਾਨਤਾ ਦੇ ਦਿੱਤੀ ਹੈ।

# ਸਿਹਤ ਨਾਲ ਖਿਲਵਾੜ ਕਰਦੇ ਮਿਲਾਵਟਖੋਰ



ਮਿਲਾਵਟਖੋਰੀ ਦੇ ਇਸ ਯੁੱਗ ਵਿਚ ਅਸਲੀ ਅਤੇ ਨਕਲੀ ਵਿਚ ਫਰਕ ਕਰਨਾ ਬਹੁਤ ਮੁਸ਼ਕਲ ਜਾਪਦਾ ਹੈ, ਭਾਵੇਂ ਇਹ ਮਨੁੱਖੀ ਰਿਸ਼ਤੇ ਹੋਣ ਜਾਂ ਰੋਜ਼ਾਨਾ ਖਾਣ-ਪੀਣ ਦੀਆਂ ਚੀਜ਼ਾਂ। ਚਿੱਟੀ ਕ੍ਰਾਂਤੀ, ਜੋ ਕਿ ਇਕ ਸਹਾਇਕ ਕਾਰੋਬਾਰ ਵਜੋਂ ਸ਼ੁਰੂ ਹੋਈ ਸੀ, ਹੁਣ ਮੁਨਾਫ਼ਾਖੋਰਾਂ ਦੇ ਮਾੜੇ ਇਰਾਦੇ ਕਾਰਨ ਇਕ ਕਾਲੇ ਕਾਰੋਬਾਰ ਵਿਚ ਬਦਲ ਗਈ ਹੈ। ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ 89.2% ਦੁੱਧ ਉਤਪਾਦਾਂ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਮਿਲਾਵਟ ਪਾਈ ਗਈ। ਰਾਸ਼ਟਰੀ ਪੱਧਰ 'ਤੇ ਦੁੱਧ ਉਤਪਾਦਨ ਦਾ ਅੰਦਾਜ਼ਾ ਲਗਾਈਏ ਤਾਂ ਦੇਸ਼ ਕੁੱਲ 14 ਕਰੋੜ ਲੀਟਰ ਦੁੱਧ ਪੈਦਾ ਕਰਦਾ ਹੈ, ਜਦੋਂ ਕਿ ਰੋਜ਼ਾਨਾ ਖਪਤ ਲਗਭਗ 65 ਕਰੋੜ ਲੀਟਰ ਹੈ। ਮੰਗ ਅਤੇ ਸਪਲਾਈ ਵਿਚਕਾਰ ਇਸ ਵੱਡੇ ਪਾੜੇ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ, ਇਸਦੀ ਕਲਪਨਾ ਕਰਨਾ ਆਸਾਨ ਹੈ। ਤਿਉਹਾਰਾਂ ਦੌਰਾਨ ਮਠਿਆਈਆਂ ਦੀ ਵਧਦੀ ਮੰਗ ਦੇ ਮੱਦੇਨਜ਼ਰ ਕਾਫੀ ਜ਼ਿਆਦਾ ਦੁੱਧ ਕਿੱਥੋਂ ਆਉਂਦਾ ਹੈ, ਇਹ ਵੀ ਕਿਸੇ ਵੱਡੇ ਰਹੱਸ ਤੋਂ ਘੱਟ ਨਹੀਂ। ਸਪੱਸ਼ਟ ਤੌਰ 'ਤੇ ਇਸ ਘਾਟ ਦਾ ਇਕ ਮਹੱਤਵਪੂਰਨ ਹਿੱਸਾ ਅਸਲ ਵਿਚ ਨਕਲੀ ਦੁੱਧ ਹੈ, ਜੋ ਨਕਲੀ ਦੁੱਧ ਕੰਪਨੀਆਂ ਦੁਆਰਾ ਕਈ ਤਰ੍ਹਾਂ ਦੇ ਰਸਾਇਣਾਂ ਦੀ ਵਰਤੋਂ ਕਰਕੇ ਤਿਆਰ ਕੀਤਾ ਜਾਂਦਾ ਹੈ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਪਹਿਲਾਂ ਹੀ ਦੱਸ ਚੁੱਕੀ ਹੈ ਕਿ ਪੈਦਾ ਹੋਣ ਵਾਲਾ 68.7 ਫੀਸਦੀ ਦੁੱਧ ਮਿਆਰਾਂ ਨੂੰ ਪੂਰਾ ਕਰਨ ਵਿਚ ਅਸਫਲ ਰਹਿੰਦਾ ਹੈ।

ਵਿਸ਼ਵ ਸਿਹਤ ਸੰਗਠਨ ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਰੋਜ਼ਾਨਾ ਵਿਕਣ ਵਾਲੇ 64 ਕਰੋੜ ਲੀਟਰ ਦੁੱਧ ਵਿਚੋਂ 50 ਕਰੋੜ ਲੀਟਰ ਦੁੱਧ ਨਕਲੀ ਜਾਂ ਮਿਲਾਵਟੀ ਹੁੰਦਾ ਹੈ। ਭਾਰਤ ਦੇ 70 ਫੀਸਦੀ ਤੋਂ ਵੱਧ ਦੁੱਧ ਉਤਪਾਦ ਰਾਸ਼ਟਰੀ ਖੁਰਾਕ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ। ਸਭ ਤੋਂ ਖੁਸ਼ਹਾਲ ਰਾਜਾਂ ਵਿਚੋਂ ਇਕ ਮੰਨਿਆ ਜਾਂਦਾ ਪੰਜਾਬ ਵੀ ਇਸ ਵਿਸ਼ੇ 'ਚ ਅਪਵਾਦ ਨਹੀਂ ਹੈ। ਸਟੇਟ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐੱਫ. ਡੀ. ਏ.) ਦੀ ਇਕ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ ਸ਼ੁੱਧਤਾ ਜਾਂਚ ਲਈ ਲਏ ਗਏ ਜ਼ਿਆਦਾਤਰ ਦੁੱਧ ਦੇ ਨਮੂਨੇ ਨਾ ਸਿਰਫ਼ ਗੁਣਵੱਤਾ ਜਾਂਚ ਵਿਚ ਅਸਫਲ ਰਹੇ,

**ਦੀਪਿਕਾ ਅਰੋੜਾ**

ਸਗੋਂ 41 ਫੀਸਦੀ ਵਿਚ ਸਿਹਤ ਦੇ ਲਿਹਾਜ਼ ਨਾਲ ਘਾਤਕ ਤੱਤ ਵੀ ਮੌਜੂਦ ਰਹੇ।

ਹਾਲ ਹੀ ਵਿਚ, ਦੁੱਧ ਅਤੇ ਡੇਅਰੀ ਉਤਪਾਦਾਂ ਵਿਚ ਮਿਲਾਵਟ ਵਿਰੁੱਧ ਇਕ ਜਨਹਿੱਤ ਪਟੀਸ਼ਨ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ ਜਵਾਬ ਦਾਇਰ ਕੀਤਾ ਅਤੇ ਇਕ ਸਥਿਤੀ ਰਿਪੋਰਟ ਪੇਸ਼ ਕੀਤੀ। ਸਰਕਾਰ ਦੁਆਰਾ ਦਿੱਤੀ ਗਈ ਜਾਣਕਾਰੀ ਅਨੁਸਾਰ 2 ਜਨਵਰੀ, 2019 ਤੋਂ 31 ਦਸੰਬਰ, 2024 ਤੱਕ ਰਾਜ ਵਿਚ ਕੁੱਲ 2,191 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਇਨ੍ਹਾਂ ਵਿਚੋਂ ਲਗਭਗ 95 ਫੀਸਦੀ ਮਾਮਲਿਆਂ ਵਿਚ ਸਜ਼ਾ ਦਿੱਤੀ ਗਈ। ਜੁਰਮਾਨੇ ਵਜੋਂ ਇਕੱਠੀ ਕੀਤੀ ਗਈ ਕੁੱਲ ਰਕਮ 3,04,75,720 ਰੁਪਏ ਹੋਣ ਦਾ ਅਨੁਮਾਨ ਹੈ। ਇਹ ਅੰਕੜੇ ਅੰਮ੍ਰਿਤਸਰ, ਗੁਰਦਾਸਪੁਰ, ਸੰਗਰੂਰ ਅਤੇ ਫਤਿਹਗੜ੍ਹ ਸਾਹਿਬ ਵਰਗੇ ਜ਼ਿਲਿਆਂ ਵਿਚ ਸਭ ਤੋਂ ਵੱਧ ਕੇਸਾਂ ਦਾ ਖੁਲਾਸਾ ਕਰਦੇ ਹਨ।

ਰਿਪੋਰਟ ਅਨੁਸਾਰ ਇਹ ਮਿਲਾਵਟ ਸਿਰਫ਼ ਦੁੱਧ ਉਤਪਾਦਾਂ ਤੱਕ ਹੀ ਸੀਮਤ ਨਹੀਂ ਸੀ, ਸਗੋਂ ਪਨੀਰ, ਦਹੀਂ, ਖੋਆ, ਮੱਖਣ, ਮਠਿਆਈਆਂ, ਦੇਸੀ ਘਿਓ, ਆਈਸ ਕਰੀਮ, ਨਮਕੀਨ, ਹਲਦੀ ਅਤੇ ਮਿਰਚ ਪਾਊਡਰ, ਗੁਲਾਬ ਸ਼ਰਬਤ ਅਤੇ ਖਾਣ ਵਾਲੇ ਤੇਲ ਵੀ ਸ਼ਾਮਲ ਸਨ। ਪੰਜ ਸਾਲਾਂ ਦੌਰਾਨ ਰਿਪੋਰਟ ਕੀਤੇ ਗਏ 2,191 ਮਾਮਲੇ ਸਥਿਤੀ ਦੀ ਗੰਭੀਰਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ। ਅਜਿਹੀ ਸਥਿਤੀ ਵਿਚ ਸਿਸਟਮ ਪ੍ਰਬੰਧਨ 'ਤੇ ਸਵਾਲ ਉੱਠਣਾ ਸੁਭਾਵਿਕ ਹੈ। ਦੋਸ਼ੀਆਂ ਦੀਆਂ ਗ੍ਰਿਫ਼ਤਾਰੀਆਂ ਅਤੇ ਭਾਰੀ ਜੁਰਮਾਨੇ ਦੇ ਬਾਵਜੂਦ, ਇਹ ਕਾਰੋਬਾਰ ਕਿਉਂ ਅਤੇ ਕਿਵੇਂ ਵਧਦਾ-ਫੁੱਲਦਾ ਰਹਿੰਦਾ ਹੈ? ਜਾਂ ਤਾਂ ਮੁਨਾਫ਼ਾਖੋਰਾਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਹੈ ਜਾਂ ਸਿਸਟਮ ਵਿਚ ਪ੍ਰਚਲਿਤ ਭ੍ਰਿਸ਼ਟਾਚਾਰ ਉਨ੍ਹਾਂ ਨੂੰ ਮਨਮਾਨੇ ਢੰਗ ਨਾਲ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ।

ਦੁੱਧ ਅਤੇ ਦਹੀਂ ਨਾਲ ਭਰਪੂਰ ਦੇਸ਼ ਭਾਰਤ ਦੇ ਇਤਿਹਾਸ ਵਿਚ ਇਕ ਸਮਾਂ ਸੀ ਜਦੋਂ ਲਗਭਗ ਹਰ ਘਰ ਦੇ ਮਾਲਕ ਪਸ਼ੂ ਰੱਖਦੇ ਸਨ। ਸਮਕਾਲੀ ਸਮਾਜ ਦੀਆਂ ਨਜ਼ਰਾਂ ਵਿਚ ਦੁੱਧ ਤੋਂ ਮੁਨਾਫ਼ਾ ਕਮਾਉਣਾ ਘਿਨਾਉਣਾ ਮੰਨਿਆ ਜਾਂਦਾ ਸੀ, ਪਰ ਅੱਜ ਸਮਾਂ ਪੂਰੀ ਤਰ੍ਹਾਂ ਬਦਲ ਗਿਆ ਹੈ। ਹੁਣ, ਇਸ ਕਾਰੋਬਾਰ ਵਿਚ ਨਾ ਸਿਰਫ਼ ਭਾਰੀ ਮੁਨਾਫ਼ਾ ਸ਼ਾਮਲ ਹੈ, ਸਗੋਂ ਮਿਲਾਵਟ ਦਾ ਲਗਾਤਾਰ ਖ਼ਤਰਾ ਵੀ ਹੈ। ਇਹ ਰੁਝਾਨ ਆਪਣੇ ਸਿਖਰ 'ਤੇ ਪਹੁੰਚ ਜਾਂਦਾ ਹੈ, ਖਾਸ ਕਰਕੇ ਤਿਉਹਾਰਾਂ ਦੌਰਾਨ। ਇਸ ਮਿਲਾਵਟ ਦਾ ਲੋਕਾਂ ਦੀ ਸਿਹਤ 'ਤੇ ਕੀ ਪ੍ਰਭਾਵ ਪਵੇਗਾ? ਕਾਰੋਬਾਰੀਆਂ ਨੂੰ ਇਸ ਗੱਲ ਦੀ ਕੀ ਪਰਵਾਹ ਹੈ? ਉਨ੍ਹਾਂ ਦਾ ਇਕੋ-ਇਕ ਉਦੇਸ਼ ਦੌਲਤ ਇਕੱਠੀ ਕਰਨਾ ਹੈ; ਕੋਈ ਜੀਵੇ ਜਾਂ ਮਰੇ ਇਸ ਦੀ ਕੋਈ ਚਿੰਤਾ ਨਹੀਂ।

ਦੁੱਧ, ਜੋ ਕਿ ਇਕ ਸੰਪੂਰਨ ਖੁਰਾਕ ਵਜੋਂ ਵਰਤਿਆ ਜਾਂਦਾ ਹੈ, ਸਰੀਰ ਲਈ ਅੰਮ੍ਰਿਤ ਵਾਂਗ ਹੈ। ਮੰਨਿਆ ਜਾਂਦਾ ਹੈ ਕਿ ਇਹ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਨ ਦੇ ਸਮਰੱਥ ਹੈ। ਹਾਲਾਂਕਿ, ਜੇਕਰ ਦੁੱਧ ਦੇ ਨਾਂ 'ਤੇ ਸਰੀਰ ਵਿਚ ਮਿੱਠੇ ਪਦਾਰਥ ਮਿਲਾਏ ਜਾਂਦੇ ਹਨ, ਤਾਂ ਨਤੀਜਾ ਬਿਲਕੁਲ ਉਲਟ ਹੋਵੇਗਾ, ਹੈ ਨਾ? ਮਿਲਾਵਟ ਦੇ ਇਸ ਭੈੜੇ ਕਾਰੋਬਾਰ ਦੇ ਸਰੀਰ 'ਤੇ ਕਈ ਮਾੜੇ ਪ੍ਰਭਾਵ ਪੈਂਦੇ ਹਨ।

ਮਿਲਾਵਟ, ਜੋ ਸ਼ੁੱਧ ਚਿੱਟੇਪਨ ਨੂੰ ਜ਼ਹਿਰੀਲੇ ਤੱਤਾਂ ਨਾਲ ਦੂਸ਼ਿਤ ਕਰਦੀ ਹੈ, ਨਾ ਸਿਰਫ਼ ਸਮੁੱਚੇ ਸਮਾਜ ਦੀ ਸਿਹਤ ਨੂੰ ਖ਼ਤਰਾ ਬਣਾਉਂਦੀ ਹੈ, ਕਈ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ, ਸਗੋਂ ਮਨੁੱਖੀ ਕਦਰਾਂ-ਕੀਮਤਾਂ ਨੂੰ ਵੀ ਕਮਜ਼ੋਰ ਕਰਦੀ ਹੈ ਅਤੇ ਇਕ ਗੈਰ-ਸਿਹਤਮੰਦ ਸਮਾਜਿਕ ਅਤੇ ਨੈਤਿਕ ਵਾਤਾਵਰਣ ਪੈਦਾ ਕਰਦੀ ਹੈ। ਮਿਲਾਵਟ ਦੇ ਕਾਰੋਬਾਰ ਵਿਚ ਸ਼ਾਮਲ ਧੋਖੇਬਾਜ਼ ਲੋਕਾਂ 'ਤੇ ਸਖ਼ਤੀ ਕਰਨਾ ਬਹੁਤ ਜ਼ਰੂਰੀ ਹੈ। ਜਨਤਕ ਸਿਹਤ ਨਾਲ ਖਿਲਵਾੜ ਕਰਨਾ ਕੋਈ ਮਾਮੂਲੀ ਮੁੱਦਾ ਨਹੀਂ, ਇਸ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ।

ਵੱਖ-ਵੱਖ ਤਰੀਕਿਆਂ ਨਾਲ ਮਿਲਾਵਟ ਦਾ ਪਤਾ ਲਗਾਉਣ ਬਾਰੇ ਲੋੜੀਂਦੀ ਜਨਤਕ ਜਾਗਰੂਕਤਾ ਫੈਲਾਉਣਾ ਜ਼ਰੂਰੀ ਹੈ। ਪ੍ਰਸ਼ਾਸਨਿਕ ਪੱਧਰ 'ਤੇ ਜੰਗੀ ਪੱਧਰ ਦੀ ਜਾਂਚ ਦੇ ਨਾਲ-ਨਾਲ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਦੇਸ਼ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾ ਸਕਦੇ ਹਨ ਬਜ਼ੁਰਗ

ਕਈ ਦਹਾਕਿਆਂ ਤੋਂ ਭਾਰਤ ਆਪਣੇ ਨੌਜਵਾਨ ਲੋਕ-ਅਨੁਪਾਤ ਦਾ ਜਸ਼ਨ ਮਨਾਉਂਦਾ ਆ ਰਿਹਾ ਹੈ - ਇਕ ਅਜਿਹਾ ਦੇਸ਼ ਜਿਸ ਦੀ ਮੱਧ ਉਮਰ 30 ਸਾਲ ਤੋਂ ਘੱਟ ਹੈ, ਜੋ ਸੰਸਾਰ ਦੀ ਸਭ ਤੋਂ ਨੌਜਵਾਨ ਤੇ ਗਤੀਸ਼ੀਲ ਤਾਕਤ ਮੰਨੀ ਜਾਂਦੀ ਹੈ। ਪਰ ਇਸ ਜਾਣ-ਪਛਾਣ ਵਾਲੀ ਕਹਾਣੀ ਦੇ ਹੇਠਾਂ ਇਕ ਖਾਮੋਸ਼ ਤੇ ਅਟੱਲ ਬਦਲਾਅ ਛੁਪਿਆ ਹੈ: ਭਾਰਤ ਤੇਜ਼ੀ ਨਾਲ ਵੀ ਬੁੱਢਾ ਹੋ ਰਿਹਾ ਹੈ। ਸਾਲ 2022 ਵਿਚ ਦੇਸ਼ ਵਿਚ ਲਗਭਗ 14.9 ਕਰੋੜ ਨਾਗਰਿਕ 60 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਸਨ, ਜੋ ਕੁੱਲ ਅਬਾਦੀ ਦਾ 10.5 ਫ਼ੀਸਦੀ ਬਣਦੇ ਹਨ। ਸੰਯੁਕਤ ਰਾਸ਼ਟਰ ਆਬਾਦੀ ਫੰਡ ਦੀ ਹਾਲੀਆ ਰਿਪੋਰਟ ਅਨੁਸਾਰ ਸਾਲ 2036 ਤੱਕ 15 ਫ਼ੀਸਦੀ ਤੋਂ ਵੱਧ ਭਾਰਤੀ ਲਗਭਗ 23 ਕਰੋੜ ਲੋਕ ਬਜ਼ੁਰਗ ਹੋਣਗੇ। ਜਦੋਂ 2047 'ਚ ਦੇਸ਼ ਆਪਣੇ ਵਿਕਸਿਤ ਭਾਰਤ ਦੇ ਟੀਚੇ 'ਤੇ ਪਹੁੰਚੇਗਾ ਤਾਂ ਬਜ਼ੁਰਗਾਂ ਦੀ ਗਿਣਤੀ 34.7 ਕੋਰੜ ਹੋ ਜਾਵੇਗੀ ਤਾਂ ਸੰਸਾਰ ਦੇ ਹਰ 6 ਬਜ਼ੁਰਗਾਂ 'ਚੋਂ ਇਕ ਭਾਰਤੀ ਹੋਵੇਗਾ। ਭਾਰਤ ਦੀ ਆਪਣੀ ਦਿੱਖ 'ਨੌਜਵਾਨ ਦੇਸ਼' ਵਜੋਂ ਹੈ ਅਤੇ ਹੁਣ ਇਕ ਤੇਜ਼ੀ ਨਾਲ ਵਧ ਰਹੀ ਬੁਜ਼ੁਰਗ ਅਬਾਦੀ ਲਈ ਵੀ ਥਾਂ ਬਣਾਉਣੀ ਹੋਵੇਗੀ। ਹੁਣ ਸਵਾਲ ਇਹ ਨਹੀਂ ਕਿ ਭਾਰਤ ਬੁੱਢਾ ਹੋਵੇਗਾ ਜਾਂ ਨਹੀਂ- ਸਵਾਲ ਇਹ ਹੈ ਕਿ ਭਾਰਤ ਇਸ ਬਦਲਾਅ ਨਾਲ ਕਿਵੇਂ ਨਜਿੱਠੇਗਾ? ਜੇ ਇਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਇਹ ਵਿੱਤੀ ਤੇ ਸਮਾਜਕ ਪ੍ਰਣਾਲੀਆਂ 'ਤੇ ਦਬਾਅ ਪਾਵੇਗਾ, ਜੇ ਇਸ ਨੂੰ ਠੀਕ ਢੰਗ ਨਾਲ ਸੰਭਾਲਿਆ ਗਿਆ ਤਾਂ ਇਹ ਉੱਭਰ ਰਹੀ ਬਜ਼ੁਰਗਾਂ ਦੀ ਧਿਰ ਇਕ ਨਵੀਂ ਵਿਕਾਸ ਸ਼ਕਤੀ ਬਣ ਸਕਦੀ ਹੈ। (ਨੋਟ-ਇਸ ਲੇਖ ਵਿਚ ਚਾਂਦੀ ਦੀ ਅਰਥ ਵਿਵਸਥਾ ਬਜ਼ੁਰਗ ਕਿਰਤ ਸ਼ਕਤੀ ਲਈ ਵਰਤਿਆ ਗਿਆ ਹੈ)

**ਨਿਰਭਰਤਾ ਤੋਂ ਵਿਕਾਸ ਤੱਕ** : ਸੰਸਾਰ ਭਰ 'ਚ ਬੁਢਾਪੇ ਨੂੰ ਅਕਸਰ ਨਿਰਭਰਤਾ, ਘਟਦੀ ਕਾਰਗੁਜ਼ਾਰੀ ਸ਼ਕਤੀ ਤੇ ਵਧ ਰਹੀਆਂ ਪੈਨਸ਼ਨ ਜ਼ਿੰਮੇਵਾਰੀਆਂ ਦੇ ਚਸ਼ਮੇ ਨਾਲ ਵੇਖਿਆ ਜਾਂਦਾ ਹੈ। ਜਾਪਾਨ, ਇਟਲੀ ਤੇ ਜਰਮਨੀ ਵਰਗੇ ਦੇਸ਼ ਦਿਖਾਉਂਦੇ ਹਨ ਕਿ ਜਦੋਂ ਬੁਢਾਪੇ ਨੂੰ ਪ੍ਰਬੰਧਿਤ ਨਹੀਂ ਕੀਤਾ ਜਾਂਦਾ ਤਾਂ ਉਹ ਵਿਕਾਸ ਦੀ ਗਤੀ ਘਟਾ ਦਿੰਦਾ ਹੈ ਅਤੇ ਸਮਾਜਕ ਸੁਰੱਖਿਆ ਪ੍ਰਣਾਲੀ 'ਤੇ ਬੋਝ ਪਾ ਦਿੰਦਾ ਹੈ। ਪਰ ਇਕ ਹੋਰ ਪਾਸਾ ਵੀ ਹੈ। ਵਿਸ਼ਵ ਪੱਧਰ 'ਤੇ 'ਚਾਂਦੀ ਦੀ ਅਰਥਵਿਵਸਥਾ' ਜੋ ਪਹਿਲਾਂ ਹੀ ਖਰਚ, ਨੌਕਰੀਆਂ ਤੇ ਨਵੀਨਤਾ ਦੇ ਖੇਤਰ ਵਿਚ ਖਰਬਾਂ ਡਾਲਰ ਦਾ ਯੋਗਦਾਨ ਦੇ ਰਹੀ ਹੈ। ਬਜ਼ੁਰਗ ਪਰਿਵਾਰ 'ਤੇ ਨਿਰਭਰ ਨਹੀਂ ਰਹੇ- ਉਹ ਆਪਣੀਆਂ ਲੋੜਾਂ ਅਨੁਸਾਰ ਬਣੇ ਸਾਮਾਨ ਤੇ ਸੇਵਾਵਾਂ ਜਿਵੇਂ-ਸਿਹਤ ਸੰਭਾਲ, ਬੀਮਾ, ਸਹਾਇਕ ਨਿਵਾਸ, ਵਿੱਤੀ ਉਤਪਾਦ, ਰਹਿਣ-ਸਹਿਣ, ਮਨੋਰੰਜਨ ਤੇ ਡਿਜੀਟਲ ਸੇਵਾਵਾਂ ਲਈ ਨਵੇਂ ਤਾਕਤਵਰ ਖਪਤਕਾਰ ਬਣ ਰਹੇ ਹਨ। ਭਾਰਤ ਲਈ ਇਹ ਕਹਾਣੀ ਹੁਣੇ ਹੀ ਸ਼ੁਰੂ ਹੋਈ ਹੈ। ਰਿਪੋਰਟਾਂ ਅਨੁਸਾਰ ਸਾਲ 2030 ਤੱਕ ਭਾਰਤ ਦਾ ਸੀਨੀਅਰ ਨਿਵਾਸ ਤੇ ਦੇਖਭਾਲ ਬਾਜ਼ਾਰ 3-4 ਚਾਰ ਗੁਣਾ ਵਧ ਸਕਦਾ ਹੈ, ਜਿਸ ਦਾ ਸੰਭਾਵੀ ਆਕਾਰ ਅਗਲੇ ਦਹਾਕੇ 'ਚ 30 ਤੋਂ 50 ਅਰਬ ਡਾਲਰ ਹੋਵੇਗਾ। ਅਸਲ ਤਾਕਤ ਉਹ ਹੋਵੇਗੀ, ਜੋ ਬੁਜ਼ੁਰਗ ਭਾਰਤੀਆਂ ਨੂੰ ਸਰਗਰਮ ਖਪਤਕਾਰ ਤੇ ਉਦਯੋਗਿਕ ਵਰਗ ਵਿਚ ਬਦਲੇਗੀ। ਭਵਿੱਖ ਦੇ ਵਿਕਸਿਤ ਭਾਰਤ ਦੇ ਬਜ਼ੁਰਗ ਹੋਰ ਸਿਹਤਮੰਦ, ਵਧੇਰੇ ਪੜ੍ਹੇ-ਲਿਖੇ ਤੇ ਡਿਜੀਟਲ ਤੌਰ 'ਤੇ ਸਮਰੱਥ ਹੋਣਗੇ। ਉਹ ਆਪਣੇ ਤਜਰਬੇ, ਬੱਚਤਾਂ ਤੇ ਸਮਾਜਿਕ ਸੰਬੰਧਾਂ ਦਾ ਖ਼ਜ਼ਾਨਾ ਲੈ ਕੇ ਆਉਣਗੇ। ਜੇ ਇਸ ਨੂੰ ਨੀਤੀ ਸੁਧਾਰਾਂ ਨਾਲ ਮਿਲਾ ਕੇ ਵਰਤਿਆ ਗਿਆ ਤਾਂ ਬੁਜ਼ੁਰਗ ਆਬਾਦੀ ਦਾ ਇਹ ਅਨੁਭਵ, ਗਿਆਨ ਤੇ ਹੁਨਰ ਭਾਰਤੀ ਅਰਥਵਿਵਸਥਾ ਲਈ ਵਿਕਾਸ ਦਾ ਇੰਜਣ ਬਣ ਸਕਦਾ ਹੈ। ਰੁਜ਼ਗਾਰ ਇਸ ਬਦਲਾਅ ਦਾ ਕੇਂਦਰ ਹੈ। ਜੇ 60-69 ਉਮਰ ਸਮੂਹ ਦੇ ਲੋਕਾਂ ਦੀ ਕਾਰਜਸ਼ੀਲ ਉਮਰ ਨੂੰ 5 ਸਾਲ ਵੀ ਵਧਾ ਦਿੱਤਾ ਜਾਵੇ ਤਾਂ ਇਹ ਘਟ ਰਹੀ ਮਜ਼ਦੂਰੀ ਦਰ ਨੂੰ ਸੰਭਾਲ ਸਕਦੇ ਹਨ। ਲਚਕਦਾਰ ਰੁਜ਼ਗਾਰ ਮਾਡਲ- ਅਧੇਰੀ ਡਿਊਟੀ, ਪੜਾਅਵਾਰ ਸੇਵਾਮੁਕਤੀ ਜਾਂ ਪ੍ਰੋਜੈਕਟ ਆਧਾਰਿਤ ਭੂਮਿਕਾਵਾਂ ਬਜ਼ੁਰਗਾਂ ਨੂੰ ਉਤਪਾਦਕ ਰਹਿਣ ਦੀ ਇਜਾਜ਼ਤ ਦੇਣਗੇ ਅਤੇ ਉਹ ਨੌਜਵਾਨਾਂ ਨੂੰ ਮਾਰਗਦਰਸ਼ਨ ਦੇ ਸਕਣਗੇ। ਨੌਜਵਾਨਾਂ ਦੀ ਜਗ੍ਹਾ ਲੈਣ ਦੀ ਬਜਾਏ ਬੁਜ਼ੁਰਗ ਕਰਮਚਾਰੀ ਉਨ੍ਹਾਂ ਖੇਤਰਾਂ 'ਚ ਨੌਜਵਾਨਾਂ ਦੀ ਪੂਰਤੀ ਕਰ ਸਕਦੇ ਹਨ, ਜਿੱਥੇ ਨਿਰਣਾ, ਨੈਤਿਕਤਾ,



ਸੰਸਥਾਗਤ ਗਿਆਨ ਤੇ ਲੋਕ ਪ੍ਰਬੰਧਨ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ 'ਚਾਂਦੀ ਉਦਮਤਾ' ਇਕ ਹੋਰ ਮੌਕਾ ਹੈ- ਜਿੱਥੇ ਤਜਰਬੇਕਾਰ ਬੁਜ਼ੁਰਗ ਕਲਾ, ਸੇਵਾਵਾਂ ਜਾਂ ਤਕਨਾਲੋਜੀ ਨਾਲ ਸੰਬੰਧਿਤ ਖੇਤਰਾਂ ਵਿਚ ਨਵੇਂ ਉਦਯੋਗ ਸ਼ੁਰੂ ਕਰ ਸਕਦੇ ਹਨ। ਪਰ ਉਤਪਾਦਕਤਾ ਸਿਹਤ ਤੋਂ ਬਿਨਾ ਸੰਭਵ ਨਹੀਂ। ਲੰਬੀ ਉਮਰ ਤਦ ਹੀ ਅਸਲ ਪੂੰਜੀ ਹੈ ਜਦੋਂ ਸਿਹਤਮੰਦ ਜੀਵਨ ਸਾਲਾਂ ਤਕ ਹੋਵੇ। ਇਸ ਵੇਲੇ ਭਾਰਤ ਆਪਣੀ ਘਰੇਲੂ ਉਤਪਾਦ ਦਾ ਸਿਰਫ਼ 2 ਫ਼ੀਸਦੀ ਸਿਹਤ 'ਤੇ ਖਰਚ ਕਰਦਾ ਹੈ- ਜੋ ਕਿ ਲੰਬੀਆਂ ਬਿਮਾਰੀਆਂ, ਬੁਜ਼ੁਰਗ ਸੰਭਾਲ ਤੇ ਰੋਕਥਾਮੀ ਸਿਹਤ

**ਡਾ. ਅੰਮ੍ਰਿਤ ਸਾਗਰ ਮਿੱਤਲ**

ਪ੍ਰਣਾਲੀ ਨੂੰ ਸੰਭਾਲਣ ਲਈ ਕਾਫੀ ਨਹੀਂ। ਸਿਰਫ਼ ਕੁਝ ਕੁ ਬਜ਼ੁਰਗਾਂ ਨੂੰ ਪੈਨਸ਼ਨ ਮਿਲਦੀ ਹੈ, ਜਦਕਿ 70 ਫ਼ੀਸਦੀ ਬਜ਼ੁਰਗ ਆਰਥਿਕ ਪੱਖੋਂ ਦੂਜਿਆਂ 'ਤੇ ਨਿਰਭਰ ਹੋਣ ਕਾਰਨ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਨੂੰ ਕਰਜ਼ੇ ਵਿਚ ਧੱਕ ਦਿੰਦੇ ਹਨ। ਮੈਕਿਨਸੀ ਹੈਲਥ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਚਾਂਦੀ ਦੀ ਅਰਥਵਿਵਸਥਾ ਵਿਚ ਲਾਇਆ ਹਰ ਇਕ ਰੁਪਿਆ ਤਿੰਨ ਗੁਣਾ ਵਾਪਸ ਆਰਥਿਕ ਫਾਇਦਾ ਦਿੰਦਾ ਹੈ। ਇਸ ਲਈ ਸਿਹਤ ਸੇਵਾਵਾਂ, ਭਾਈਚਾਰਕ ਤੰਦਰੁਸਤੀ ਢਾਂਚੇ, ਪੋਸ਼ਣ ਕਾਰਜਕਰਮ ਤੇ ਸਸਤੇ ਡਿਜੀਟਲ ਸਿਹਤ ਸਿਸਟਮਾਂ ਨੂੰ ਵਧਾਉਣਾ ਦਾਨ ਨਹੀਂ, ਸਗੋਂ ਮਜ਼ਬੂਤ ਅਰਥ ਨੀਤੀ ਹੈ।

**ਲੰਬੀ ਉਮਰ ਲਈ ਪ੍ਰਣਾਲੀ ਬਣਾਉਣਾ** : ਚਾਂਦੀ ਦੀ ਅਰਥਵਿਵਸਥਾ ਸਿਰਫ਼ ਸਿਹਤ ਨਾਲ ਨਹੀਂ ਬਣ ਸਕਦੀ; ਇਸ ਲਈ ਸਿੱਖਿਆ, ਮਜ਼ਦੂਰੀ, ਸ਼ਹਿਰੀ ਡਿਜ਼ਾਇਨ ਤੇ ਵਿੱਤੀ ਨਵੀਕਰਨ ਦਾ ਸਹਿਯੋਗੀ ਢਾਂਚਾ ਚਾਹੀਦਾ ਹੈ। ਜੀਵਨ ਭਰ ਸਿੱਖਣਾ ਬਹੁਤ ਜ਼ਰੂਰੀ ਹੈ। ਦੱਖਣੀ ਕੋਰੀਆ ਵਰਗੇ ਦੇਸ਼ਾਂ ਨੇ 'ਸੀਨੀਅਰ ਕਾਲਜ' ਬਣਾਏ ਹਨ, ਜਿੱਥੇ ਸੇਵਾਮੁਕਤ ਲੋਕ ਨਵੀਆਂ ਕੁਸ਼ਲਤਾਵਾਂ ਸਿੱਖ ਕੇ ਨਵਾਂ ਕਾਰੋਬਾਰ ਸ਼ੁਰੂ ਕਰਦੇ ਹਨ ਜਾਂ ਸਮਾਜਕ ਸੰਗਠਨਾਂ ਨਾਲ ਜੁੜਦੇ ਹਨ। ਭਾਰਤ ਵਿਚ ਕਮਿਊਨਿਟੀ ਕੇਂਦਰ ਤੇ ਸਿੱਖਿਆ-ਤਕਨੀਕੀ ਪਲੇਟਫਾਰਮ ਵੱਡੀ ਉਮਰ ਵਾਲਿਆਂ ਨੂੰ ਘੱਟ ਖਰਚ ਵਾਲੀ ਦੁਬਾਰਾ ਸਿੱਖਿਆ ਦੇ ਸਕਦੇ ਹਨ ਤਾਂ ਜੋ ਉਹ 'ਦੂਜਾ ਤੇ ਤੀਜਾ ਕੈਰੀਅਰ' ਸ਼ੁਰੂ ਕਰ ਸਕਣ। ਪਰ ਇਸ ਲਈ ਸੋਚ 'ਚ ਬਦਲਾਅ ਲੋੜੀਂਦਾ ਹੈ- ਸਿੱਖਿਆ ਸਿਰਫ਼ ਜਵਾਨੀ ਨਾਲ ਖ਼ਤਮ ਨਹੀਂ ਹੋਣੀ ਚਾਹੀਦੀ, ਸਗੋਂ ਪੂਰੇ ਜੀਵਨ ਚੱਕਰ ਦੇਸ ਨਾਲ ਚੱਲਣੀ ਚਾਹੀਦੀ ਹੈ। ਇਸ ਲਈ ਭਾਰਤ ਦੇ ਸ਼ਹਿਰਾਂ ਨੂੰ ਉਮਰ-ਦੋਸਤ ਬਣਨਾ ਪਵੇਗਾ- ਜੇਕਰ ਸੁਰੱਖਿਅਤ ਆਵਾਜਾਈ, ਮਿਲੀ-ਜੁਲੀ ਰਿਹਾਇਸ਼, ਰੁਕਾਵਟ-ਰਹਿਤ ਜਨਤਕ ਥਾਵਾਂ ਤੇ ਅਜਿਹੀਆਂ ਡਿਜੀਟਲ ਸੇਵਾਵਾਂ ਹੋਣ ਤਾਂ ਉਥੇ ਬਜ਼ੁਰਗ ਆਸਾਨੀ ਨਾਲ ਕੰਮ ਕਰ ਸਕਣਗੇ। ਵਿਸ਼ਵ ਬੈਂਕ ਅਨੁਸਾਰ ਜੋ ਬੁਨਿਆਦੀ ਢਾਂਚਾ ਸਭ ਤੋਂ ਨਿਰਬਲਾਂ ਲਈ ਬਣਾਇਆ ਜਾਂਦਾ ਹੈ, ਉਹ ਸਭ ਲਈ ਫਾਇਦੇਮੰਦ ਹੁੰਦਾ ਹੈ- ਇਕ ਰੈਂਪ ਜਾਂ ਚੌੜੀ ਪੈਦਲ ਪਗਡੰਡੀ ਸਿਰਫ਼ ਬਜ਼ੁਰਗਾਂ ਲਈ ਹੀ ਨਹੀਂ, ਸਗੋਂ ਬੱਚਿਆਂ, ਔਰਤਾਂ ਤੇ ਅਪਾਹਜਾਂ ਲਈ ਵੀ ਮਦਦਗਾਰ ਹੁੰਦੀ ਹੈ। ਇਸ ਲਈ 'ਸਮਾਰਟ ਸਿਟੀ' ਤੇ 'ਅਮਰੁਤ' ਮਿਸ਼ਨਾਂ ਵਿਚ ਉਮਰ-ਦੋਸਤ ਮਿਆਰ ਜੋੜਨਾ ਖ਼ਰਚ ਨਹੀਂ, ਸਗੋਂ ਆਰਥਿਕ ਪੱਖ ਤੋਂ ਲਾਹੇਵੰਦ ਹੈ। ਵਿੱਤ ਖੇਤਰ ਵਿਚ ਵੀ ਨਵੀਂ ਸੋਚ ਲੋੜੀਂਦੀ ਹੈ। ਪੈਨਸ਼ਨ ਨਾਲ ਜੁੜੇ ਛੋਟੇ ਕਰਜ਼ੇ, ਚਾਂਦੀ ਅਰਥਵਿਵਸਥਾ ਨਿਵੇਸ਼ ਫੰਡ ਤੇ ਉਮਰ-ਦੋਸਤ ਢਾਂਚੇ ਲਈ ਸਮਾਜਿਕ ਬਾਂਡਾਂ ਰਾਹੀਂ ਸਰੋਤ ਇਕੱਠੇ ਕੀਤੇ ਜਾ ਸਕਦੇ ਹਨ। ਇਕ 'ਰਾਸ਼ਟਰੀ ਚਾਂਦੀ ਅਰਥਵਿਵਸਥਾ ਪ੍ਰੀਸ਼ਦ' ਵੱਖ-ਵੱਖ ਮੰਤਰਾਲਿਆਂ ਅਤੇ ਰਾਜਾਂ ਵਿਚ ਨੀਤੀਆਂ ਦਾ ਸਹਿ-ਸੰਯੋਜਨ ਕਰ ਸਕਦੀ ਹੈ, ਜਦਕਿ 'ਚਾਂਦੀ ਨਵੀਨਤਾ ਫੰਡ' ਸਹਾਇਕ ਤਕਨਾਲੋਜੀ, ਸਿਹਤ ਸੇਵਾ ਤੇ ਬੁਜ਼ੁਰਗ ਸੇਵਾਵਾਂ ਨਾਲ ਜੁੜੀਆਂ ਨਵੀਆਂ ਕੰਪਨੀਆਂ ਨੂੰ ਉਤਸ਼ਾਹਿਤ ਕਰ ਸਕਦਾ ਹੈ। ਵਿਸ਼ਵ ਪੱਧਰ 'ਤੇ ਵੀ ਭਾਰਤ ਦਾ ਬੁਢਾਪਾ ਤਾਕਤ ਬਣ ਸਕਦਾ ਹੈ। ਜਦੋਂ ਪੂਰਬੀ ਏਸ਼ੀਆ ਤੇ ਯੂਰਪ ਘਟਦੀ ਕਾਰਗੁਜ਼ਾਰੀ ਦਾ ਸਾਹਮਣਾ ਕਰ ਰਹੇ ਹਨ, ਤਾਂ ਭਾਰਤ ਦੇ ਡਿਜੀਟਲ ਕੁਸ਼ਲ ਬਜ਼ੁਰਗ ਵਿਦੇਸ਼ਾਂ ਵਿਚ ਸਲਾਹਕਾਰ, ਗਿਆਨ ਸੇਵਾ ਤੇ ਮਾਰਗਦਰਸ਼ਕ ਵਜੋਂ ਯੋਗਦਾਨ ਪਾ ਸਕਦੇ ਹਨ- ਬਿਲਕੁਲ ਉਸੇ ਤਰ੍ਹਾਂ ਜਿਵੇਂ ਭਾਰਤ ਦੇ ਨੌਜਵਾਨਾਂ ਨੇ ਆਈ.ਟੀ ਖੇਤਰ ਨੂੰ ਵਿਸ਼ਵ ਪੱਧਰ 'ਤੇ ਮਜ਼ਬੂਤ ਕੀਤਾ ਹੈ।

**ਅਗਲਾ ਰਾਹ** : ਇਹ 'ਚਾਂਦੀ ਦੀ ਅਰਥਵਿਵਸਥਾ' ਭਾਰਤ ਲਈ ਬੁਢੇਪੇ ਨੂੰ ਫਾਇਦੇ 'ਚ ਬਦਲਣ ਦਾ ਇਸ ਸਦੀ ਵਿਚ ਇਕ ਮੌਕਾ ਹੈ। ਜਦੋਂ 2047 ਤੱਕ ਭਾਰਤ 'ਚ 34.7 ਕਰੋੜ ਤੋਂ ਵੱਧ ਬਜ਼ੁਰਗ ਨਾਗਰਿਕ ਹੋਣਗੇ ਤਾਂ ਚੋਣ ਕਰਨੀ ਪਵੇਗੀ ਕਿ ਉਨ੍ਹਾਂ ਨੂੰ ਬੋਝ ਮੰਨਣਾ ਹੈ ਜਾਂ ਵਿਕਾਸ ਦਾ ਇੰਜਣ ਬਣਾਉਣਾ ਹੈ। ਜੇ ਭਾਰਤ ਹੁਣ ਰੋਕਥਾਮੀ ਸਿਹਤ ਸੇਵਾਵਾਂ, ਡਿਜੀਟਲ ਔਸ਼ਧੀ ਤੇ ਟੈਲੀ-ਮੈਡੀਸਿਨ 'ਚ ਨਿਵੇਸ਼ ਕਰੇ ਤਾਂ ਪੇਂਡੂ ਖੇਤਰਾਂ 'ਚ ਬਜ਼ੁਰਗਾਂ ਲਈ ਸਸਤੀ ਤੇ ਆਸਾਨ ਸਿਹਤ ਸੇਵਾ ਉਪਲੱਬਧ ਹੋ ਸਕਦੀ ਹੈ। ਜੀਵਨ ਭਰ ਸਿੱਖਣ, ਲਚਕਦਾਰ ਕੰਮ ਪ੍ਰਣਾਲੀਆਂ ਤੇ ਉਮਰ-ਦੋਸਤ ਢਾਂਚਿਆਂ ਨਾਲ, ਚਾਂਦੀ ਦੀ ਅਰਥਵਿਵਸਥਾ ਡਿਜੀਟਲ ਤੇ ਹਰੀ ਅਰਥਵਿਵਸਥਾ ਦੇ ਨਾਲ ਦਾ ਥੰਮ੍ਹ ਬਣ ਸਕਦੀ ਹੈ। ਬੁਢਾਪਾ ਸਿਰਫ਼ ਜਨਸੰਖਿਆਕੀ ਬਦਲਾਅ ਨਹੀਂ- ਨੀਤੀਗਤ ਪ੍ਰਪੱਕਤਾ ਦੀ ਕਸੌਟੀ ਹੈ। ਇਹ ਭਾਰਤ 'ਤੇ ਨਿਰਭਰ ਹੈ ਕਿ ਉਹ ਬਜ਼ੁਰਗਾਂ ਨੂੰ ਯੋਗਦਾਨ ਦੇ ਮਾਧਿਅਮ ਵਜੋਂ ਜਾਂ ਪਾਸੇ ਹਟਾਈ ਜਾਣ ਵਾਲੀ ਧਿਰ ਵਜੋਂ ਵੇਖਦਾ ਹੈ, ਇਹੀ ਤੈਅ ਕਰੇਗਾ ਕਿ ਉਹ ਇਸ 'ਚਾਂਦੀ ਦਾ ਲਾਭ ਲੈਂਦਾ ਹੈ ਜਾਂ ਚਾਂਦੀ ਦਾ ਬੋਝ' ਉਠਾਉਂਦਾ ਹੈ। ਭਵਿੱਖ 'ਚ ਬਜ਼ੁਰਗਾਂ ਦੀ ਮੌਜੂਦਗੀ ਨਿਸ਼ਚਤ ਹੈ - ਸਵਾਲ ਸਿਰਫ਼ ਇੰਨਾ ਹੈ ਕਿ ਉਹ ਦੂਜਿਆਂ 'ਤੇ ਨਿਰਭਰ ਰਹਿਣ ਜਾਂ ਸਰਗਰਮ ਯੋਗਦਾਨਕਾਰੀ ਬਣਦੇ ਹਨ- ਪਰ ਇਸ ਦਾ ਜਵਾਬ ਇਸ ਗੱਲ 'ਤੇ ਵੀ ਨਿਰਭਰ ਕਰੇਗਾ ਕਿ ਭਾਰਤ ਉਨ੍ਹਾਂ ਨੂੰ ਅੱਜ ਕੀ ਬਣਾਉਂਦਾ ਹੈ।

# ਅਫਗਾਨਿਸਤਾਨ ਨੂੰ ਕਿਉਂ ਹਰਾ ਨਹੀਂ ਸਕਦਾ ਪਾਕਿਸਤਾਨ ?



ਬੀਤੇ ਦਿਨੀਂ ਭਾਰਤੀ ਉਪ ਮਹਾਦੀਪ ’ਚ ਬੇਹੱਦ ਦਿਲਚਸਪ ਘਟਨਾਚੱਕਰ ਸਾਹਮਣੇ ਆਇਆ ਜਦੋਂ ਤਾਲਿਬਾਨ ਸ਼ਾਸਿਤ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀ ਮੌਲਵੀ ਆਮਿਰ ਖਾਨ ਮੁੱਤਾਕੀ ਭਾਰਤ ਦੇ ਮਹੱਤਵਪੂਰਨ ਦੌਰੇ ’ਤੇ ਰਹੇ, ਉਦੋਂ ਪਾਕਿਸਤਾਨ-ਅਫਗਾਨਿਸਤਾਨ ਦੀ ਡੂਰੰਡ ਸਰਹੱਦ ’ਤੇ ਤਾਲਿਬਾਨ ਲੜਾਕੇ ਅਤੇ ਪਾਕਿਸਤਾਨੀ ਫੌਜ ਇਕ-ਦੂਜੇ ’ਤੇ ਗੋਲਾ-ਬਾਰੂਦ ਵਰ੍ਹਾ ਰਹੇ ਸਨ। ਇਹ ਤਣਾਅ 11 ਅਕਤੂਬਰ ਦੀ ਰਾਤ ਉਦੋਂ ਵਧ ਗਿਆ ਜਦੋਂ ਪਾਕਿਸਤਾਨੀ ਹਵਾਈ ਹਮਲੇ ਦੇ ਜਵਾਬ ’ਚ ਅਫਗਾਨ ਬਲਾਂ ਨੇ ਸਰਹੱਦ ਪਾਰ ਕਰ ਕੇ ਕਈ ਫੌਜੀ ਚੌਕੀਆਂ ’ਤੇ ਕਬਜ਼ਾ ਕਰ ਲਿਆ।

ਦੋਵਾਂ ਪਾਸਿਆਂ ਤੋਂ ਕਈ ਸੁਰੱਖਿਆ ਕਰਮਚਾਰੀ ਮਾਰੇ ਗਏ ਹਨ। ਇਹ ਸੁਣ ਕੇ ਅਜੀਬ ਲੱਗਦਾ ਹੈ ਕਿ ਪਾਕਿਸਤਾਨ ਜੋ ਕਿ ਵਿਸ਼ਵਵਿਆਪੀ ਅੱਤਵਾਦ ਦਾ ਗੜ੍ਹ ਮੰਨਿਆ ਜਾਂਦਾ ਹੈ, ਤਾਲਿਬਾਨ, ਜੋ ਕਿ ਇਸਲਾਮ ਦਾ ਇਕ ਕੱਟੜਪੰਥੀ ਰੂਪ ਹੈ, ’ਤੇ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾ ਰਿਹਾ ਹੈ ਜੋ ਸਰਹੱਦ ਪਾਰ ਕਰਕੇ ਉਸ ’ਤੇ ਹਮਲੇ ਕਰਦੇ ਹਨ। ਕੀ ਇਹ ਸੱਚ ਨਹੀਂ ਹੈ ਕਿ ਭਾਰਤ ਦਹਾਕਿਆਂ ਤੋਂ ਪਾਕਿਸਤਾਨ ਤੋਂ ਇਸੇ ਤਰ੍ਹਾਂ ਦੇ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ ? ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਤਣਾਅ ਦਾ ਅਸਲ ਕਾਰਨ ਕੀ ਹੈ ? ਭਾਰਤ ਤਾਲਿਬਾਨ ਦੇ ਨੇੜੇ ਕਿਉਂ ਵਧ ਰਿਹਾ ਹੈ ?

ਇਕ ਇਸਲਾਮੀ ਦੇਸ਼ ਹੋਣ ਦੇ ਨਾਤੇ ਅਤੇ ਇਸਦੇ ਅੰਦਰ ਇਕ ਸੁੰਨੀ ਸੰਪਰਦਾ ਪ੍ਰਮੁੱਖ ਹੋਣ ਦੇ ਨਾਲ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਾਲੇ ਸੁਹਿਰਦ ਭਾਈਚਾਰਾ ਅਤੇ ਚੰਗੇ ਗੁਆਂਢੀ ਸਬੰਧ ਹੋਣਾ ਸੁਭਾਵਿਕ ਸੀ। ਜਦੋਂ ਅਮਰੀਕਾ ਨੇ ਅਗਸਤ 2021 ਵਿਚ ਦੋ ਦਹਾਕਿਆਂ ਦੇ ਕਬਜ਼ੇ ਤੋਂ ਬਾਅਦ ਇਕ ਸਮਝੌਤੇ ਦੇ ਤਹਿਤ ਤਾਲਿਬਾਨ ਨੂੰ ਸੱਤਾ ਵਾਪਸ ਕੀਤੀ ਤਾਂ ਪਾਕਿਸਤਾਨ ਦਾ ਮੰਨਣਾ ਸੀ ਕਿ ਇਹ ਉਸਦੀ ਭਾਰਤ ਵਿਰੋਧੀ ਰਣਨੀਤੀ ਨੂੰ ਤੇਜ਼ ਕਰੇਗਾ ਪਰ ਇਹ ਹਸੀਨ ਸੁਪਨਾ ਜ਼ਿਆਦਾ ਦੇਰ ਤੱਕ ਨਹੀਂ ਚੱਲਿਆ। ਅਫਗਾਨਿਸਤਾਨ ਅਜੇ ਵੀ 1893 ਵਿਚ ਬ੍ਰਿਟਿਸ਼ ਸ਼ਾਸਨ ਦੌਰਾਨ ਖਿੱਚੀ ਗਈ ਡੂਰੰਡ ਲਾਈਨ ਨੂੰ ਮਾਨਤਾ ਨਹੀਂ ਦਿੰਦਾ, ਜੋ ਕਿ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਦਾ ਇਕ ਵੱਡਾ ਕਾਰਨ ਹੈ ਪਰ ਮੌਜੂਦਾ ਟਕਰਾਅ ਮੁੱਤਾਕੀ ਦੀ ਹਾਲੀਆ ਭਾਰਤ ਫੇਰੀ ਅਤੇ ਸਾਂਝੇ ਬਿਆਨ ਤੋਂ ਪੈਦਾ ਹੁੰਦਾ ਹੈ।

ਦੋਵਾਂ ਦੇਸ਼ਾਂ ਵਿਚਕਾਰ ਦੁਵੱਲੀ ਗੱਲਬਾਤ ਤੋਂ ਬਾਅਦ ਭਾਰਤ ਅਤੇ ਅਫਗਾਨਿਸਤਾਨ ਨੇ 10 ਅਕਤੂਬਰ ਨੂੰ ਇਕ ਸਾਂਝਾ ਬਿਆਨ ਜਾਰੀ ਕੀਤਾ। ਇਸਨੇ 22 ਅਪ੍ਰੈਲ ਨੂੰ ਪਹਿਲਗਾਮ ਵਿਚ ਪਾਕਿਸਤਾਨ ਦੁਆਰਾ ਸਪਾਂਸਰ ਕੀਤੇ ਗਏ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ, ਜਿਸ ਵਿਚ ਜੰਮੂ ਅਤੇ ਕਸ਼ਮੀਰ ਨੂੰ ਭਾਰਤ ਦਾ ਅਨਿੱਖੜਵਾਂ ਅਤੇ ਪ੍ਰਭੂਸੱਤਾ ਵਾਲਾ ਹਿੱਸਾ ਦੱਸਿਆ। ਮੁੱਤਾਕੀ ਨੇ ਭਾਰਤ ਨੂੰ ਭਰੋਸਾ ਦਿਵਾਇਆ ਕਿ ਅਫਗਾਨਿਸਤਾਨ ‘ਅੱਤਵਾਦ ਦਾ ਸਖ਼ਤ ਵਿਰੋਧੀ’ ਹੈ ਅਤੇ ਕਿਸੇ ਨੂੰ ਵੀ ਅੱਤਵਾਦ ਫੈਲਾਉਣ ਲਈ ਅਫਗਾਨਿਸਤਾਨ ਦੀ ਧਰਤੀ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ। ਉੱਥੇ ਹੀ ਭਾਰਤ ਨੇ ਕਾਬੁਲ ਵਿਚ ਭਾਰਤੀ ਦੂਤਾਵਾਸ ਖੋਲ੍ਹਣ ਦਾ ਐਲਾਨ ਕੀਤਾ ਹੈ। ਦੋਵਾਂ ਧਿਰਾਂ ਨੇ ਇਕ-ਦੂਜੇ ਦੀ ਖੇਤਰੀ ਅਖੰਡਤਾ ਲਈ ਸਤਿਕਾਰ ’ਤੇ ਵੀ ਜ਼ੋਰ ਦਿੱਤਾ। ਇਹ ਸਭ ਪਾਕਿਸਤਾਨ ਨੂੰ ਚੁੱਭਣਾ ਸੁਭਾਵਿਕ ਹੀ ਸੀ ਅਤੇ ਸ਼ਾਇਦ ਇਸੇ ਕਾਰਨ ਉਸ ਨੇ ਬੌਖਲਾ ਕੇ ਅਫਗਾਨਿਸਤਾਨ ’ਤੇ ਹਵਾਈ ਹਮਲਾ ਕਰ ਦਿੱਤਾ।

ਦਰਅਸਲ, ਸੰਕਟ ਪਾਕਿਸਤਾਨ ਦੇ ਡੀ. ਐੱਨ. ਏ. ਵਿਚ ਸ਼ਾਮਲ ਹੈ। ਆਪਣੇ ਪਿਛਲੇ ਲੇਖਾਂ ਵਿਚ ਮੈਂ ਸਪੱਸ਼ਟ ਕੀਤਾ ਸੀ ਕਿ ਪਾਕਿਸਤਾਨ ਨਾ ਤਾਂ ਸੱਚਮੁੱਚ ਇਕ ਇਸਲਾਮੀ ਦੇਸ਼ ਹੈ ਅਤੇ ਨਾ ਹੀ ਉਸ ਦਾ ਭਾਰਤੀ ਉਪ ਮਹਾਦੀਪ ਦੇ ਮੁਸਲਮਾਨਾਂ ਨਾਲ ਕੋਈ ਸਰੋਕਾਰ। ਪੱਛਮੀ ਸ਼ਕਤੀਆਂ ਨੇ ਉਸ ਨੂੰ ਆਪਣੀਆਂ ਰਾਜਨੀਤਿਕ ਜ਼ਰੂਰਤਾਂ ਦੀ ਪੂਰਤੀ ਲਈ ਬਣਾਇਆ ਸੀ ਅਤੇ ਉਹ ਅੱਜ ਵੀ ਉਸੇ ਭੂਮਿਕਾ ’ਚ ਹੈ। ਉਨ੍ਹਾਂ ਲਈ ਇਸਲਾਮ ਸਿਰਫ਼ ਇਕ ਬਹਾਨਾ ਹੈ ਅਤੇ ਮੁਸਲਮਾਨ ਸਿਰਫ਼ ਇਕ ਔਜ਼ਾਰ।

ਮੁਸਲਮਾਨ ਆਮ ਤੌਰ ’ਤੇ ਫਿਲਸਤੀਨ ਅਤੇ ਈਰਾਨ ਨਾਲ ਹਮਦਰਦੀ ਰੱਖਦੇ ਹਨ। ਹਾਲਾਂਕਿ, ਹਾਲ ਹੀ ਦੇ ਸਮੇਂ ਵਿਚ, ਪਾਕਿਸਤਾਨ ਸਿੱਧੇ ਅਤੇ ਅਸਿੱਧੇ ਤੌਰ ’ਤੇ ਉਨ੍ਹਾਂ ਵਿਰੁੱਧ ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਦਾ ਸਮਰਥਨ ਕਰਦਾ ਰਿਹਾ ਹੈ। ਪਾਕਿਸਤਾਨ ਦੁਆਰਾ ਇਜ਼ਰਾਈਲ ਮਨਜ਼ੂਰਸ਼ੁਦਾ ‘ਗਾਜ਼ਾ ਯੋਜਨਾ’ ਦਾ ਸਮਰਥਨ ਇਸਦਾ ਇਕ ਹਾਲੀਆ ਪ੍ਰਮਾਣ ਹੈ। ਹੁਣ, ਇਸ ਵਿਰੁੱਧ ਪਾਕਿਸਤਾਨ ’ਚ ‘ਤਹਿਰੀਕ-ਏ-ਲੱਬੈਕ ਪਾਕਿਸਤਾਨ’ ਵਰਗੇ ਜੇਹਾਦੀ ਸੰਗਠਨ ਹਿੰਸਕ ਪ੍ਰਦਰਸ਼ਨ ’ਤੇ ਉਤਰ ਆਏ ਹਨ।

ਆਖਿਰ ਭਾਰਤ ਨੇ ਤਾਲਿਬਾਨ ਵੱਲ ਦੋਸਤੀ ਦਾ ਹੱਥ ਕਿਉਂ ਵਧਾਇਆ ? ਇਹ ਇਕ ਅਸਵੀਕਾਰਨਯੋਗ ਸੱਚਾਈ ਹੈ ਕਿ ਭਾਰਤ ਦੁਨੀਆ ਦੇ ਸਭ ਤੋਂ ਤਣਾਅਪੂਰਨ ਅਤੇ ਅਸਥਿਰ ਖੇਤਰਾਂ ਵਿਚੋਂ ਇਕ ਵਿਚ ਸਥਿਤ ਹੈ, ਜਿੱਥੇ ਉਹ ਅਜਿਹੇ ਗੁਆਂਢੀਆਂ (ਪਾਕਿਸਤਾਨ, ਚੀਨ ਅਤੇ ਬੰਗਲਾਦੇਸ਼) ਨਾਲ ਘਿਰਿਆ ਹੋਇਆ ਹੈ, ਜੋ ਮਜ਼ ?ਹਬੀ ਅਤੇ ਸਾਮਰਾਜਵਾਦੀ ਕਾਰਨਾਂ ਕਰ ਕੇ ਭਾਰਤ ਨੂੰ ?ਮਟਾਉਣਾ, ਬਰਬਾਦ ਅਤੇ ਕਮਜ਼ੋਰ ਕਰਨਾ ਚਾਹੁੰਦੇ ਹਨ। ਅਜਿਹਾ ਵੀ ਨਹੀਂ ਹੈ ਕਿ ਭਾਰਤ ਨੇ ਅਫਗਾਨਿਤਸਤਾਨ ਨਾਲ ਹੁਣੇ ਸਾਰੇ ਸਬੰਧ ਸੁਧਾਰਨ ਦੀ ਪਹਿਲ ਕੀਤੀ ਹੋਵੇ। 2002-2021 ਦੌਰਾਨ ਭਾਰਤ ਨੇ ਅਫਗਾਨਿਸਤਾਨ ਦੇ

**ਬਲਬੀਰ ਪੁੰਜ**

ਪੁਨਰ ਨਿਰਮਾਣ ਅਤੇ ਵਿਕਾਸ ਪ੍ਰਾਜੈਕਟਾਂ ਵਿਚ ਲਗਭਗ 3 ਅਰਬ ਡਾਲਰ ਦਾ ਨਿਵੇਸ਼ ਕੀਤਾ ਸੀ, ਜਿਸ ਵਿਚ ਸੜਕਾਂ, ਬਿਜਲੀ, ਪਾਣੀ, ਡੈਮ ਅਤੇ ਅਫਗਾਨ ਸੰਸਦ ਭਵਨ ਦੀ ਉਸਾਰੀ ਸਮੇਤ 400 ਪ੍ਰਾਜੈਕਟ ਸ਼ਾਮਲ ਹਨ।

ਇਸ ਸੰਦਰਭ ਵਿਚ, ਇਕ ਮਸ਼ਹੂਰ ਕਹਾਵਤ ਹੈ : ‘ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ।’ ਸਫਲ ‘ਆਪ੍ਰੇਸ਼ਨ ਸਿੰਧੂਰ’ ਤੋਂ ਬਾਅਦ ਅਤੇ ਬਦਲਦੇ ਵਿਸ਼ਵ ਦ੍ਰਿਸ਼ਟੀਕੋਣ ਦੇ ਮੱਦੇਨਜ਼ਰ, ਜਿਸ ਵਿਚ ਅਮਰੀਕਾ, ਡੋਨਾਲਡ ਟਰੰਪ ਦੀ ਅਗਵਾਈ ਹੇਠ, ਪਾਕਿਸਤਾਨ ਨਾਲ ਆਪਣੀ ਨੇੜਤਾ ਵਧਾ ਰਿਹਾ ਹੈ, ਭਾਰਤ ਆਪਣੀ ਖੇਤਰੀ ਅਖੰਡਤਾ ਅਤੇ ਸੁਰੱਖਿਆ ਲਈ ਰਾਸ਼ਟਰੀ ਹਿੱਤ ਵਿਚ ਆਪਣੀ ਰਣਨੀਤਿਕ ਰਣਨੀਤੀ ਅਤੇ ਕੂਟਨੀਤੀ ਵਿਚ ਸੰਤੁਲਿਤ ਅਤੇ ਜ਼ਰੂਰੀ ਬਦਲਾਅ ਕਰ ਰਿਹਾ ਹੈ। ਇਸ ਦੇ ਨਾਲ ਹੀ ਭਾਰਤ ਈਰਾਨੀ ਚਾਬਹਾਰ ਬੰਦਰਗਾਹ ਨੂੰ ਵੀ ਵਿਕਸਤ ਕਰ ਰਿਹਾ ਹੈ ਅਤੇ ਅਫਗਾਨਿਸਤਾਨ ਰਾਹੀਂ ਮੱਧ ਏਸ਼ੀਆ ਤੱਕ ਸਿੱਧੀ ਪਹੁੰਚ ਬਣਾਉਣਾ ਚਾਹੁੰਦਾ ਹੈ।

ਇਹ ਦਿਲਚਸਪ ਗੱਲ ਹੈ ਕਿ ਭਾਰਤ ਦੇ ਮੌਜੂਦਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਦਸੰਬਰ 1999 ਦੀ ਕੰਧਾਰ ਹਾਈਜੈਕਿੰਗ ਘਟਨਾ ਦੌਰਾਨ ਮੁੱਖ ਵਾਰਤਾਕਾਰਾਂ ਵਿਚੋਂ ਇਕ ਸਨ, ਜਦੋਂ ਕਿ ਮੁੱਤਾਕੀ ਨੇ ਤਾਲਿਬਾਨ ਪ੍ਰਸ਼ਾਸਕੀ ਮਾਮਲਿਆਂ ਨੂੰ ਸੰਭਾਲਿਆ ਸੀ। 26 ਸਾਲ ਬਾਅਦ, ਇਹ ਦੋਵੇਂ ਵਿਅਕਤੀ ਇਕ ਵਾਰ ਫਿਰ ਅਸਾਧਾਰਨ ਭੂ-ਰਾਜਨੀਤਿਕ ਵਿਕਾਸ ਦੇ ਕੇਂਦਰ ਵਿਚ ਹਨ। ਕੀ ਪਾਕਿਸਤਾਨ ਕੋਲ ਸੱਚਮੁੱਚ ਅਫਗਾਨਿਸਤਾਨ ਨੂੰ ਝੁਕਾਉਣ ਦੀ ਸ਼ਕਤੀ ਹੈ ? ‘ਕਾਫ਼ਿਰ-ਕੁਫ਼ਰ’ ਦੀ ਧਾਰਨਾ ਤੋਂ ਪ੍ਰੇਰਿਤ ਧਾਰਮਿਕ ਸੋਚ ਤੋਂ ਪਰ੍ਹੇ ਦੇਖਦੇ ਹੋਏ, ਜੇਕਰ ਅਸੀਂ ਪਿਛਲੇ ਪੰਜ ਦਹਾਕਿਆਂ ਦੇ ਇਤਿਹਾਸ ਦੀ ਜਾਂਚ ਕਰੀਏ, ਤਾਂ ਕੋਈ ਵੀ ਸ਼ਕਤੀਸ਼ਾਲੀ ਦੇਸ਼ ਆਤਮ-ਸਨਮਾਨ ਦੀ ਲੜਾਈ ਵਿਚ ਅਫਗਾਨਿਸਤਾਨ ਨੂੰ ਨਿਰਣਾਇਕ ਤੌਰ ’ਤੇ ਹਰਾਉਣ ਦੇ ਯੋਗ ਨਹੀਂ ਰਿਹਾ ਹੈ। ਸੀਤ ਯੁੱਧ ਦੌਰਾਨ ਸੋਵੀਅਤ ਯੂਨੀਅਨ ਨੇ 1979 ਵਿਚ ਅਫਗਾਨਿਸਤਾਨ ’ਤੇ ਕਬਜ਼ਾ ਕਰ ਲਿਆ। ਫਿਰ ਅਮਰੀਕਾ ਨੇ ਪਾਕਿਸਤਾਨ ਅਤੇ ਸਾਊਦੀ ਅਰਬ ਦੀ ਮਦਦ ਨਾਲ ਮੁਜਾਹਿਦੀਨ ਨਾਮਕ ਅਫਗਾਨ ਬਾਗੀਆਂ ਦਾ ਇਕ ਸਮੂਹ ਬਣਾਇਆ।

ਵਰਤਮਾਨ ਵਿਚ, ਅਮਰੀਕਾ ਅਤੇ ਚੀਨ ਦੋਵੇਂ ਆਪਣੇ ‘ਪਿਛਲੱਗੂ’ ਪਾਕਿਸਤਾਨ ਦੀ ਮਦਦ ਨਾਲ ਅਫਗਾਨਿਸਤਾਨ ਦੇ ਵਿਸ਼ਾਲ ਅਤੇ ਅਣਵਰਤੇ ਖਣਿਜ ਸਰੋਤਾਂ ਤੱਕ ਪਹੁੰਚ ਚਾਹੁੰਦੇ ਹਨ। ਇਸ ਲਈ ਪਾਕਿਸਤਾਨ ਅਫਗਾਨਿਸਤਾਨ ਨੂੰ ਆਪਣੇ ਮਾਲਕਾਂ ਲਈ ਕਠਪੁਤਲੀ ਬਣਾਉਣਾ ਚਾਹੁੰਦਾ ਹੈ। ਹੁਣ, ਕੀ ਪਾਕਿਸਤਾਨ ਇਕ ਅਜਿਹੇ ਅਫਗਾਨਿਸਤਾਨ ਨੂੰ ਝੁਕਾਅ ਸਕਦਾ ਹੈ ਜਿਸ ਨੂੰ ਸੋਵੀਅਤ ਰੂਸ ਅਤੇ ਅਮਰੀਕਾ ਨਹੀਂ ਦਬਾ ਸਕੇ ? ਕਦੇ ਨਹੀਂ।

# ਬਿਹਾਰ ’ਚ ਮੁੱਖ ਲੜਾਈ ਦੋ ਸਥਾਪਿਤ ਗੱਠਜੋੜਾਂ ਵਿਚਕਾਰ ਹੈ

ਬਿਹਾਰ ਵਿਧਾਨ ਸਭਾ ਚੋਣਾਂ ਦਾ ਸਿਆਸੀ ਦ੍ਰਿਸ਼ ਕੁਦਰਤੀ ਤੌਰ ’ਤੇ ਆਪਣੇ ਸਿਖਰ ’ਤੇ ਹੈ। ਜਦੋਂ ਤੱਕ ਕਿਸੇ ਚੋਣ ਦੇ ਨਤੀਜੇ ਐਲਾਨੇ ਨਹੀਂ ਜਾਂਦੇ, ਹਰ ਤਰ੍ਹਾਂ ਦੇ ਵਿਸ਼ਲੇਸ਼ਣ ਅਤੇ ਭਵਿੱਖਬਾਣੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਅਤੇ ਆਉਂਦੀਆਂ ਰਹਿਣਗੀਆਂ। ਬਿਹਾਰ ਵਿਧਾਨ ਸਭਾ ਚੋਣਾਂ ਦਾ ਆਮ ਵਿਸ਼ਲੇਸ਼ਣ ਇਹ ਹੈ ਕਿ ਭਾਜਪਾ, ਜਦ (ਯੂ) ਵਾਲਾ ਰਾਸ਼ਟਰੀ ਲੋਕਤੰਤਰਿਕ ਗੱਠਜੋੜ ਜਾਂ ਰਾਜਗ ਅਤੇ ਰਾਜਦ, ਕਾਂਗਰਸ ਅਤੇ ਖੱਬੇਪੱਖੀ ਪਾਰਟੀਆਂ ਦੇ ਗੱਠਜੋੜ ਵਿਚਾਲੇ ਸਖ਼ਤ ਮੁਕਾਬਲਾ ਹੈ, ਜਿਸ ਵਿਚ ਪ੍ਰਸ਼ਾਂਤ ਕਿਸ਼ੋਰ ਦੀ ਨਵੀਂ ਬਣੀ ਜਨ ਸੁਰਾਜ ਪਾਰਟੀ ਤੀਜੇ ਸਥਾਨ ’ਤੇ ਪਹੁੰਚਣ ਦੀ ਸਥਿਤੀ ’ਚ ਹੈ। ਇਕ ਵਿਸ਼ਲੇਸ਼ਣ ਇਹ ਵੀ ਹੈ ਕਿ ਜਨ ਸੁਰਾਜ ਪਾਰਟੀ ਦੋਵਾਂ ਪਾਰਟੀਆਂ ਨੂੰ ਨੁਕਸਾਨ ਪਹੁੰਚਾ ਕੇ ਇਕ ਪ੍ਰਭਾਵਸ਼ਾਲੀ ਸਥਾਨ ਬਣਾ ਸਕਦੀ ਹੈ।

ਸਵਾਲ ਇਹ ਹੈ ਕਿ ਇਸ ਸਮੇਂ ਬਿਹਾਰ ਚੋਣਾਂ ਵਿਚ ਕੀ ਸੰਭਾਵਨਾਵਾਂ ਦਿਸਦੀਆਂ ਹਨ ? 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਦੋਵਾਂ ਮੁੱਖ ਗੱਠਜੋੜਾਂ ਵਿਚਕਾਰ ਸਿਰਫ਼ 12,768 ਵੋਟਾਂ ਦਾ ਅੰਤਰ ਸੀ। ਉਸ ਸਮੇਂ ਰਾਜਗ ਨੂੰ 37.26 ਫੀਸਦੀ (1,57,01,226) ਵੋਟਾਂ ਮਿਲੀਆਂ ਸਨ, ਜਦੋਂ ਕਿ ਮਹਾਗੱਠਜੋੜ ਨੂੰ 37.23 ਫੀਸਦੀ (1,56,88,458) ਵੋਟਾਂ ਮਿਲੀਆਂ ਸਨ। ਦੋਵਾਂ ਵਿਚ ਅੰਤਰ ਸਿਰਫ਼ .03 ਫੀਸਦੀ ਸੀ। ਇਸ ਘੱਟ ਫਰਕ ਨਾਲ ਰਾਜਗ ਨੇ 125 ਸੀਟਾਂ ਜਿੱਤੀਆਂ, ਜਦੋਂ ਕਿ ਰਾਜਦ ਦੀ ਅਗਵਾਈ ਵਾਲੇ ਗੱਠਜੋੜ ਨੇ 110 ਸੀਟਾਂ ਜਿੱਤੀਆਂ। ਹੋਰਨਾਂ ਨੇ 8 ਸੀਟਾਂ ਜਿੱਤੀਆਂ।

ਇਸ ਦੇ ਆਧਾਰ ’ਤੇ ਪਹਿਲਾ ਸਿੱਟਾ ਇਹ ਹੈ ਕਿ ਜੇਕਰ ਵਿਰੋਧੀ ਗੱਠਜੋੜ ਨੂੰ ਕੁਝ ਹੋਰ ਵੋਟਾਂ ਮਿਲੀਆਂ ਹੁੰਦੀਆਂ, ਤਾਂ ਨਿਤੀਸ਼ ਕੁਮਾਰ ਦੀ ਅਗਵਾਈ ਹੇਠ ਰਾਜਗ ਦੀ ਸਰਕਾਰ ਨਹੀਂ ਬਣਦੀ। ਇਸ ਦਾ ਸਿੱਟਾ ਇਹ ਹੈ ਵੀ ਹੈ ਕਿ ਮੁੜ ਪੰਜ ਸਾਲਾਂ ਦੇ ਸ਼ਾਸਨ ਤੋਂ ਬਾਅਦ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਉਨ੍ਹਾਂ ਦੀ ਸਰਕਾਰ ਨੂੰ ਲੈ ਕੇ ਕੁਝ ਨਾ ਕੁਝ ਜਨਤਕ ਅਸੰਤੁਸ਼ਟੀ ਹੋਵੇਗੀ ਅਤੇ ਵਿਰੋਧੀ ਗੱਠਜੋੜ ਨੂੰ ਇਸ ਸੱਤਾ ਵਿਰੋਧੀ ਰੁਝਾਨ ਦਾ ਫਾਇਦਾ ਹੋ ਸਕਦਾ ਹੈ।

ਪਿਛਲੀ ਵਾਰ 243 ਸੀਟਾਂ ਵਾਲੀ ਬਿਹਾਰ ਵਿਧਾਨ ਸਭਾ ਦੀਆਂ 52 ਸੀਟਾਂ ’ਤੇ ਜਿੱਤ ਅਤੇ ਹਾਰ ਦਾ ਅੰਤਰ 5,000 ਵੋਟਾਂ ਤੋਂ ਘੱਟ ਸੀ। ਪਰ ਚੋਣਾਂ ਦਾ ਗਣਿਤ ਇੰਨਾ ਸੌਖਾ ਨਹੀਂ ਹੈ। ਪਿਛਲੀਆਂ ਚੋਣਾਂ ਵਿਚ ਚਿਰਾਗ ਪਾਸਵਾਨ ਦੀ ਲੋਜਪਾ ਨੇ ਇਕੱਲਿਆਂ 137 ਸੀਟਾਂ ’ਤੇ ਚੋਣ ਲੜੀ ਸੀ ਅਤੇ 5.66 ਫੀਸਦੀ, ਭਾਵ 23 ਲੱਖ 83 ਹਜ਼ਾਰ 457 ਵੋਟਾਂ ਪ੍ਰਾਪਤ ਕੀਤੀਆਂ ਸਨ। ਇਸ ਵਾਰ ਚਿਰਾਗ ਪਾਸਵਾਨ ਗੱਠਜੋੜ ਵਿਚ ਹਨ ਅਤੇ ਜੇਕਰ ਇਨ੍ਹਾਂ ਵੋਟਾਂ ਨੂੰ ਜੋੜਿਆ ਜਾਵੇ, ਤਾਂ ਦੋਵਾਂ ਵਿਚਕਾਰ ਵੱਡਾ ਅੰਤਰ ਆ ਜਾਂਦਾ ਹੈ।

ਉਸ ਸਮੇਂ 83 ਸੀਟਾਂ ’ਤੇ 10,000 ਤੋਂ ਵੀ ਘੱਟ ਵੋਟਾਂ ਨਾਲ ਹਾਰ-ਜਿੱਤ ਹੋਈ ਸੀ। ਇਨ੍ਹਾਂ 83 ਸੀਟਾਂ ਵਿਚੋਂ ਰਾਸ਼ਟਰੀ ਜਨਤਾ ਦਲ ਨੇ 28 ਅਤੇ ਕਾਂਗਰਸ ਨੇ 10 ਸੀਟਾਂ ਜਿੱਤੀਆਂ ਸਨ। ਅਸਲ ਵਿਚ 2025 ਦੀਆਂ ਵਿਧਾਨ ਸਭਾ ਚੋਣਾਂ ਦਾ ਅਗਾਊਂ ਮੁਲਾਂਕਣ ਨਾ 2020 ਅਤੇ ਨਾ 2015 ਦੇ ਆਧਾਰ ਹੋ ਸਕਦਾ ਹੈ। ਪਿਛਲੀਆਂ ਚੋਣਾਂ ਵਿਚ ਰਾਜਗ ਗੱਠਜੋੜ ’ਚ ਜੀਤਨ ਰਾਮ ਮਾਂਝੀ ਦੀ ‘ਹਮ’ ਅਤੇ ਉਪੇਂਦਰ ਕੁਸ਼ਵਾਹਾ ਦੀ ‘ਰਾਲੋਮੋ’ ਵੀ ਨਹੀਂ ਸੀ। ਇਸੇ ਤਰ੍ਹਾਂ ਮੁਕੇਸ਼ ਸਾਹਨੀ ਦੀ ਵਿਕਾਸਸ਼ੀਲ ਇਨਸਾਨ ਪਾਰਟੀ ਜਾਂ ਵੀ. ਆਈ. ਪੀ., ਰਾਜਗ ਵਿਚ ਸੀ, ਜੋ ਇਸ ਵਾਰ ਦੂਜੇ ਗੱਠਜੋੜ ਵਿਚ ਹੈ। ਹੁਣ ਮਹਾਗੱਠਜੋੜ ਵਿਚ ਕੁੱਲ ਅੱਠ




ਪਾਰਟੀਆਂ ਹਨ। ਇਸ ਵੇਲੇ ਚੋਣਾਂ ਤੋਂ ਪਹਿਲਾਂ ਰਾਜਗ ਕੋਲ 131 ਸੀਟਾਂ ਹਨ, ਜਿਨ੍ਹਾਂ ਵਿਚੋਂ ਭਾਜਪਾ ਕੋਲ 80, ਜਦ (ਯੂ) ਕੋਲ 45 ਅਤੇ ਹਮ (ਐੱਸ) ਕੋਲ 4 ਸੀਟਾਂ ਹਨ। ਇਨ੍ਹਾਂ ਤੋਂ ਇਲਾਵਾ ਦੋ ਆਜ਼ਾਦ ਵਿਧਾਇਕਾਂ ਨੇ ਵੀ ਰਾਜਗ ਦਾ ਸਮਰਥਨ ਕੀਤਾ।

ਮਹਾਗੱਠਜੋੜ ਕੋਲ 111 ਸੀਟਾਂ ਹਨ, ਜਿਨ੍ਹਾਂ

**-ਅਵਧੇਸ਼ ਕੁਮਾਰ**

ਵਿਚੋਂ ਰਾਜਦ ਨੂੰ 77, ਕਾਂਗਰਸ ਨੂੰ 19, ਸੀ. ਪੀ. ਆਈ. (ਐੱਮ. ਐੱਲ. ) ਨੂੰ 11, ਸੀ. ਪੀ. ਆਈ. (ਐੱਮ.) ਕੋਲ 2 ਸੀਟਾਂ ਹਨ। ਇਸ ਵਾਰ ’ਚ ਵੀ. ਆਈ. ਪੀ., ਝਾਰਖੰਡ ਮੁਕਤੀ ਮੋਰਚਾ ਅਤੇ ਪਸ਼ੂਪਤੀ ਪਾਰਸ ਦੀ ਲੋਜਪਾ ਵੀ ਆ ਗਈ ਹੈ। ਇਸ ਤਰ੍ਹਾਂ ਵਿਰੋਧੀ ਗੱਠਜੋੜ ਵਿਚ ਹੁਣ 8 ਪਾਰਟੀਆਂ ਹੋ ਗਈਆਂ ਹਨ। 2024 ਦੀਆਂ ਲੋਕ ਸਭਾ ਚੋਣਾਂ ਅਨੁਸਾਰ ਦੇਖੀਏ ਤਾਂ ਭਾਜਪਾ ਨੂੰ 20.52 ਫੀਸਦੀ ਵੋਟਾਂ ਅਤੇ 12 ਸੀਟਾਂ, ਜਦ (ਯੂ) ਨੂੰ 18.52 ਫੀਸਦੀ ਵੋਟਾਂ ਅਤੇ 12 ਸੀਟਾਂ, ਲੋਜਪਾ ਨੂੰ 5.47 ਫੀਸਦੀ ਵੋਟਾਂ ਅਤੇ 5 ਸੀਟਾਂ, ‘ਹਮ’-1, ਦੂਜੇ ਪਾਸੇ ਰਾਜਦ ਨੂੰ 22.5 ਫੀਸਦੀ ਵੋਟਾਂ ਅਤੇ 4 ਸੀਟਾਂ, ਕਾਂਗਰਸ ਨੂੰ 9.20 ਫੀਸਦੀ ਵੋਟਾਂ ਅਤੇ 3 ਸੀਟਾਂ, ਸੀ. ਪੀ. ਆਈ.-ਐੱਮ. ਐੱਲ. ਨੂੰ 2.99 ਫੀਸਦੀ ਵੋਟਾਂ ਅਤੇ 2 ਸੀਟਾਂ ਮਿਲੀਆਂ ਸਨ। 2024 ਦੀਆਂ ਲੋਕ ਸਭਾ ਚੋਣਾਂ ਅਨੁਸਾਰ ਰਾਜਗ 175 ਸੀਟਾਂ ’ਤੇ ਅੱਗੇ ਹੈ। ਇਨ੍ਹਾਂ ਵਿਚ ਭਾਜਪਾ 68, ਜਦ (ਯੂ) 74, ਲੋਜਪਾ 29 ਅਤੇ ‘ਹਮ’ 5 ’ਤੇ ਅੱਗੇ ਹੈ। ਦੂਜੇ ਪਾਸੇ, ਰਾਜਦ ਗੱਠਜੋੜ ਸਿਰਫ 62 ਸੀਟਾਂ ’ਤੇ ਅੱਗੇ ਹੈ। ਇਨ੍ਹਾਂ ਵਿਚ ਰਾਜਦ 36, ਕਾਂਗਰਸ ਅਤੇ ਸੀ. ਪੀ. ਆਈ.-ਐੱਮ. ਐੱਲ. 12-12 ਸੀਟਾਂ, ਵੀ. ਆਈ. ਪੀ. 1 ਸੀਟ ’ਤੇ ਅਤੇ ਸੀ. ਪੀ. ਆਈ.-ਐੱਮ 1 ਸੀਟ ’ਤੇ ਅੱਗੇ ਸੀ।

ਮੌਜੂਦਾ ਚੋਣਾਂ ਨੂੰ ਅੰਕ ਗਣਿਤ ਦੇ ਤੱਥਾਂ ਦੇ ਮੱਦੇਨਜ਼ਰ ਦੇਖੀਏ ਅਤੇ ਸਿੱਟਾ ਕੱਢੀਏ। ਲੰਮੇ ਸਮੇਂ ਤੱਕ ਸੱਤਾ ਵਿਚ ਰਹਿਣ ਕਾਰਨ ਸਰਕਾਰ, ਵਿਧਾਇਕਾਂ, ਮੰਤਰੀਆਂ, ਲੀਡਰਸ਼ਿਪ, ਭਾਵ ਮੁੱਖ ਮੰਤਰੀ ਪ੍ਰਤੀ ਅਸੰਤੁਸ਼ਟੀ ਦੀ ਭਾਵਨਾ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਜਿਸ ਤਰ੍ਹਾਂ ਭਾਜਪਾ ਨੂੰ ਛੱਡ ਕੇ ਰਾਜਦ ਅਤੇ ਰਾਜਦ ਛੱਡ ਕੇ ਭਾਜਪਾ ਨਾਲ ਹੱਥ ਮਿਲਾਇਆ, ਜਿਸ ਨਾਲ ਉਨ੍ਹਾਂ ਦੀ ਸਾਖ ਅਤੇ ਭਰੋਸੇਯੋਗਤਾ ਕਾਫੀ ਕਮਜ਼ੋਰ ਹੋਈ। ਵਿਚਕਾਰਲੇ ਸਮੇਂ ਵਿਚ ਗੁੱਸਾ, ਚਿੜਚਿੜਾਪਨ ਅਤੇ ਉਨ੍ਹਾਂ ਦੇ ਬਿਆਨਾਂ ਵਿਚ ਕਾਫੀ ਅਸੰਤੁਲਨ ਉਨ੍ਹਾਂ ਦੀ ਪਛਾਣ ਬਣ ਗਿਆ ਸੀ।

ਪਰ ਪਿਛਲੇ ਛੇ ਮਹੀਨਿਆਂ ਵਿਚ ਤੁਸੀਂ ਇਕ ਬੁਨਿਆਦੀ ਤਬਦੀਲੀ ਦੇਖੀ ਹੋਵੇਗੀ। ਪਹਿਲਾਂ ਅਜਿਹਾ ਲੱਗ ਰਿਹਾ ਸੀ ਕਿ ਦੁਬਾਰਾ ਇਕੱਠੇ ਹੋਣ ਦੇ ਬਾਵਜੂਦ ਭਾਜਪਾ ਉਨ੍ਹਾਂ ਨੂੰ ਆਪਣਾ ਮੁੱਖ ਮੰਤਰੀ ਉਮੀਦਵਾਰ ਵਜੋਂ ਨਾਮਜ਼ਦ ਕਰਨ ਤੋਂ ਗੁਰੇਜ਼ ਕਰੇਗੀ। ਤੇਜਸਵੀ ਯਾਦਵ ਸਮੇਤ ਵਿਰੋਧੀ ਧਿਰ ਦੇ ਨੇਤਾਵਾਂ ਨੇ ਵਾਰ-ਵਾਰ ਪ੍ਰਚਾਰ ਕੀਤਾ ਕਿ ਭਾਜਪਾ ਉਨ੍ਹਾਂ ਨੂੰ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਨਹੀਂ ਬਣਾਏਗੀ। ਜ਼ਿਆਦਾਤਰ ਚੋਟੀ ਦੇ ਭਾਜਪਾ ਨੇਤਾਵਾਂ ਨੇ ਵਾਰ-ਵਾਰ ਕਿਹਾ ਹੈ ਕਿ ਉਹ ਨਿਤੀਸ਼ ਕੁਮਾਰ ਦੀ ਅਗਵਾਈ ਹੇਠ ਚੋਣਾਂ ਲੜ ਰਹੇ ਹਨ ਅਤੇ ਉਹ ਦੁਬਾਰਾ ਮੁੱਖ ਮੰਤਰੀ ਹੋਣਗੇ, ਇਸ ਨਾਲ ਸ਼ੱਕ ਬਿਲਕੁਲ ਖਤਮ ਹੋ ਗਿਆ ਹੈ।

ਇਸ ਨਾਲ ਨਿਤੀਸ਼ ਕੁਮਾਰ ਦੇ ਸਮਰਥਕਾਂ ਵੋਟਰਾਂ ਦੇ ਅੰਦਰ ਦੁਚਿੱਤੀ ਵੀ ਖਤਮ ਹੋ ਗਈ ਹੋਵੇਗੀ। ਸੀਟਾਂ ਦੀ ਵੰਡ ਨੂੰ ਲੈ ਕੇ ਗੱਠਜੋੜ ਵਿਚ ਹਮੇਸ਼ਾ ਸਮੱਸਿਆਵਾਂ ਰਹੀਆਂ ਹਨ ਅਤੇ ਇਸ ਵਾਰ ਵੀ ਸਮੱਸਿਆਵਾਂ ਹਨ। ਇਸ ਦੇ ਬਾਵਜੂਦ ਨਿਤੀਸ਼ ਕੁਮਾਰ ਚੋਣ ਪ੍ਰਚਾਰ ਕਰ ਰਹੇ ਹਨ ਅਤੇ ਸਾਰੀਆਂ ਭਾਈਵਾਲ ਪਾਰਟੀਆਂ ਉਨ੍ਹਾਂ ਦੇ ਨਾਲ ਖੜ੍ਹੀਆਂ ਹਨ। ਸਭ ਤੋਂ ਵਧ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹਰ ਕੋਈ ਇਕਜੁੱਟ ਹੈ ਅਤੇ ਉਨ੍ਹਾਂ ਦਾ ਆਭਾਮੰਡਲ ਸਭ ’ਤੇ ਭਾਰੀ ਹੈ। ਭਾਜਪਾ ਅਤੇ ਰਾਜ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਲੀਡਰਸ਼ਿਪ ਵਾਲੀ ਸਿਆਸੀ ਭੂਮਿਕਾ ਦਾ ਵੀ ਡੂੰਘਾ ਪ੍ਰਭਾਵ ਦਿਖਾਈ ਦਿੰਦਾ ਹੈ। ਇਸ ਲਈ, ਕੁੱਲ ਮਿਲਾ ਕੇ ਬਿਹਾਰ ਵਿਚ ਮੁੱਖ ਲੜਾਈ ਦੋ ਸਥਾਪਿਤ ਗੱਠਜੋੜਾਂ ਵਿਚਕਾਰ ਹੈ। ਬਿਨਾਂ ਸ਼ੱਕ, ਭਾਜਪਾ ਦੇ ਆਪਣੇ ਵਰਕਰਾਂ ਅਤੇ ਸਮਰਥਕਾਂ ਵਿਚ ਇਸ ਦੇ ਕੁਝ ਉਮੀਦਵਾਰਾਂ ਪ੍ਰਤੀ ਅਸੰਤੁਸ਼ਟੀ ਹੈ ਅਤੇ ਇਸ ਦਾ ਕੁਝ ਪ੍ਰਭਾਵ ਵੀ ਪਵੇਗਾ, ਪਰ ਦੂਜੇ ਗੱਠਜੋੜ ਵਿਚ ਮਤਭੇਦ ਅਤੇ ਬਗਾਵਤ ਬਹੁਤ ਜ਼ਿਆਦਾ ਹੈ।

### ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਸਿਆਸਤਦਾਨਾਂ ਨੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਨੂੰ ਮਿਟੀ ਵਿੱਚ ਰੋਲ ਦਿੱਤਾ





ਡਾ. ਚਰਨਜੀਤ ਸਿੰਘ ਗੁਮਟਾਲਾ
001-9375739812

ਪਿਛਲੀ ਸਦੀ ਦੇ ਵਿਲੱਖਣ ਸਿੱਖ ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦਾ ਸ਼ਹੀਦੀ ਦਿਹਾੜਾ 27 ਅਕਤੂਬਰ ਨੂੰ ਹੁੰਦਾ ਹੈ, ਪਰ ਆਮਤੌਰ ਤੇ ਪ੍ਰਤੱਖ ਹੈ ਕਿ ਉਨ੍ਹਾਂ ਦੇ ਜਿਗਰੀ ਦੋਸਤ ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਵੱਲੋਂ ਸਥਾਪਿਤ ਕੀਤੇ ਗਏ ‘ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਟਰੱਸਟ, ਰਈਆ’ ਜਾਂ ਇੱਕ ਦੋ ਹੋਰ ਸਥਾਨਿਕ ਗੁਰਦੁਆਰਾ ਸਾਹਿਬ ਤੋਂ ਇਲਾਵਾ ਪੰਜਾਬ ਦੀ ਕਿਸੇ ਹੋਰ ਸਿਆਸੀ ਪਾਰਟੀ ਵੱਲੋਂ ਨਹੀਂ ਮਨਾਇਆ ਜਾਂਦਾ, ਭਾਵੇਂ ਕਿ ਸਰਦਾਰ ਸਾਹਿਬ ਜੀ ਨੇ ‘ਸਿੱਖ ਅਰਦਾਸ’ ਦੀ ਮਹੱਤਤਾ ਮਹਾਨਤਾ ਨੂੰ ਸਿਰੜ ਨਾਲ ਉਜਾਗਰ ਕਰਨ ਲਈ ਅਤੇ ਪੰਜਾਬ ਦੀਆਂ ਅਤਿ ਅਹਿਮ ਅਤੇ ਹੱਕੀ ਮੰਗਾਂ ਦੀ ਪੂਰਤੀ ਲਈ 74 ਦਿਨ ਭੁੱਖੇ ਰਹਿ ਕੇ ਕੱਟ ਕੱਟ ਕੇ ਪ੍ਰਾਣ ਤਿਆਗ ਦਿੱਤੇ ਆਪ ਦਾ ਜਨਮ ਪਿੰਡ ਫੇਰੂਮਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਅਗਸਤ 1885 ਈ. ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਚੰਦਾ ਸਿੰਘ ਤੇ ਮਾਤਾ ਦਾ ਸਰਦਾਰਨੀ ਰਾਜ ਕੌਰ ਸੀ। ਆਪ ਦਸਵੀਂ ਜਮਾਤ ਪਾਸ ਕਰਕੇ 1912 ਵਿਚ ਭਾਰਤੀ ਫ਼ੌਜ ਵਿਚ ਬਤੌਰ ਸਿਪਾਈ ਭਰਤੀ ਹੋਇ। ਦੋ ਸਾਲ ਬਾਦ ਆਪ ਫ਼ੌਜ ਵਿਚੋਂ ਅਸਤੀਫ਼ਾ ਦੇ ਕੇ ਹਿਸਾਰ ਵਿਚ ਠੇਕੇਦਾਰੀ ਕਰਨ ਲੱਗੇ। ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਦੇ ਸਨ, ਉਨ੍ਹਾਂ ਨੇ ਉਨ੍ਹਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਲਈ ਕਿਹਾ।

ਆਪ ਨੇ ਨਵੰਬਰ 1921 ਵਿਚ ਚਾਬੀਆਂ ਦੇ ਮੋਰਚੇ ਵਿਚ ਹਿੱਸਾ ਲਿਆ ।ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਕ ਸਾਲ ਦੀ ਸਜ਼ਾ ਹੋਈ। ਸੰਨ 1923 ਵਿਚ ਸੁਲਤਾਨਵਿਡ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਾਂਗਰਸ ਵੱਲੋਂ ਇਕ ਰਾਜਸੀ ਜਲਸਾ ਹੋਇਆ ।ਆਪ ਤੇ ਬਾਬਾ ਇੰਦਰ ਸਿੰਘ ਵੇਰਕਾ ਉਸ ਦੇ ਪ੍ਰਬੰਧਕ ਸਨ। ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਸਵਾ-ਸਵਾ ਸਾਲ ਦੀ ਕੈਦ ਕਰ ਕੇ ਮੁਲਤਾਨ ਸੈਂਟਰਲ ਜੇਲ੍ਹ ਭੇਜ ਦਿੱਤਾ। ਫਰਵਰੀ 1924 ਵਿਚ ਗੰਗਸਰ ਜੈਤੋ ਦਾ ਮੋਰਚਾ ਲੱਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪੰਜ ਸੌ ਦੇ ਜੱਥੇ ਜਾਂਦੇ ਸਨ ਆਪ ਨੇ 14ਵੇਂ ਸ਼ਹੀਦੀ ਜੱਥੇ ਦੇ ਜੱਥੇਦਾਰ ਬਣ ਕੇ ਨਾਭੇ ਗ੍ਰਿਫਤਾਰੀ ਦਿੱਤੀ। ਦਸ ਮਹੀਨੇ ਜੇਲ੍ਹ ’ਚ ਰਹੇ। ਜੁਲਾਈ 1925 ਵਿਚ ਗੁਰਦੁਆਰਾ ਐਕਟ ਬਣ ਗਿਆ। ਸਰਕਾਰ ਨੇ ਸਾਰੇ ਅਕਾਲੀ ਕੈਦੀ ਛੱਡ ਦਿੱਤੇ ਅਤੇ ਆਪ ਵੀ ਰਿਹਾਅ ਹੋ ਗਏ। 1926 ਵਿਚ ਆਪ ਆਪਣੇ ਪਿਤਾ ਕੋਲ ਮਲਾਇਆ ਚਲੇ ਗਏ। ਮਲਾਇਆ ’ਚ ਬੁੱਧ ਸਿੰਘ ਸਠਿਆਲਾ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਨਾਲ ਪ੍ਰਚਾਰ ਕਰਨ ਲੱਗ ਪਏ। ਉੱਥੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ।ਜੇਲ ਵਿਚ ਆਪ ਨੂੰ ਕਛਹਿਰਾ ਪਾਉਣ ਦੀ ਆਗਿਆ ਨਹੀਂ ਦਿੱਤੀ ਗਈ ਤਾਂ ਆਪ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, 21 ਦਿਨਾਂ ਬਾਦ ਉਨ੍ਹਾਂ ਮੰਗ ਗਈ। ਤਿੰਨ ਸਾਲ ਪਿੱਛੋਂ 1929 ’ਚ ਉਹ ਵਾਪਸ ਆ ਗਏ।

ਦੂਸਰੇ ਵਿਸ਼ਵ-ਯੁਧ ਵਿਚ ਮਹਾਤਮਾ ਗਾਂਧੀ ਵਲੋਂ ਭਾਰਤੀ ਰਾਸ਼ਟਰੀ ਕਾਂਗਰਸ ਦੇ ਪੂਰਨ ਸਮਰਥਨ ਨਾਲ ਸ਼ੁਰੂ ਕੀਤੀ ਗਈ ਨਾ-ਮਿਲਵਰਤਨ ਲਹਿਰ ਵਿਚ ਆਪ ਨੇ ਭਾਗ ਲਿਆ ਤੇ 14 ਮਹੀਨੇ ਜੇਲ ਵਿਚ ਗੁਜਾਰੇ। ਸੰਨ 1934-35 ਆਪ ਨੇ ਸ. ਊਧਮ ਸਿੰਘ ਨਾਗੋਕੇ ਅਤੇ ਸ.ਪ੍ਰਤਾਪ ਸਿੰਘ ਕੈਰੋਂ ਨਾਲ ਮਿਲ ਕੇ ਕਿਸਾਨੀ ਲਹਿਰ ਸ਼ੁਰੂ ਕੀਤੀ। ਸੰਨ 1939 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ। ਉਨ੍ਹਾਂ ਵਿਚ ਆਪ ਦੋ ਵਾਰ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ। ਆਜ਼ਾਦੀ ਤੋਂ ਬਾਅਦ 1952 ਤੋਂ 1964 ਕਾਂਗਰਸ ਦੀ ਟਿਕਟ ’ਤੇ ਆਪ ਰਾਜ ਸਭਾ ਦੇ ਮੈਂਬਰ ਰਹੇ। ਪਰ ਕਾਂਗਰਸ ਨਾਲ ਮਤਭੇਦ ਪੈਦਾ ਹੋ ਜਾਣ ਕਾਰਨ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿਚ ਸ਼ਾਮਲ ਹੋ ਗਏ। ਤਰਨਤਾਰਨ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜੀ, ਪਰ ਹਾਰ ਗਏ ।ਪਰ ਜੇ ਅਸੀਂ ਉਨ੍ਹਾਂ ਦੀ ਜਿੰਦਗੀ ‘ਤੇ ਝਾਤ ਪਾਈਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਸਾਰੀ ਜਿੰਦਗੀ ਆਜ਼ਾਦੀ ‘ਤੇ ਲਾ ਦਿੱਤੀ ਤੇ ਆਖਰ ਵਿਚ ਆਪ ਨੇ ਸਿੱਖ ਧਰਮ ਵਿਚ ਅਰਦਾਸ ਦੀ ਕੀ ਮਹੱਤਤਾ ਹੈ ? ਵਿਚ ਆਪਾ ਕੁਰਬਾਨ ਕਰ ਦਿੱਤਾ ।ਇਸ ਲਈ ਚਾਹੀਦਾ ਹੈ ਕਿ ਪਾਰਟੀਬਾਜੀ ਤੋਂ ਉਪਰ ਉੱਠ ਕੇ ਇਸ ਦਿਨ ਵੱਡੀ ਕਾਨਫਰੰਸ ਕੀਤੀ ਜਾਵੇ ਤੇ ਕੇਂਦਰ ਨਾਲ ਸਬੰਧਿਤ ਮੰਗਾਂ ਨੂੰ ਲੈ ਕੇ ਜਨਤਕ ਲਾਮਬੰਦੀ ਕੀਤੀ ਜਾਵੇ।

**ਮਰਨ ਵਰਤ ਕਿਉਂ ਰੱਖਿਆ ?:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨੇ ਸੰਨ 1961 ਵਿਚ ਪੰਜਾਬੀ ਭਾਸ਼ੀ ਸੂਬਾ ਬਣਾਉਣ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਸ਼ੁਰੂ ਕੀਤੀ। ਉਨ੍ਹਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣਾ ਮਰਨ ਵਰਤ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਉਹ ਮਰਨ ਵਰਤ ਜਾਰੀ ਰਖਣਗੇ। ਇਸ ਐਲਾਨ ਨੇ ਕੇਂਦਰ ਨੂੰ ਭਾਜੜਾਂ ਪਾ ਦਿੱਤੀਆਂ , ਜਿਸ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਇਕ ਚਿੱਠੀ ਲਿਖ ਕੇ ਉਨ੍ਹਾਂ ਵੱਲੋਂ ਉਠਾਏ ਜਾਂਦੇ ਮਾਮਲੇ ਨੂੰ ਘੋਖਣ ਦਾ ਭਰੋਸਾ ਦਿੱਤਾ ।ਮਾਸਟਰ ਤਾਰਾ ਸਿੰਘ ਨੇ ਅਕਾਲੀ ਆਗੂ ਸੰਤ ਫਤਿਹ ਸਿੰਘ ਦੇ ਹੱਥੋਂ ਜੂਸ ਦਾ ਗਿਲਾਸ ਪੀ ਕੇ 48 ਦਿਨਾਂ ਮਗਰੋਂ ਆਪਣਾ ਮਰਨ ਵਰਤ ਖ਼ਤਮ ਕਰ ਦਿੱਤਾ ਸੀ,ਪਰ ਅਕਾਲੀ ਦਲ ਨਾਲ ਜੁੜੇ ਜ਼ਿਆਦਾਤਰ ਲੋਕ ਇਸ ਫ਼ੈਸਲੇ ਤੋਂ ਨਾਰਾਜ਼ ਹੋ ਗਏ ਸੀ।

ਭਾਰਤ ਅਤੇ ਪਾਕਿਸਤਾਨ ਵਿੱਚ 1965 ਦੀ ਜੰਗ ਸ਼ੁਰੂ ਹੋਣ ਵਾਲੀ ਸੀ ਕਿ ਸੰਤ ਫ਼ਤਿਹ ਸਿੰਘ ਨੇ ਵੀ ਮਰਨ ਵਰਤ ਸ਼ੁਰੂ ਕਰ ਦਿੱਤਾ ਪਰ ਜੰਗ ਸ਼ੁਰੁ ਹੋ ਜਾਣ ਪਿਛੋਂ ਉਸ ਵੇਲ਼ੇ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦੁਰ ਸ਼ਾਸਤਰੀ ਦੀ ਅਪੀਲ ਉਪਰੰਤ ਉਨ੍ਹਾਂ ਮਰਨ ਵਰਤ ਛੱਡ ਦਿੱਤਾ।

ਸ੍ਰੀਮਤੀ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਅਕਤੂਬਰ 1966 ਵਿੱਚ ਪੰਜਾਬੀ ਸੂਬਾ ਬਨਾਉਣ ਦਾ ਐਲਾਨ ਕਰ ਦਿੱਤਾ ਪਰ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬੀ ਸੂਬਾ ਐਕਟ ਬਣਾਉਣ ਸਮੇਂ ਉਸ ਵੇਲੇ ਦੇ ਪੰਜਾਬ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ। ਕਈ ਪੰਜਾਬੀ ਬੋਲਦੇ ਇਲਾਕੇ ਨਵੇਂ ਹੋਂਦ ਵਿੱਚ ਆਏ ਹਿਮਾਚਲ ਹਰਿਆਣੇ ਅਤੇ (ਜ਼ਿਲ੍ਹਾ ਗੰਗਾਨਗਰ) ਰਾਜਸਥਾਨ ਵਿੱਚ ਸ਼ਾਮਲ ਕਰ ਦਿੱਤੇ। ਚੰਡੀਗੜ੍ਹ ਅਤੇ ਭਾਖ਼ੜਾ ਡੈਮ ਦਾ ਪ੍ਰਬੰਧ ਕੇਂਦਰੀ ਸਰਕਾਰ ਨੇ ਆਪਣੇ ਕੋਲ਼ ਰੱਖ ਲਿਆ ਅਤੇ ਦਰਿਆਈ ਪਾਣੀਆਂ ਦੀ ਵੀ ਕਾਣੀ ਵੰਡ ਕਰ ਦਿੱਤੀ, ਜਿਸ ਕਾਰਨ ਅਕਾਲੀਆਂ ਨੂੰ ਮੋਰਚਿਆਂ ਦੇ ਰਾਹ ਫਿਰ ਪੈਣਾ ਪਿਆ।

ਲੰਗੜਾ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਪਿਛੋਂ ਜਦੋਂ ਹਰ ਪਾਸਿਓਂ ਫਿਟਕਾਰਾਂ ਪੈਣ ਲੱਗੀਆਂ ਤਾਂ ਸੰਤ ਫ਼ਤਹਿ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਲੱਗਦੇ ਕਮਰੇ ਉਪਰ ਅਗਨ-ਕੁੰਡ ਬਣਾ ਲਏ ਅਤੇ 17 ਦਸੰਬਰ 1966 ਨੂੰ ਮਰਨ ਵਰਤ ਸ਼ੁਰੂ ਕਰ ਦਿੱਤਾ ਤੇ ਸਰਕਾਰ ਨੂੰ ਇਹ ਅਲਟੀਮੇਟਮ ਦਿੱਤਾ ਕਿ ਜੇ ਦਸ ਦਿਨਾਂ ਦੇ ਅੰਦਰ-ਅੰਦਰ ਪੰਜਾਬੀ ਸੂਬੇ ਨੂੰ ਮੁਕੰਮਲ ਕਰਨ ਦੀ ਮੰਗ ਨਾ ਮੰਨੀ ਗਈ ਤਾਂ ਉਹ ਅਗਨ ਕੁੰਡ ਵਿਚ ਬੈਠ ਕੇ ਸੜ ਮਰਨਗੇ। ਉਨ੍ਹਾਂ ਦੇ ਇਸ ਐਲਾਨ ਪਿਛੋਂ ਸੰਤ ਚੰਨਣ ਸਿੰਘ, ਜੱਥੇਦਾਰ ਭਾਗ ਸਿੰਘ ਜੈਦ, ਜੱਥੇਦਾਰ ਪ੍ਰੀਤਮ ਸਿੰਘ ਸ਼ਰੀਂਹ, ਸ. ਜਗੀਰ ਸਿੰਘ ਫੱਗੂਵਾਲ ਅਤੇ ਜੱਥੇਦਾਰ ਜਗੀਰ ਸਿੰਘ ਪੂਲੇ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਸੰਤ ਫ਼ਤਹਿ ਸਿੰਘ ਤੋਂ ਅਗਲੇ ਦਿਨ ਸੜ ਮਰਨਗੇ, ਜਦੋਂ ਕਿ ਲੋਕ ਜਾਣਦੇ ਸਨ ਕਿ ਇਹ ਦੁੱਧ ਪੀਣੇ ਮਜਨੂੰ ਮਰ ਨਹੀਂ ਸਕਦੇ।

ਹਲਕਾ ਪੱਟੀ ਤੋਂ ਸ. ਪ੍ਰਤਾਪ ਸਿੰਘ ਕੈਰੋਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਵਿਧਾਨ ਸਭਾ ਲਈ ਆਜ਼ਾਦ ਜਿੱਤਿਆ ਸ. ਹਜ਼ਾਰਾ ਸਿੰਘ ਗਿੱਲ ਆਪਣੇ ਸਾਥੀਆਂ ਨੂੰ ਲੈ ਕੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਨੇੜੇ ਮਰਨ ਵਰਤ ’ਤੇ ਬੈਠ ਗਿਆ ਅਤੇ ਐਲਾਨ ਕਰ ਦਿੱਤਾ ਕਿੰਜਾਬੀ ਸੂਬੇ ਨੂੰ ਮੁਕੰਮਲ ਕਰਵਾਏ ਬਿਨਾਂ ਸੰਤ ਫ਼ਤਿਹ ਸਿੰਘ ਤੇ ਉਸ ਦੇ ਸਾਥੀਆਂ ਨੂੰ ਮਰਨ ਵਰਤ ਛੱਡ ਕੇ ਭੱਜਣ ਨਹੀਂ ਦੇਣਾ। ਆਖ਼ਰਕਾਰ ਸੜ ਮਰਨ ਦਾ ਦਿਨ ਆ ਗਿਆ। ਨੀਯਤ ਸਮਾਂ ਲੰਘ ਗਿਆ। ਅਕਾਲੀ ਆਗੂ ਅਕਾਸ਼ ਵੱਲ ਵੇਖੀ ਜਾਣ, ਦੁਪਹਿਰ ਦੇ ਢਾਈ ਵੱਜ ਚੁੱਕੇ ਸਨ ਕਿ ਇਕ ਹਵਾਈ ਜਹਾਜ਼ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰੋਂ ਦੀ ਲੰਘਿਆ। ਅਕਾਲੀਆਂ ਦੇ ਮੁਰਝਾਏ ਚਿਹਰੇ ਖਿੜ ਗਏ। ਹਰ ਪਾਸਿਓਂ ‘ਸ. ਹੁਕਮ ਸਿੰਘ ਆ ਗਿਆ, ਸ. ਹੁਕਮ ਸਿੰਘ ਆ ਗਿਆ’ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਕੋਈ ਅੱਧੇ ਘੰਟੇ ਪਿਛੋਂ ਸ. ਹੁਕਮ ਸਿੰਘ ਆਏ ਜੋ ਉਸ ਵੇਲੇ ਲੋਕ ਸਭਾ ਦੇ ਸਪੀਕਰ ਸਨ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਲ ’ਤੇ ਚੜ੍ਹ ਗਏ ਅਤੇ ਸੰਤ ਫ਼ਤਹਿ ਸਿੰਘ ਨਾਲ਼ ਮਿਲਣ ਉਪਰੰਤ ਅਕਾਲ ਤਖ਼ਤ ਸਾਹਿਬ ’ਤੇ ਖਲੋ ਕੇ ਕਿਹਾ ਕਿ ਭਾਰਤ ਸਰਕਾਰ ਨੇ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ, ਜਿਨ੍ਹਾਂ ਦਾ ਵਿਸਤਾਰ ਮਗਰੋਂ ਦੱਸਿਆ ਜਾਵੇਗਾ। ਉਹ ਭਾਰਤ ਸਰਕਾਰ ਵੱਲੋਂ ਇਹ ਭਰੋਸਾ ਦੁਆ ਰਹੇ ਹਨ। ਇਸ ਐਲਾਨ ਦੀ ਢਿੱਲ ਸੀ ਕਿ ਸੰਤ ਫ਼ਤਹਿ ਸਿੰਘ ਨੇ ਜੂਸ ਦਾ ਗਿਲਾਸ ਗਟ-ਗਟ ਕਰਕੇ ਪੀ ਲਿਆ। ਜਿੱਤ ਦੇ ਜੈਕਾਰੇ ਗੂੰਜਣ ਲੱਗੇ। ਸ. ਹਜ਼ਾਰਾ ਸਿੰਘ ਗਿੱਲ ਤੇ ਉਸ ਦੇ ਸਾਥੀਆਂ ਨੇ ਬਹੁਤ ਰੌਲਾ ਪਾਇਆ ਕਿ ਕੌਮ ਨਾਲ਼ ਠੱਗੀ ਹੋਣ ਲੱਗੀ ਹੈ ਪਰ ਅਕਾਲੀਆਂ ਦੀ ਬੁਰਛਾਗਰਦੀ ਅੱਗੇ ਬਹੁਤੀ ਦੇਰ ਟਿਕ ਨਾ ਸਕੇ। ਮਗਰੋਂ ਇਹ ਭੇਦ ਖੁੱਲ੍ਹਿਆ ਕਿ ਸ. ਲਛਮਣ ਸਿੰਘ ਗਿੱਲ ਹਵਾਈ ਜਹਾਜ਼ ਕਿਰਾਏ ’ਤੇ ਲੈ ਕੇ ਹੁਕਮ ਸਿੰਘ ਨੂੰ ਆਪ ਲਿਆਏ ਸਨ। ਇਸ ਮੌਕੇ ਇਹ ਲੇਖਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਦਫ਼ਤਰ ਦੇ ਬਾਹਰ ਸਾਰਾ ਦ੍ਰਿਸ਼ ਵੇਖ ਰਿਹਾ ਸੀ। ਮੇਰੇ ਨਾਲ ਹੀ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਮੈਂਬਰ ਜਥੇਦਾਰ ਅਮਰ ਸਿੰਘ ਘਣੂਪੁਰ ਖੜ੍ਹੇ ਸਨ, ਜਿਉਂ ਹੀ ਐਲਾਨ ਹੋਇਆ ਕਿ ਸੰਤ ਫਤਹਿ ਸਿੰਘ ਨੇ ਮਰਨਵਰਤ ਛਡ ਦਿੱਤਾ ਹੈ ਸਾਡੇ ਨਜਦੀਕ ਸੰਤ ਫਤਹਿ ਸਿੰਘ ਦੀ ਵੱਡੀ ਸਾਰੀ ਰੰਗਦਾਰ ਤਸਵੀਰ ਲੱਗੀ ਹੋਈ ਸੀ ਘਣੂਪੁਰ ਸਾਹਿਬ ਨੇ ਜੁਤੀ ਦਾ ਛਿੱਤਰ ਲਾ ਕੇ ਜੋਰ ਦੀ ਮਾਰਿਆ ਤੇ ਨਾਲ ਹੀ ਕਿਹਾ ਲਾਹਨਤ ਹੈ ਐਸੇ ਸਾਧ ਨੂੰ। ਫੋਟੋ ਫੱਟ ਗਈ ।

ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਅਰਦਾਸ ਤੋਂ ਭਗੌੜੇ ਹੋ ਜਾਣ ਪਿੱਛੋਂ ਡਾਕਟਰ ਜਗਜੀਤ ਸਿੰਘ ਚੌਹਾਨ ਜਲੰਧਰ ਤੋਂ ਹਰਬੰਸ ਸਿੰਘ ਬਾਗਲਾ ਨਾਂ ਦਾ ਇਕ ਨੌਜਵਾਨ ਫੜ ਲਿਆਇਆ ਅਤੇ ਉਸ ਤੋਂ ਭੁੱਖ ਹੜਤਾਲ ਸ਼ੁਰੂ ਕਰਵਾ ਦਿੱਤੀ। ਕੁਝ ਦਿਨਾਂ ਪਿਛੋਂ ਹੀ ਉਹ ਭੱਜ ਗਿਆ। ਫਿਰ ਖ਼ਡੂਰ ਸਾਹਿਬ ਤੋਂ ਜਗਦੀਸ਼ ਸਿੰਘ ਚੂਹੇ ਨੂੰ ਲੈ ਆਇ ਪਰ ਉਹ ਵੀ ਭੁੱਖ ਨਾ ਸਹਾਰ ਸਕਿਆ ਅਤੇ ਦੌੜ ਗਿਆ। ਇਸ ਤੋਂ ਉਪਰੰਤ ਫ਼ਰੀਦਕੋਟ ਤੋਂ ਮਹੰਤ ਸੇਵਾਦਾਰ ਨਾਂ ਦੇ ਇਕ ਸਾਧ ਨੂੰ ਲਿਆ ਕੇ, ਮਰਨ ਵਰਤ ‘ਤੇ ਬਿਠਾ ਦਿੱਤਾ। ਉਹ ਮਹੰਤ ਵੀ ਭੱਜ ਗਿਆ।

ਫੇਰੂਮਾਨ ਜੀ ਵੱਲੋਂ ਪਹਿਲੀ ਅਗਸਤ 1969 ਨੂੰ ਰਈਆ ਵਿਖੇ ਇਕ ਕਾਨਫ਼ਰੰਸ ਰੱਖੀ ਗਈ ਸੀ। ਇਸ ਮੌਕੇ ’ਤੇ ਆਪ ਨੇ ਐਲਾਨ ਕਰ ਦਿੱਤਾ ਕਿ ਉਹ 15 ਅਗਸਤ ਨੂੰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਅਰਦਾਸ ਕਰਨਗੇ, ਜਿਹੜੀ ਸੰਤ ਫਤਹਿ ਸਿੰਘ ਤੇ ਉਸ ਦੇ ਸਾਥੀਆਂ ਨੇ ਕਈ ਵਾਰ ਕਾਇਰਾਂ ਵਾਂਗ ਤੋੜੀ ਹੈ; ਇਸ ਉਪਰੰਤ ਉਹ ਮਰਨ ਵਰਤ ਸ਼ੁਰੂ ਕਰਨਗੇ, ਜਾਂ ਤਾਂ ਅਰਦਾਸ ਪੂਰੀ ਹੋਵੇਗੀ ਜਾਂ ਆਪ ਆਪਣੀ ਜਾਨ ਉੱਤੇ ਖੇਡ ਜਾਣਗੇ। ਜਦੋਂ ਉਹ ਮਰਨ ਵਰਤ ਸ਼ੁਰੂ ਕਰੇ ਤਾਂ ਕੋਈ ਵੀ ਨਾ ਤਾਂ ਅਮਨ ਭੰਗ ਕਰੇ ਅਤੇ ਨਾ ਹੀ ਕਿਸੇ ਸਰਕਾਰੀ ਸੰਪੱਤੀ ਦਾ ਨੁਕਸਾਨ ਕਰੇ।

ਪਰ 9 ਅਗਸਤ 1969 ਨੂੰ ਇੱਕ ਸਧਾਰਨ ਜਿਹੇ ਬੰਦੇ ਗੁਰਦਿੱਤ ਸਿੰਘ ਨੇ ਬਿਆਸ ਥਾਣੇ ਵਿੱਚ ਇੱਕ ਰਪਟ ਲਿਖਵਾਈ ਕਿ ਦਰਸ਼ਨ ਸਿੰਘ ਫੇਰੂਮਾਨ ਖੁੱਲ੍ਹਮ-ਖੁੱਲ੍ਹਾ ਸੰਤ ਫਤਹਿ ਸਿੰਘ ਨੂੰ ਪਖੰਡੀ ਅਤੇ ਧੋਖੇਬਾਜ਼ ਸਾਧ ਕਹਿ ਰਿਹਾ ਹੈ। ਇਸ ਤੋਂ ਇਲਾਵਾ ਫੇਰੂਮਾਨ ਪੰਜਾਬ ਦੀ ਵਰਤਮਾਨ ਸਰਕਾਰ ਨੂੰ, ਪੰਥ ਦਾ ਭਲਾ ਚਾਹੁਣ ਵਾਲੀ ਸਰਕਾਰ ਨਹੀਂ ਮੰਨਦਾ ਅਤੇ ਖੰਡਾ ਖੜਕਾਉਣ ਦੀਆਂ ਗੱਲਾਂ ਕਰਦਾ ਹੈ। ਪੁਲੀਸ ਨੇ ਆਪ ਵਿਰੁੱਧ ਦਫ਼ਾ 9 ਅਧੀਨ ਕੇਸ ਦਰਜ ਕਰ ਲਿਆ। 12 ਅਗਸਤ ਨੂੰ ਬਿਨਾਂ ਕੋਈ ਕਾਨੂੰਨੀ ਕਾਰਵਾਈ ਕੀਤੇ 12 ਅਤੇ 13 ਅਗਸਤ ਦੀ ਰਾਤ ਨੂੰ ਪੁਲੀਸ ਨੇ ਉਨ੍ਹਾਂ ਦੇ ਘਰ ਨੂੰ ਘੇਰਾ ਪਾ ਲਿਆ ਜੋ ਕਿ ਪਿੰਡ ਫੇਰੂਮਾਨ ਦੇ ਬਾਹਰਵਾਰ ਹੈ। ਓਥੋਂ ਆਪ ਨੂੰ ਪੰਜਾਬ ਸਿਕਿਓਰਿਟੀ ਐਕਟ ਦੀ ਦਫ਼ਾ 9 ਅਧੀਨ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਆਪ ਨੇ 15 ਅਗਸਤ ਨੂੰ ਜੇਲ੍ਹ ਵਿੱਚ ਹੀ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਦਿਨੋ ਦਿਨ ਵਿਗੜ ਰਹੀ ਹਾਲਤ ਕਾਰਨ ਉਸ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਦੇ ਫੈਮਿਲੀ ਵਾਰਡ ਦੇ ਕਮਰਾ 13 ਵਿੱਚ ਲਿਆਂਦਾ ਗਿਆ। ਭਾਵੇਂ ਸਰਕਾਰ ਨੇ ਸ. ਫੇਰੂਮਾਨ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਸੀ ਪਰ ਆਪ ਪੁਲੀਸ ਦੀ ਨਿਗਰਾਨੀ ਹੇਠ ਹੀ ਰਹਿ। ਕਿਸੇ ਵੀ ਆਮ ਆਦਮੀ ਨੂੰ ਆਪ ਨੂੰ ਮਿਲਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। 27 ਅਕਤੂਬਰ 1969 ਦੀ ਸ਼ਾਮ ਦੇ ਸਾਢੇ ਤਿੰਨ ਵਜੇ 74 ਦਿਨਾਂ ਦੇ ਮਰਨ ਵਰਤ ਉਪਰੰਤ ਆਪ ਨੇ ਅੰਤਿਮ ਸਵਾਸ ਲਿਆ ਅਤੇ ਉਨ੍ਹਾਂ ਦੀ ਆਤਮਾ ਗੁਰੂ ਚਰਨਾਂ ਵਿੱਚ ਜਾ ਬਿਰਾਜੀ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਵਾਲੀ ਮਹਾਨ ਸ਼ਹੀਦਾਂ ਦੀ ਪਦਵੀ ਪ੍ਰਾਪਤ ਕੀਤੀ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀਆਂ ਸਾਰੀਆਂ ਮੰਗਾਂ ਉੱਥੇ ਹੀ ਖੜ੍ਹੀਆਂ ਹਨ। ਉਹ ਭਾਵੇਂ ਅੱਜ ਸਾਡੇ ਵਿਚ ਨਹੀਂ ਪਰ ਆਪ ਦੀ ਕੁਰਬਾਨੀ ਸਿੱਖ ਇਤਿਹਾਸ ਵਿਚ ਆਪ ਦੇ ਨਾਂ ਨੂੰ ਹਮੇਸ਼ਾਂ ਕਾਇਮ ਰਖੇਗੀ। ਉਨ੍ਹਾਂ ਦੀ ਯਾਦ ਨੂੰ ਕਾਇਮ ਰਖਣ ਲਈ ਉਨ੍ਹਾਂ ਦੇ ਪ੍ਰਵਾਰ ਤੇ ਇਲਾਕਾ ਨਿਵਾਸੀਆਂ ਨੇ ਇਕ ਟਰੱਸਟ ਬਣਾਇਆ ਹੈ ।ਉਨ੍ਹਾਂ ਦੇ ਨਾਂ ਤੇ ਰਈਆ ਵਿਚ ਲੜਕੀਆਂ ਦਾ ਕਾਲਜ, ਪਬਲਿਕ ਸਕੂਲ ਤੇ ਬੁਤਾਲਾ ਵਿਚ ਪਬਲਿਕ ਸਕੂਲ ਕਾਇਮ ਕੀਤੇ ਗਏ ਹਨ।

**ਦੇਸ਼ ਅਜ਼ਾਦ-ਪੰਥ ਗ਼ੁਲਾਮ :** ਸ. ਦਰਸ਼ਨ ਸਿੰਘ ਫੇਰੂਮਾਨ ਨੇ ਪਹਿਲੀ ਅਗਸਤ 1969 ਨੂੰ ਇੱਕ ਵਸੀਹਤ ਕੀਤੀ ਸੀ ਜਿਸਦੀ ਲਿਖਤ ਅਜੇ ਮੌਜੂਦ ਹੈ ਅਤੇ ਉਹਨਾਂ ਦੀ ਆਵਾਜ਼ ਵਿੱਚ ਰੀਕਾਰਡ ਵੀ ਕੀਤੀ ਹੋਈ ਹੈ, ਜੋ ਇਸ ਪ੍ਰਕਾਰ ਹੈ :-

“ਮੈਂ ਪੰਥ ਦੀ ਚੜ੍ਹਦੀ ਕਲਾ ਅਤੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਦਾ ਰਿਹਾ ਹਾਂ, ਮੇਰਾ ਇਹ ਜੀਵਨ ਲੋਕਾਂ ਦੇ ਸਾਹਮਣੇ ਹੈ। ਹੁਣ ਦੇਸ਼ ਆਜ਼ਾਦ ਹੋ ਗਿਆ ਹੈ, ਪਰ ਪੰਥ ਅਜੇ ਵੀ ਗ਼ੁਲਾਮ ਹੈ। ਪੰਥ ਦੀ ਰਾਜਨੀਤੀ ਅਤੇ ਗੁਰਧਾਮਾਂ ਉਤੇ ਦੰਭੀ ਸੰਤਾਂ ਤੇ ਪੰਥ ਦੋਖੀਆਂ ਦਾ ਕਬਜ਼ਾ ਹੈ। ਧਰਮ ਦੀ ਥਾਂ ਭ੍ਰਿਸ਼ਟਾਚਾਰ ਤੇ ਗਿਰਾਵਟ ਵੱਧ ਗਈ ਹੈ। ਸਿੱਖ ਧਰਮ ਦੇ ਸਿਧਾਂਤ, ਖ਼ਾਲਸੇ ਦੀਆਂ ਰਵਾਇਤਾਂ ਅਤੇ ਸਿੰਘਾਂ ਦਾ ਇਤਿਹਾਸਕ ਗੌਰਵ ਪੈਰਾਂ ਹੇਠ ਲਿਤਾੜ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਦੇ ਸਨਮੁਖ ਮਰਨ ਵਰਤ ਰੱਖ ਕੇ ਅਤੇ ਜਿਉਂਦੇ ਸੜ ਮਰਨ ਦੇ ਅਰਦਾਸੇ ਕਰਨ ਵਾਲੇ ਕਾਇਰਤਾ ਦਾ ਰਾਹ ਫੜ ਕੇ ਪੰਥ ਤੇ ਸਿੱਖ ਧਰਮ ਅਤੇ ਪੰਜਾਬ ਸਰਕਾਰ ਉੱਤੇ ਪੱਕਾ ਜੱਫਾ ਪਾਈ ਰੱਖਣ ਦੀ ਸਾਜ਼ਿਸ਼ ਵਿੱਚ ਕਾਮਯਾਬ ਹੋ ਰਹੇ ਹਨ। ਇਸ ਦੰਭ ਅਤੇ ਅਧਰਮ ਨੂੰ ਹੀ ਸਿੱਖਾਂ ਦਾ ਧਰਮ ਦਰਸਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਰੀਕ ਕੁੰਡ ਖੜ੍ਹੇ ਕਰ (ਪੰਨਾ 48) ਦਿੱਤੇ ਹਨ, ਜਿਨ੍ਹਾਂ ਨੂੰ ਧੱਕੇ ਤੇ ਸਰਕਾਰੀ ਸ਼ਹਿ ਨਾਲ ਕਾਇਮ ਰੱਖਿਆ ਜਾ ਰਿਹਾ ਹੈ। ਪੰਥ ਦੀ ਅਧੋਗਤੀ ਅਤੇ ਅਪਮਾਨ ਜੋ ਅੱਜ ਹੋ ਰਿਹਾ ਹੈ, ਅੱਗੇ ਕਦੇ ਨਹੀਂ ਹੋਇਆ, ਧਰਮ ਦੀ ਦੁਰਦਸ਼ਾ ਜੋ ਅੱਜ ਕੀਤੀ ਜਾ ਰਹੀ ਹੈ, ਪਹਿਲਾਂ ਕਦੇ ਨਹੀਂ ਹੋਈ। ਸਿੱਖ ਰਾਜਨੀਤੀ ਵਿੱਚੋਂ ਸਾਧਾਂ, ਮਹੰਤਾਂ ਅਤੇ ਕੌਮ ਦੇ ਗ਼ੱਦਾਰਾਂ ਨੇ ਸਿੱਖੀ ਨੂੰ ਖਾਰਿਜ ਕਰਨ ਅਤੇ ਸਿੱਖਾਂ ਨੂੰ ਗ਼ੈਰਾਂ ਦੇ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਪੱਕੇ ਤੌਰ ’ਤੇ ਰਚ ਲਈ ਹੈ। ਇਹ ਕੂੜ ਦੀ ਮੱਸਿਆ ਅਤੇ ਦੰਭ ਦਾ ਜਾਲ ਬਿਨਾਂ ਸਿਰ ਦਿੱਤਿਆਂ ਹੁਣ ਦੂਰ ਨਹੀਂ ਹੋਣਾ। ਇਹ ਅਰਦਾਸੇ ਭੰਗ ਕਰਨ ਦਾ ਪਾਪ, ਪੰਥ ਦੇ ਮੁੜ ਉੱਠ ਖੜ੍ਹੇ ਹੋਣ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ ਅਤੇ ਇਹ ਪਾਪ ਬਿਨਾਂ ਸੀਸ ਦਿੱਤਿਆਂ ਧੋਤਾ ਨਹੀਂ ਜਾਣਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਤ ਫਤਹਿ ਸਿੰਘ ਅਤੇ ਉਸ ਦੇ ਦੰਭੀ ਸਾਥੀਆਂ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ-ਕੁੰਡ ਪੁਕਾਰ ਪੁਕਾਰ ਕੇ ਸਿੰਘਾਂ ਕੋਲੋਂ ਆਹੂਤੀਆਂ ਮੰਗ ਰਹੇ ਹਨ। ਗੁਰੂ ਤੇ ਅਕਾਲ ਪੁਰਖ ਤੋਂ ਭਗੌੜਾ ਹੋ ਕੇ ਪੰਥ ਬਚ ਨਹੀਂ ਸਕਦਾ। ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ ਆਪਣਾ ਸੀਸ ਦੇ ਕੇ ਪੰਥ ਦੇ ਅਖੌਤੀ ਲੀਡਰਾਂ ਅਤੇ ਸਿੱਖੀ ਦੇ ਗ਼ੱਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪ੍ਰਾਸ਼ਚਿਤ ਕਰੇ ਤਾਂ ਜੋ ਪੰਥ ਆਜ਼ਾਦ ਹਿੰਦੁਸਤਾਨ ਵਿੱਚ ਆਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵੱਲ ਅਗਲਾ ਕਦਮ ਚੁੱਕ ਸਕੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਮੈਂ ਆਪਣਾ

ਬਲੀਦਾਨ ਦੇਣ ਲੱਗਾ ਹਾਂ। ਸੰਗਤਾਂ ਨੂੰ ਮੇਰੀ ਬੇਨਤੀ ਹੈ ਕਿ ਮੇਰੇ ਪਿੱਛੋਂ ਉਹ ਆਪਣਾ ਫ਼ਰਜ਼ ਪਛਾਣਨ। ਮੇਰੇ ਮਰਨ ਤੋਂ ਪਿੱਛੋਂ ਮੇਰੇ ਸਰੀਰ ਨੂੰ ਸੰਤ ਫ਼ਤਹਿ ਸਿੰਘ ਦੇ ਨਾਮ ਹੇਠਾਂ ਬਣਾਏ ਹੋਏ ਅੱਗਨੀ ਕੁੰਡ ਵਿੱਚ ਰੱਖ ਕੇ ਫੂਕ ਦਿੱਤਾ ਜਾਵੇ ਅਤੇ ਮੇਰੀਆਂ ਅਸਥੀਆਂ ਕੀਰਤਪੁਰ ਸਾਹਿਬ ਪੁਚਾ ਦਿੱਤੀਆਂ ਜਾਣ। ਪੰਥ ਦੇ ਮਸੰਦਾਂ ਅਤੇ ਧਰਮ ਦੇ ਦੋਖੀਆਂ ਨਾਲ ਯਥਾਯੋਗ ਸਕੂਲ ਕੀਤਾ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬਣੇ ਹੋਏ ਦੰਭ ਅਤੇ ਪਾਖੰਡ ਦੀਆਂ ਨਿਸ਼ਾਨੀਆਂ ਅਗਨੀਕੁੰਡ ਢਾਹ ਦਿੱਤੇ ਜਾਣ। ਸੰਗਤਾਂ ਅਰਦਾਸ ਕਰਨ ਕਿ ਸਾਹਿਬ ਦਸਮ ਪਾਤਸ਼ਾਹ ਮੇਰੀ ਤੁੱਛ ਕੁਰਬਾਨੀ ਕਬੂਲ ਕਰਨ ਅਤੇ ਆਪਣੇ ਪੰਥ ਦੀ ਬਾਹੁੜੀ ਕਰਨ, ਸੰਪੂਰਨ ਪੰਜਾਬ ਜ਼ਿੰਦਾਬਾਦ, ਸਿੱਖ ਹੋਮਲੈਂਡ ਅਮਰ ਰਹੇ।

ਵਾਹਿਗੁਰੂ ਜੀ ਦਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
ਗੁਰੂ ਪੰਥ ਦਾ ਦਾਸ
ਦਰਸ਼ਨ ਸਿੰਘ ਫੇਰੂਮਾਨ

**ਸ. ਕਪੂਰ ਸਿੰਘ ਦਾ ਪ੍ਰਤੀਕਰਮ :** ਸਿੱਖ ਪੰਥ ਦੇ ਸ਼੍ਰੋਮਣੀ ਵਿਦਵਾਨ ਸ. ਕਪੂਰ ਸਿੰਘ ਅਨੁਸਾਰ "ਸ. ਦਰਸ਼ਨ ਸਿੰਘ ਫੇਰੂਮਾਨ ਨੇ ਇਸ ਲਈ ਸ਼ਹਾਦਤ ਦਿੱਤੀ ਸੀ ਕਿ ਉਹ ਕਾਲਖ ਜਿਹੜੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਜਿਊਂਦੇ ਸੜ ਮਰਨ ਦੇ ਅਰਦਾਸੇ ਭੰਗ ਕਰਕੇ ਕਾਇਰ, ਦੰਭੀ, ਗੁਰੂ ਤੋਂ ਬੇਮੁੱਖ ਤੇ ਪੰਥ ਦੇ ਅਖੌਤੀ ਭਗੌੜੇ ਲੀਡਰਾਂ ਨੇ, ਪੰਥ ਦੇ ਉੱਜਲ ਮੁੱਖ ਉੱਤੇ ਮਲੀ ਹੈ, ਉਹ ਧੋਤੀ ਜਾਵੇ। ਉਹਨਾਂ ਨੇ ਆਪਣਾ ਬਲੀਦਾਨ ਕੀਤਾ ਤਾਂ ਜੋ ਜਿਹੜੇ ਝੂਠੇ ਦਾਅਵੇ, ਅਖੌਤੀ ਸਿੱਖ ਲੀਡਰਾਂ ਨੇ ਚੰਡੀਗੜ੍ਹ ਅਤੇ ਭਾਖੜਾ ਨੂੰ ਪੰਜਾਬ ਵਿੱਚ ਸ਼ਾਮਲ ਕਰਾਉਣ ਲਈ ਕੀਤੇ ਸਨ, ਉਹਨਾਂ ਬਚਨਾਂ ਉੱਤੇ ਮੁੜ ਪਹਿਰਾ ਦੇ ਕੇ, ਉਹ ਪੂਰੇ ਕੀਤੇ ਜਾਣ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਮਹਾਨ ਕੁਰਬਾਨੀ ਇਸ ਲਈ ਕੀਤੀ ਸੀ ਤਾਂ ਜੋ ਉਹਨਾਂ ਕਾਇਰ, ਦੰਭੀ ਅਤੇ ਪੰਥ ਦੇ ਗ਼ੱਦਾਰ, ਜਿਨ੍ਹਾਂ ਨੇ ਜਿਊਂਦੇ ਸੜ ਮਰਨ ਦਾ ਅਰਦਾਸਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤ ਉੱਤੇ ਅਗਨੀ ਕੁੰਡ ਬਣਾਏ ਹਨ ਅਤੇ ਮੌਤ ਤੋਂ ਡਰਦੇ ਗਿੱਦੜਾਂ ਵਾਂਗ ਭੱਜ ਗਏ ਹਨ ਅਤੇ ਇਉਂ ਪੰਥ ਦੇ ਅਦ੍ਰਿਸ਼ਟ, ਦਿੱਬ ਗੁਰੂ ਨਾਲ ਪੀਡੇ ਰਿਸ਼ਤੇ ਨੂੰ ਕਮਜ਼ੋਰ ਕੀਤਾ ਹੈ, ਉਹ ਰਿਸ਼ਤਾ ਮੁੜ ਸੁਰਜੀਤ ਕੀਤਾ ਜਾਵੇ। ਇਹ ਸ਼ਹਾਦਤ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਆਜ਼ਾਦ ਪੰਥ ਆਜ਼ਾਦ ਹਿੰਦੁਸਤਾਨ ਵਿੱਚ ਪ੍ਰਾਪਤ ਕਰਨ ਲਈ ਕੀਤੀ ਗਈ ਹੈ।

ਸ. ਫੇਰੂਮਾਨ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਦੀ ਮਾਰ ਅਤੇ ਪਾਪਾਂ ਦਾ ਬੋਝ ਨਾ ਸਹਾਰਦੇ ਹੋਏ ਸੰਤ ਫਤਹਿ ਸਿੰਘ ਅਤੇ ਸੰਤ ਚੰਨਣ ਸਿੰਘ 1972 ਵਿੱਚ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ। ਉਹਨਾਂ ਦੇ ਪਿੱਛੋਂ ਜਥੇਦਾਰ ਮੋਹਨ ਸਿੰਘ ਤੁੜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪਰ 1973 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਬਹੁਮਤ ਲੈ ਗਈ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਏ। ਪੰਜਾਬ ਦੀਆਂ ਮੰਗਾਂ ਜਿਉਂ ਦੀਆਂ ਤਿਉਂ ਵਿਚਾਲੇ ਹੀ ਲਟਕ ਰਹੀਆਂ ਸਨ ਕਿ ਜੱਥੇਦਾਰ ਤੁੜ ਨੇ ਅਕਾਲੀ ਦਲ ਦਾ ਨਵਾਂ ਪਾਲਸੀ ਪ੍ਰੋਗਰਾਮ ਤਿਆਰ ਕਰਨ ਲਈ ਸ. ਕਪੂਰ ਸਿੰਘ ਆਈ ਸੀ ਐਸ ਦੀ ਸਰਪ੍ਰਸਤੀ ਹੇਠ ਇੱਕ ਸੱਤ ਮੈਂਬਰੀ ਸਬ ਕਮੇਟੀ ਬਣਾ ਦਿੱਤੀ। ਇਸ ਦੀਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਤਾਰ ਮੀਟਿੰਗਾਂ ਚੱਲਦੀਆਂ ਰਹੀਆਂ ਅਤੇ ਪਾਲਸੀ ਪ੍ਰੋਗਰਾਮ ਦਾ ਖਰੜਾ ਤਿਆਰ ਕਰਕੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੌਂਪ ਦਿੱਤਾ ਗਿਆ, ਜਿਸ ਨੇ ਇਸ ਉੱਪਰ ਵਿਚਾਰ ਕਰਨ ਲਈ ਜਨਰਲ ਹਾਊਸ ਦੀ ਮੀਟਿੰਗ ਸੱਦ ਲਈ। ਇਸ ਮੀਟਿੰਗ ਵਿੱਚ ਇਹ ਖਰੜਾ ਪ੍ਰਵਾਨ ਕਰ ਲਿਆ ਗਿਆ। ਜੋ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਂ ਨਾਲ ਪ੍ਰਸਿੱਧ ਹੋਇਆ।

# ਆਧੁਨਿਕ ਭਾਰਤ ਦਾ ਨਵੀਨ ਮੰਦਰ 'ਭਾਖੜਾ ਡੈਮ'

ਗੁਰਪ੍ਰੀਤ ਸਿੰਘ ਗਰੇਵਾਲ

ਭਾਖੜਾ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਦਾ ਇਕ ਛੋਟਾ ਜਿਹਾ ਪਿੰਡ ਹੈ, ਜਿੱਥੇ ਸੰਸਾਰ ਦੇ ਸਭ ਤੋਂ ਵੱਧ ਉਚਾਈ ਵਾਲੇ ਬੰਨ੍ਹਾਂ 'ਚੋਂ ਇਕ ਭਾਖੜਾ ਡੈਮ ਸਥਿਤ ਹੈ। ਭਾਖੜਾ ਡੈਮ ਦਾ ਨਿਰਮਾਣ ਕਾਰਜ ਆਜ਼ਾਦੀ ਤੋਂ ਬਾਅਦ 1948 'ਚ ਸ਼ੁਰੂ ਹੋਇਆ ਸੀ ਅਤੇ ਇਹ 1963 ਤੱਕ ਚੱਲਦਾ ਰਿਹਾ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਨੰਗਲ-ਭਾਖੜਾ ਪ੍ਰਾਜੈਕਟ 'ਚ ਅਥਾਹ ਦਿਲਚਸਪੀ ਲਈ ਅਤੇ ਉਹ 1948-1963 ਦੌਰਾਨ 13 ਵਾਰ ਨੰਗਲ ਆਏ। ਪੰਡਿਤ ਨਹਿਰੂ ਨੇ ਭਾਖੜਾ ਡੈਮ ਨੂੰ ਆਧੁਨਿਕ ਭਾਰਤ ਦਾ 'ਨਵੀਨ ਮੰਦਰ' ਕਿਹਾ ਸੀ। ਦਿੱਲੀ ਦੇ ਕੁਤਬਮੀਨਾਰ ਤੋਂ ਤਿੰਨ ਗੁਣਾ ਉੱਚੇ ਇਸ ਬੰਨ੍ਹ ਦੀ ਉੱਚਾਈ 225.55 ਮੀਟਰ (740 ਫੁੱਟ) ਹੈ। ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਦਿੱਲੀ ਤੇ ਚੰਡੀਗੜ੍ਹ ਵਿਚ ਰੌਸ਼ਨੀ ਬਿਖੇਰਨ ਵਾਲੇ ਨੰਗਲ-ਭਾਖੜਾ ਪ੍ਰਾਜੈਕਟ 'ਤੇ 245.28 ਕਰੋੜ ਰੁਪਏ ਦੀ ਲਾਗਤ ਆਈ ਸੀ। ਭਾਖੜਾ ਡੈਮ ਦੀ ਬਦੌਲਤ ਪੰਜਾਬ, ਹਰਿਆਣਾ, ਰਾਜਸਥਾਨ ਦੀ ਬੰਜਰ ਭੂਮੀ ਦੀ ਪਿਆਸ ਬੁਝੀ ਤੇ ਦੇਸ਼ 'ਚ ਹਰੀ ਕ੍ਰਾਂਤੀ ਆਈ। ਅਮਰੀਕਨ ਇੰਜੀਨੀਅਰ ਐਮ.ਐੱਚ. ਸਲੋਕਮ ਦੀ ਅਗਵਾਈ 'ਚ 30 ਵਿਦੇਸ਼ੀ ਮਾਹਿਰਾਂ, 300 ਇੰਜੀਨੀਅਰਾਂ ਤੇ 13,000 ਮਜ਼ਦੂਰਾਂ ਨੇ (1948-63) ਦਿਨ-ਰਾਤ ਕੰਮ ਕਰਕੇ ਭਾਖੜਾ ਡੈਮ ਦੀ ਉਸਾਰੀ ਕੀਤੀ। ਭਾਖੜਾ ਡੈਮ ਦੇ ਨਿਰਮਾਣ ਸਮੇਂ ਵਰਤੀ ਗਈ ਕੰਕਰੀਟ ਦੀ ਮਾਤਰਾ ਏਨੀ ਜ਼ਿਆਦਾ ਹੈ ਕਿ ਇਸ ਮਾਤਰਾ ਨਾਲ ਸਮੁੱਚੇ ਸੰਸਾਰ ਦੁਆਲੇ 2.44 ਮੀਟਰ (8 ਫੁੱਟ ਚੌੜੀ) ਕੰਕਰੀਟ ਦੀ ਸੜਕ ਬਣਾਈ ਜਾ ਸਕਦੀ ਹੈ। ਭਾਖੜਾ ਡੈਮ ਦਾ ਨਿਰਮਾਣ ਕਰਦਿਆਂ 300 ਮਜ਼ਦੂਰ ਸ਼ਹੀਦ ਹੋਏ ਸਨ, ਜਿਨ੍ਹਾਂ ਨੂੰ ਹਰ ਵਰ੍ਹੇ 22 ਅਕਤੂਬਰ ਨੂੰ ਭਾਖੜਾ ਡੈਮ ਦੇ ਸਥਾਪਨਾ ਦਿਵਸ ਮੌਕੇ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਸਮੇਂ- ਸਮੇਂ ਦੀ ਗੱਲ ਹੈ। ਅੱਜ ਨੰਗਲ-ਭਾਖੜਾ ਡੈਮ ਤੱਕ ਚੱਲਣ ਵਾਲੀ ਅਨੋਖੀ ਰੇਲ ਜਿਸ 'ਚ ਯਾਤਰਾ ਕਰਨ ਦਾ



ਕੋਈ ਟਿਕਟ ਨਹੀਂ ਹੈ, ਸੈਲਾਨੀਆਂ 'ਚ ਕਾਫ਼ੀ ਮਕਬੂਲ ਹੈ। ਇਸ ਰੇਲ 'ਚ ਕਈ ਦਹਾਕੇ ਤੱਕ ਕੀਰਤਨ ਵੀ ਹੁੰਦਾ ਰਿਹਾ। ਭਾਖੜਾ ਡੈਮ ਦੇ ਨਿਰਮਾਣ ਸਮੇਂ ਮਜ਼ਦੂਰ ਰੱਬ ਦਾ ਨਾਂਅ ਲੈਂਦੇ ਹੀ ਜਾਇਆ ਕਰਦੇ ਸਨ, ਕਿਉਂਕਿ ਕੰਮ ਬਹੁਤ ਜੋਖ਼ਮ ਭਰਿਆ ਸੀ ਤੇ ਸੁਰੱਖਿਆ ਸਾਧਨ ਵੀ ਅੱਜ ਵਰਗੇ ਨਹੀਂ ਸਨ। ਭਾਖੜਾ ਡੈਮ ਦੀ ਝੀਲ 'ਗੋਬਿੰਦ ਸਾਗਰ' 168.35 ਵਰਗ ਕਿ.ਮੀ. (65 ਵਰਗ ਮੀਲ) ਖੇਤਰ 'ਚ ਫੈਲੀ ਹੋਈ ਹੈ ਅਤੇ ਇਸ ਵਿਚ 78 ਲੱਖ ਏਕੜ ਫੁੱਟ ਪਾਣੀ ਦਾ ਭੰਡਾਰ ਕਰਨ ਦੀ ਸਮਰੱਥਾ ਹੈ। ਭਾਖੜਾ ਡੈਮ 'ਚ ਬਿਜਲੀ ਪੈਦਾ ਕਰਨ ਵਾਲੇ ਦੋ ਪਾਵਰ ਹਾਊਸ ਹਨ। ਪੰਜ-ਪੰਜ ਯੂਨਿਟਾਂ 'ਤੇ ਆਧਾਰਿਤ ਉਕਤ ਪਾਵਰ ਹਾਊਸ ਭਾਖੜਾ ਡੈਮ ਦੇ ਸੱਜੇ ਤੇ ਖੱਬੇ ਕਿਨਾਰੇ 'ਤੇ ਸਥਿਤ ਹਨ। ਆਮ ਬੋਲਚਾਲ ਦੀ ਭਾਸ਼ਾ 'ਚ ਇਨ੍ਹਾਂ ਨੂੰ ਜਪਾਨੀ ਤੇ ਰੂਸੀ ਪਾਵਰ ਹਾਊਸ ਕਿਹਾ ਜਾਂਦਾ ਹੈ, ਜਦਕਿ ਤਕਨੀਕੀ ਭਾਸ਼ਾ 'ਚ ਪੀ.ਪੀ. ਵਨ ਤੇ ਪੀ.ਪੀ. ਟੂ ਕਿਹਾ ਜਾਂਦਾ ਹੈ। ਪੀ.ਪੀ. ਵਨ (ਜਪਾਨੀ ਪਾਵਰ ਹਾਊਸ) ਦੀ ਹਰ ਮਸ਼ੀਨ (ਕੁੱਲ 5) 126 ਮੈਗਾਵਾਟ ਬਿਜਲੀ ਉਤਪਾਦਨ ਕਰਨ ਦੀ ਸਮਰੱਥਾ ਰੱਖਦੀ ਹੈ। ਪੀ.ਪੀ. ਟੂ (ਰਸ਼ੀਅਨ ਪਾਵਰ ਹਾਊਸ) ਦੀ ਹਰ ਮਸ਼ੀਨ ਦੀ ਬਿਜਲੀ ਉਤਪਾਦਨ ਸਮਰੱਥਾ 157 ਮੈਗਾਵਾਟ ਹੈ। ਭਾਖੜਾ ਡੈਮ ਤੋਂ 13 ਕਿ.ਮੀ. ਦੂਰ ਨੰਗਲ ਡੈਮ ਹੈ। 95 ਫੁੱਟ ਉੱਚੇ ਨੰਗਲ ਡੈਮ ਦੇ ਕੁੱਲ 26 ਗੇਟ ਹਨ ਤੇ ਹਰ ਗੇਟ ਦੀ ਚੌੜਾਈ 30 ਫੁੱਟ ਹੈ। ਨੰਗਲ ਡੈਮ 3,50,000 ਕਿਊਸਿਕ ਪਾਣੀ ਨਿਕਾਸ ਕਰਨ ਦੀ ਸਮਰੱਥਾ ਰਖੱਦਾ ਹੈ। ਭਾਖੜਾ ਡੈਮ ਦੀ ਉਮਰ 400 ਸਾਲ ਮਿੱਥੀ ਗਈ ਸੀ ਪਰ ਗਾਰ (ਸਿਲਟ) ਦੀ ਗੰਭੀਰ ਸਮੱਸਿਆ ਕਾਰਨ ਇਹ ਉਮਰ ਲਗਾਤਾਰ ਘਟ ਰਹੀ ਹੈ।

ਗੋਬਿੰਦ ਸਾਗਰ ਦਾ ਖੇਤਰ ਗਾਰ ਕਾਰਨ ਲਗਾਤਾਰ ਘਟ ਰਿਹਾ ਹੈ। ਸਰਕਾਰੀ ਯਤਨਾਂ ਦੇ ਬਾਵਜੂਦ ਨਾ ਸਿਰਫ਼ ਰੁੱਖ ਵੱਢੇ ਜਾ ਰਹੇ ਹਨ, ਸਗੋਂ ਅੰਨ੍ਹੇਵਾਹ ਹੋ ਰਹੇ ਨਿਰਮਾਣ ਕਾਰਜਾਂ ਦਾ ਮਲਬਾ ਵੀ ਝੀਲ 'ਚ ਸੁੱਟਿਆ ਜਾ ਰਿਹਾ ਹੈ। ਸੈਰ-ਸਪਾਟੇ ਦੇ ਨਾਂਅ 'ਤੇ ਹੋ ਰਹੇ ਨਿਰਮਾਣ ਝੀਲ ਦੇ ਸੁਹੱਪਣ ਤੇ ਸਿਹਤ ਲਈ ਖ਼ਤਰੇ ਦੀ ਘੰਟੀ ਹਨ। ਝੀਲ 'ਚੋਂ ਗਾਰ ਕੱਢਣਾ ਵੀ ਸੌਖਾ ਕੰਮ ਨਹੀਂ, ਕਿਉਂਕਿ ਸਵਾਲ ਇਹ ਵੀ ਹੈ ਕਿ ਏਨੇ ਵਰ੍ਹੇ 'ਚ ਜਮ੍ਹਾਂ ਹੋਈ ਗਾਰ ਕੱਢ ਕੇ ਰੱਖਣੀ ਕਿੱਥੇ ਹੈ? ਗਾਰ ਕੱਢਣ ਲਈ ਵੱਡੇ ਪੱਧਰ 'ਤੇ ਖ਼ਾਸ ਯੋਜਨਾਬੰਦੀ ਦੀ ਲੋੜ ਹੋਵੇਗੀ। ਗਾਰ ਕੱਢਣ ਦੇ ਕੰਮ ਲਈ ਸਿਰਫ ਮਾਰਚ, ਅਪ੍ਰੈਲ, ਮਈ ਮਹੀਨੇ ਹੀ ਢੁਕਵੇਂ ਹਨ, ਕਿਉਂਕਿ ਉਸ ਸਮੇਂ ਝੀਲ ਦਾ ਪਾਣੀ ਉਤਰਿਆ ਹੁੰਦਾ ਹੈ। ਅਸਲ 'ਚ ਹਿਮਾਚਲ ਵਰਗੇ ਪਹਾੜੀ ਰਾਜ ਵਿਚ ਵੀ ਪੰਜਾਬ ਵਰਗੇ ਨਿਰਮਾਣ ਹੋ ਰਹੇ ਹਨ, ਜਿਸ ਕਾਰਨ ਚੌਗਿਰਦੇ ਦਾ ਸੰਤੁਲਨ ਵਿਗੜ ਰਿਹਾ ਹੈ। ਸਰਕਾਰੀ ਨਿਯਮ ਹੁੰਦੇ ਤਾਂ ਸਖ਼ਤ ਹਨ ਪਰ ਸਖ਼ਤੀ ਨਾਲ ਲਾਗੂ ਨਹੀਂ ਕੀਤੇ ਜਾਂਦੇ। ਭਾਖੜਾ ਬਿਆਸ ਪ੍ਰਬੰਧਨ ਬੋਰਡ ਦੇ ਸਾਬਕਾ ਚੇਅਰਮੈਨ ਸੰਜੇ ਸ੍ਰੀਵਾਸਤਵਾ ਦੀ ਇਹ ਟਿੱਪਣੀ ਵੀ ਵਿਚਾਰਨਯੋਗ ਹੈ 'ਪ੍ਰਾਜੈਕਟ ਤਾਂ ਬਣ ਗਿਆ ਪਰ ਮਗਰੋਂ ਕੁਝ ਖ਼ਾਸ ਨਹੀਂ ਹੋਇਆ।' ਬਹੁਤ ਅਹਿਮ 'ਸਪਿਲ-ਵੇਅ' ਦਾ ਕਾਰਜ 6 ਵਰ੍ਹਿਆਂ ਤੋਂ ਬੰਦ ਹੈ। ਅਸਲ ਵਿਚ ਇਹ ਕਾਰਜ ਕਰਨ ਲਈ 150 ਬੰਦਿਆਂ ਦੀ ਟੀਮ ਦੀ ਲੋੜ ਹੁੰਦੀ ਹੈ, ਜਦਕਿ ਸਰਕਾਰ ਨਵੇਂ ਮੁਲਾਜ਼ਮ ਭਰਤੀ ਨਹੀਂ ਕਰ ਰਹੀ। ਪ੍ਰਾਜੈਕਟ ਵਿਚ ਆਊਟਸੋਰਸਿੰਗ ਦਾ ਬੋਲਬਾਲਾ ਹੈ, ਜੋ ਸੁਰੱਖਿਆ ਪੱਖੋਂ ਵੀ ਠੀਕ ਨਹੀਂ। 'ਸਪਿਲ-ਵੇਅ' ਕਾਰਜ ਬਹੁਤ ਜ਼ਰੂਰੀ ਹੈ, ਇਸ ਲਈ ਸਰਕਾਰ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਭਾਖੜਾ ਡੈਮ ਦੇ ਦੋਵੇਂ ਪਾਸੇ ਵੱਡੇ-ਵੱਡੇ ਪਹਾੜ ਹਨ। ਇਹ ਭਾਖੜਾ ਡੈਮ 'ਤੇ ਨਾ ਡਿਗਣ, ਇਸ ਲਈ ਥਾਂ-ਥਾਂ 'ਗਰੌਟਿੰਗ' ਕਰਕੇ ਪਹਾੜ ਪੱਕੇ ਕੀਤੇ ਗਏ ਹਨ। ਸਥਾਈ ਮੁਲਾਜ਼ਮ ਨਾ ਹੋਣ ਕਾਰਨ 'ਗਰੌਟਿੰਗ' ਦਾ ਕੰਮ ਵੀ ਨਹੀਂ ਹੋ ਰਿਹਾ। ਭਾਖੜਾ-ਬਿਆਸ ਪ੍ਰਬੰਧਨ ਬੋਰਡ ਨੇ ਵਿਸ਼ਵ ਬੈਂਕ ਨੂੰ ਇਕ ਯੋਜਨਾ ਬਣਾ ਕੇ ਭੇਜੀ ਹੈ, ਜਿਸ ਦਾ ਉਦੇਸ਼ 'ਗਰੌਟਿੰਗ' ਕਾਰਜ ਲਈ ਫੰਡ ਪ੍ਰਾਪਤ ਕਰਨਾ ਹੈ। ਇਸ ਯੋਜਨਾ ਲਈ ਭੂ-ਵਿਗਿਆਨੀਆਂ ਦੀ ਸਲਾਹ ਵੀ ਲਈ ਜਾ ਰਹੀ। 2023 ਤੇ 2025 ਵਿਚ ਆਏ ਹੜ੍ਹਾਂ ਕਾਰਨ ਭਾਖੜਾ-ਬਿਆਸ ਪ੍ਰਬੰਧਨ ਬੋਰਡ ਦੀ ਯੋਜਨਾਬੰਦੀ ਅਤੇ ਕਾਰਜ ਪ੍ਰਣਾਲੀ ਦੀ ਹਰ ਪਾਸਿਓਂ ਤਿੱਖੀ ਆਲੋਚਨਾ ਵੀ ਹੋ ਰਹੀ ਹੈ। ਹਰ ਆਮ ਬੰਦਾ ਵੀ ਇਹ ਸਵਾਲ ਕਰ ਰਿਹਾ ਹੈ ਕਿ ਡੈਮ ਤਾਂ ਹੜ੍ਹ ਰੋਕਣ ਲਈ ਹੁੰਦੇ ਹਨ, ਫੇਰ ਵਾਰ-ਵਾਰ ਹੜ੍ਹ ਕਿਉਂ ਆ ਰਹੇ ਹਨ।

# ਨਕਸਲਵਾਦ ਦੇ ਵਿਰੁੱਧ ਢਿੱਲ ਹੋ ਸਕਦੀ ਹੈ ਖਤਰਨਾਕ

ਅਰਵਿੰਦ ਮੋਹਨ

ਆਮ ਤੌਰ 'ਤੇ ਆਲੋਚਨਾ ਦਾ ਸ਼ਿਕਾਰ ਬਣਨ ਵਾਲਾ ਗ੍ਰਹਿ ਮੰਤਰਾਲਾ ਜੇਕਰ ਨਕਸਲ ਸਮੱਸਿਆ ਨੂੰ ਨਿਪਟਾਉਣ ਦੀ ਆਪਣੀ ਤਾਜ਼ਾ ਮੁਹਿੰਮ ਦੇ ਕਾਰਨ ਸਿਫਤ ਹਾਸਲ ਕਰ ਰਿਹਾ ਹੈ ਤਾਂ ਉਹ ਅਤੇ ਉਸ ਦੇ ਹੁਕਮ 'ਤੇ ਕੰਮ ਕਰਨ ਵਾਲੀਆਂ ਸੁਰੱਖਿਆ ਏਜੰਸੀਆਂ ਦੇ ਲੋਕਾਂ ਨੂੰ ਇਸ ਦਾ ਸਿਹਰਾ ਦਿੱਤਾ ਜਾਣਾ ਚਾਹੀਦਾ ਹੈ। ਅਜੇ ਗ੍ਰਹਿ ਮੰਤਰਾਲਾ ਵਲੋਂ ਤੈਅ ਡੈੱਡਲਾਈਨ 'ਚ 5-6 ਮਹੀਨਿਆਂ ਦਾ ਸਮਾਂ ਹੈ ਅਤੇ ਨਕਸਲ ਪ੍ਰਭਾਵ ਵਾਲੇ ਇਲਾਕਿਆਂ 'ਚ ਵਰਣਨਯੋਗ ਕਮੀ ਆ ਗਈ ਹੈ।

ਨਕਸਲ ਪ੍ਰਭਾਵਿਤ ਜ਼ਿਲਿਆਂ ਦੀ ਗਿਣਤੀ 18 ਤੋਂ ਘੱਟ ਕੇ 11 ਹੋਣਾ ਇਸ ਕਮੀ ਨੂੰ ਢੰਗ ਨਾਲ ਨਹੀਂ ਦੱਸਦਾ ਕਿਉਂਕਿ ਹੁਣ ਉਨ੍ਹਾਂ 11 'ਚ ਵੀ ਉਨ੍ਹਾਂ ਦਾ ਜ਼ੋਰ ਕਾਫੀ ਘੱਟ ਰਿਹਾ ਹੈ ਅਤੇ ਉਨ੍ਹਾਂ ਦਾ ਕੇਡਰ ਮੈਦਾਨ ਲਗਭਗ ਖਤਮ ਹੋਣ ਵਾਲਾ ਹੈ ਜਾਂ ਮਾਰਿਆ ਗਿਆ ਹੈ।

ਸਰਕਾਰ ਨੇ ਸਖਤੀ ਤੋਂ ਬਾਅਦ ਆਤਮਸਮਰਪਣ ਕਰਨ ਦਾ ਸਹੀ ਬਦਲ ਰੱਖਿਆ ਤਾਂ ਚੋਟੀ ਦੀ ਲੀਡਰਸ਼ਿਪ ਸਮੇਤ ਵੱਡੀ ਗਿਣਤੀ 'ਚ ਹਥਿਆਰਬੰਦ ਕੇਡਰ ਨੇ ਆਤਮਸਮਰਪਣ ਕੀਤਾ। ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਹਾਲ ਹੀ 'ਚ ਮਾਰੇ ਗਏ ਜਾਂ ਆਤਮਸਮਰਪਣ ਕਰਨ ਵਾਲੇ ਨੇਤਾਵਾਂ ਦੇ ਅਲੱਗ ਹੋਣ ਦੇ ਬਾਅਦ ਭਾਕਪਾ (ਮਾਓਵਾਦੀ) ਦੀ ਪੋਲਿਟ ਬਿਊਰੋ ਦੇ ਸਿਰਫ 3 ਹੀ ਮੈਂਬਰ ਬਚ ਗਏ ਹਨ, ਜਿਨ੍ਹਾਂ 'ਚ ਇਕ ਉਮਰ ਅਤੇ ਬੀਮਾਰੀ ਕਾਰਨ ਗੈਰ-ਸਰਗਰਮ ਹਨ। ਕੇਂਦਰੀ ਕਮੇਟੀ ਦੇ ਵੀ 8 'ਚੋਂ 9 ਮੈਂਬਰ ਹੀ ਸਰਗਰਮ ਹਨ।

ਦੇਸ਼ ਦੇ ਅੰਦਰ ਕਿਸੇ ਵੀ ਵਿਅਕਤੀ ਜਾਂ ਸੰਗਠਨ ਦੀ ਤਾਕਤ ਸ਼ਾਸਨ ਅਤੇ ਵਿਵਸਥਾ ਨੂੰ ਚੁਣੌਤੀ ਦੇਣ ਵਾਲੀ ਨਹੀਂ ਹੋਣੀ ਚਾਹੀਦੀ ਅਤੇ ਜੇਕਰ ਕਿਸੇ ਇਲਾਕੇ 'ਚ ਵੀਰੱਪਨ ਦਾ ਤਾਂ ਕਿਸੇ ਨਕਸਲ ਸਮੂਹ ਜਾਂ ਸੰਵਿਧਾਨ 'ਚ ਆਸਥਾ ਨਾ ਰੱਖਣ ਵਾਲੇ ਵੱਖਵਾਦੀ ਸਮੂਹ ਦਾ ਸਿੱਕਾ ਚੱਲਦਾ ਰਿਹਾ ਹੈ ਤਾਂ ਉਹ ਜਾਂ ਤਾਂ ਸ਼ਾਸਨ ਦੀ ਕਮਜ਼ੋਰੀ ਸੀ ਜਾਂ ਉਸ ਵਲੋਂ ਦਿੱਤੀ ਢਿੱਲ ਦੀ ਉਦਾਹਰਣ।

ਕਈ ਵਾਰ ਲੋਕਤੰਤਰੀ ਸ਼ਾਸਨ 'ਚ ਇਸ ਤਰ੍ਹਾਂ ਦੀ ਢਿੱਲ ਦੀ ਲੋੜ ਹੁੰਦੀ ਹੈ ਅਤੇ ਸਮਾਂ ਅਤੇ ਮੌਕਾ ਦੇਖ ਕੇ ਉਸ ਨਾਰਾਜ਼ਗੀ ਨੂੰ ਸੰਭਾਲ ਲਿਆ ਜਾਂਦਾ ਹੈ। 60 ਦੇ ਦਹਾਕੇ ਦੇ ਅਖੀਰ ਤੋਂ ਕਮਿਊਨਿਸਟ ਅੰਦੋਲਨ ਦਾ ਇਕ ਸਮੂਹ ਹਥਿਆਰਬੰਦ ਕ੍ਰਾਂਤੀ ਕਰ ਕੇ ਸੱਤਾ ਖੋਹਣ ਅਤੇ ਕਮਿਊਨਿਸਟ ਰਾਜ ਕਾਇਮ ਕਰਨ ਦੇ ਸੁਪਨੇ ਨਾਲ ਲਗਾਤਾਰ ਸਰਗਰਮ ਹੈ।

ਇਸ 'ਚ ਵੀ ਟੁੱਟ-ਭੱਜ ਹੋਈ ਅਤੇ ਖਿਲਾਰਾ ਵੀ ਆਇਆ ਪਰ ਨੇਪਾਲ ਤੋਂ ਲੈ ਕੇ ਦੱਖਣ ਤੱਕ ਦੇ ਆਦਿਵਾਸੀ ਅਤੇ ਜੰਗਲੀ ਸੂਬਿਆਂ ਵਾਲੀ ਪੱਟੀ ਤੋਂ ਬਣੇ ਕਲਪਨਾ ਵਾਲੇ ਇਲਾਕਿਆਂ 'ਚ ਨਕਸਲੀ ਸਮੂਹ ਟਿਕੇ ਰਹੇ ਹਨ। ਬਿਹਾਰ, ਬੰਗਾਲ, ਆਸਾਮ, ਅੰਡੇਮਾਨ, ਛੱਤੀਸਗੜ੍ਹ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਦੇ ਨਾਲ ਹੀ ਉੱਤਰ ਪੂਰਬ ਅਤੇ ਉੱਤਰ ਪ੍ਰਦੇਸ਼ ਦੇ ਕੁਝ ਇਲਾਕੇ ਇਸ ਦੇ ਪ੍ਰਭਾਵ 'ਚ ਸਨ। ਇੱਥੋਂ ਦੀ ਲੁੱਟ ਉਨ੍ਹਾਂ ਲਈ ਆਧਾਰ ਬਣਾਉਣ ਦਾ ਕੰਮ ਕਰਦੀ ਹੈ ਤਾਂ ਡੂੰਘੇ ਸੰਘਣੇ ਜੰਗਲ ਅਤੇ ਫੌਜ ਦੀ ਆਵਾਜਾਈ ਲਈ ਔਖੀ ਭੂਗੋਲਿਕ ਬਨਾਵਟ ਹਥਿਆਰਬੰਦ ਦਸਤਿਆਂ ਦੇ ਲੁਕਣ ਅਤੇ ਕੰਮ ਕਰਨ ਦਾ।

ਭਾਰਤ ਵਰਗੇ ਵਿਸ਼ਾਲ ਅਤੇ ਵੰਨ-ਸੁਵੰਨਤਾ ਨਾਲ ਭਰੇ ਸਮਾਜ 'ਚ ਇਸ ਤਰ੍ਹਾਂ ਸੱਤਾ ਹਾਸਲ ਕਰਨੀ ਔਖੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਉਹ ਜਿਸ ਵਿਕਾਸ ਅਤੇ ਸਵਰਗ ਦੀ ਕਲਪਨਾ ਕਰਦੇ ਹਨ, ਉਸ ਦਾ ਵੀ ਰੂਪ ਦੁਨੀਆ ਨੇ ਦੇਖਿਆ ਅਤੇ ਵਿਦਾ ਕੀਤਾ ਹੈ। ਸਮਾਜ ਅਤੇ ਮਨੁੱਖ ਜਾਤੀ ਦੇ ਬੁਨਿਆਦੀ ਸੁਭਾਅ ਤੋਂ ਵੀ ਇਸ ਤਰ੍ਹਾਂ ਕ੍ਰਾਂਤੀ ਦਾ ਰਸਤਾ ਮੁਸ਼ਕਲ ਹੈ ਅਤੇ ਫਿਰ ਜਿਸ ਵਿਕਾਸ ਦੀ ਉਹ ਕਲਪਨਾ ਕਰਦੇ ਹਨ, ਉਹ ਖੁਦ ਤੋਂ ਬਰਾਬਰੀ 'ਤੇ ਆਧਾਰਿਤ ਨਹੀਂ ਹੈ। ਫਿਰ ਸਾਡੇ ਨਕਸਲੀ ਸਮੂਹਾਂ ਨੂੰ ਪਿੰਡ 'ਚ ਜਾਂ ਜੰਗਲ ਦੇ ਇਲਾਕੇ 'ਚ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰਨ ਵਾਲੇ 'ਜ਼ਿਮੀਂਦਾਰ' ਅਤੇ 'ਮਹਾਜਨ' ਤਾਂ ਵਰਗ ਦੁਸ਼ਮਣ ਦਿਸਦੇ ਸਨ ਪਰ ਸ਼ਹਿਰੀ ਅਮੀਰ ਅਤੇ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਅਤੇ ਤਾਕਤ ਦਿਖਾਈ ਨਹੀਂ ਦਿੰਦੀ ਸੀ।

ਇਨ੍ਹਾਂ ਸਾਰੀਆਂ 'ਗਲਤੀਆਂ' ਜਾਂ 'ਉਲਝਣਾਂ' ਦੇ ਬਾਵਜੂਦ ਉਹ ਕਿਸ ਤਰ੍ਹਾਂ ਵੱਡੀ ਗਿਣਤੀ 'ਚ ਲੜਕੇ-ਲੜਕੀਆਂ ਨੂੰ ਅਪਣਾਉਣ ਲਈ ਰਾਜ਼ੀ ਕਰਦੇ ਸਨ, ਇੰਨਾ ਜੋਖਮ ਚੁੱਕਣ ਨੂੰ ਪ੍ਰੇਰਿਤ ਕਰਦੇ ਸਨ ਅਤੇ ਇਕ ਦੇ ਮਰਨ 'ਤੇ ਕਈਆਂ ਦੇ ਖੜ੍ਹਾ ਹੋ ਜਾਣ ਦਾ ਚਮਤਕਾਰ ਕਰਦੇ ਸਨ। ਇਹ ਜਾਣਨਾ ਔਖਾ ਨਹੀਂ ਹੈ। ਇਸ ਦਾ ਇਕ ਕਾਰਨ ਦੇਸ਼ ਅਤੇ ਸਮਾਜ 'ਚ ਗਰੀਬੀ ਅਤੇ ਮੰਦਹਾਲੀ ਦੇ ਸਥਾਈ ਟਿਕਾਣੇ ਬਣਨਾ ਹੈ, ਜੋ ਇਲਾਕੇ ਤੋਂ ਲੈ ਕੇ ਸਮਾਜਿਕ ਸਮੂਹਾਂ 'ਚ ਦਿਸਦਾ ਹੈ। ਨਕਸਲੀ ਸਮੂਹਾਂ 'ਚ ਜ਼ਿਆਦਾਤਰ ਕੇਡਰ ਦਲਿਤ, ਆਦਿਵਾਸੀ ਅਤੇ ਪਿਛੜੀਆਂ ਜਾਤੀਆਂ ਤੋਂ ਆਉਂਦਾ ਸੀ ਕਿਉਂਕਿ ਉਹ ਪੀੜ੍ਹੀ ਦਰ ਪੀੜ੍ਹੀ ਗਰੀਬੀ ਅਤੇ ਨਿਰਾਦਰ ਵਾਲੀ ਜ਼ਿੰਦਗੀ ਜਿਊਂਦੇ ਆਏ ਹਨ।

ਦੂਜਾ ਕਾਰਨ ਸਥਾਪਿਤ ਪਾਰਟੀਆਂ ਅਤੇ ਸਰਕਾਰਾਂ ਦਾ ਵਤੀਰਾ ਰਿਹਾ ਹੈ, ਜਿਨ੍ਹਾਂ ਨੂੰ ਸਮਾਜ ਦੇ ਅਜਿਹਾ ਸਮੂਹ ਸਿਰਫ ਵੋਟਾਂ ਦੇ ਵੇਲੇ ਯਾਦ ਆਉਂਦੇ ਹਨ। ਸਾਰੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਝੁਕਾਅ ਸ਼ਹਿਰਾਂ ਅਤੇ ਪੈਸੇ ਵਾਲਿਆਂ ਵੱਲ ਰਿਹਾ ਹੈ ਅਤੇ ਕਈ ਵਾਰ ਨਿਹਿਤ ਸਵਾਰਥ ਲੋਕਤੰਤਰ ਜਾਂ ਮਨੁੱਖੀ ਅਧਿਕਾਰ ਦੇ ਨਾਂ 'ਤੇ ਕੁਝ ਢਿੱਲ ਵਰਤੀ ਜਾਂਦੀ ਰਹੀ ਹੈ। ਇਸ ਵਾਰ ਉਹ ਨਹੀਂ ਦਿਸ ਰਿਹਾ ਹੈ। ਇਸ ਲਈ ਗਿਣਾਉਣ ਲਾਇਕ ਸਫਲਤਾ ਦਿਸਦੀ ਹੈ ਪਰ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਮਾਮਲੇ 'ਚ ਕੋਈ ਫਰਕ ਆਇਆ ਨਹੀਂ ਦਿਖਾਉਂਦਾ।

ਜਿਹੜੇ ਪੱਛੜੇ ਇਲਾਕਿਆਂ 'ਚ ਨਕਸਲੀ ਡਟੇ ਰਹੇ ਹਨ, ਉੱਥੋਂ ਦੇ ਵਿਕਾਸ ਲਈ ਖਾਸ ਪ੍ਰੋਗਰਾਮ ਦੇਣ ਅਤੇ ਚਲਾਉਣ ਦੀ ਥਾਂ 'ਤੇ ਇਸ ਪੂਰੇ ਇਲਾਕੇ ਨੂੰ ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਸੌਂਪਣ ਦਾ ਕੰਮ ਹੋ ਰਿਹਾ ਹੈ। ਜਿਸ ਭੂਪਤੀ ਦੇ ਆਤਮਸਮਰਪਣ ਨੂੰ ਸਰਕਾਰ ਜਾਂ ਅਸੀਂ ਸਭ ਇਕ ਵੱਡੀ ਘਟਨਾ ਮੰਨ ਰਹੇ ਹਾਂ, ਉਨ੍ਹਾਂ ਨੂੰ ਉਸੇ ਗੜ੍ਹਚਿਰੌਲੀ ਇਲਾਕੇ 'ਚ ਲੱਗ ਰਹੀ ਲਾਇਡ ਸਟੀਲ ਕੰਪਨੀ ਆਪਣਾ ਬ੍ਰਾਂਡ ਅੰਬੈਸਡਰ ਬਣਾ ਰਹੀ ਹੈ। ਕੰਪਨੀ ਨੇ ਹਿੰਸਾ ਦਾ ਰਾਹ ਛੱਡਣ ਵਾਲੇ ਨਕਸਲੀਆਂ ਨੂੰ ਕੰਮ ਦੇਣ ਦਾ ਐਲਾਨ ਵੀ ਕੀਤਾ ਹੈ। ਥੋੜ੍ਹੇ ਨਕਸਲੀਆਂ ਦਾ ਇਸ ਕਿਸਮ ਦਾ ਮੁੜ-ਵਸੇਬਾ ਕੀ ਸਾਰੀਆਂ ਸਮੱਸਿਆਵਾਂ ਖਤਮ ਕਰ ਦੇਵੇਗਾ।

ਜ਼ਾਹਿਰ ਤੌਰ 'ਤੇ ਉੱਥੇ ਕੰਮ ਕਰਨਾ ਹੈ ਤਾਂ ਇਨ੍ਹਾਂ ਆਦਿਵਾਸੀਆਂ ਅਤੇ ਗਰੀਬ ਲੋਕਾਂ ਕੋਲੋਂ ਕਰਾਉਣਾ ਹੋਵੇਗਾ ਪਰ ਸਰਕਾਰ ਦੇ ਮੌਜੂਦਾ ਤਰੀਕਿਆਂ ਨਾਲ ਮਾਲਕ ਕੋਈ ਹੋਰ ਹੋ ਜਾਵੇਗਾ। ਛੋਟੀ ਜੋਤ ਜਾਂ ਜੰਗਲੀ ਇਲਾਕੇ ਦੀ ਮਲਕੀਅਤ ਆਦਿਵਾਸੀਆਂ ਨੂੰ ਸੌਂਪਣ ਦੇ ਖਤਰੇ ਹਨ ਪਰ ਇਕ ਲੰਬੇ ਸਮੇਂ ਤੱਕ ਜਾਂ ਖਾਸ ਵਿਕਾਸ ਹੋਣ ਤੱਕ ਜ਼ਮੀਨ ਦੀ ਵਿਕਰੀ 'ਤੇ ਰੋਕ ਵਰਗੀਆਂ ਸ਼ਰਤਾਂ ਦੇ ਨਾਲ ਉਨ੍ਹਾਂ ਨੂੰ ਮਾਲਕ ਅਤੇ ਮਜ਼ਦੂਰ ਬਣਾਉਣ ਦੀ ਨੀਤੀ ਹੀ ਸਥਾਈ ਹੱਲ ਦੇਵੇਗੀ। ਲੋੜ ਇਸ ਗੱਲ ਦੀ ਹੈ ਕਿ ਢਿੱਲ ਨਾ ਵਰਤੀ ਜਾਵੇ, ਨਹੀਂ ਤਾਂ ਨਵੇਂ ਭੂਪਤੀ, ਨਵੇਂ ਕਿਸ਼ਨ ਜੀ, ਨਵੇਂ ਬਾਸਵਰਾਜੂ ਨੂੰ ਪੈਦਾ ਹੋਣ ਤੋਂ ਕਿਹੜਾ ਰੋਕੇਗਾ।

# ਸਰਕਾਰਾਂ ਨੂੰ ਡੇਗ ਸਕਦੀ ਹੈ ਇਕ ਉਂਗਲੀ



ਅਚਾਨਕ ਮੇਰੀ ਨਿਮਰ ਤਰਜਨੀ ਉਂਗਲੀ ਮਾਣ ਕਰਨ ਲੱਗੀ ਹੈ। ਇੰਨੇ ਸਾਲਾਂ 'ਚ ਇਹ ਇਕ ਆਗਿਆਕਾਰੀ ਛੋਟਾ ਜਿਹਾ ਜੀਵ ਰਿਹਾ ਹੈ। ਦਿਸ਼ਾ ਦੱਸਦਾ, ਲਿਫਟ ਦੇ ਬਟਨ ਦਬਾਉਂਦਾ, ਚਾਹ 'ਚ ਖੰਡ ਮਿਲਾਉਂਦਾ ਅਤੇ ਕਦੇ-ਕਦੇ ਮੇਰੇ ਕੁੱਤੇ ਨੂੰ ਹਿਲਾਉਂਦਾ ਜਦੋਂ ਉਹ ਮੇਰੀ ਚੱਪਲ ਚਬਾਉਂਦਾ ਹੈ। ਕਿਉਂਕਿ ਜਦੋਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਇਸ ਉਂਗਲੀ ਨੇ ਇਕ ਨਵਾਂ ਰਵੱਈਆ ਅਪਣਾ ਲਿਆ ਹੈ।

ਜਿਵੇਂ ਹੀ ਮੈਂ ਸਵੇਰ ਦਾ ਕੱਪ ਚੁੱਕਿਆ, ਉਸ ਨੇ ਕਿਹਾ, "ਹੁਣ ਮੈਂ ਸਭ ਤੋਂ ਮਹੱਤਵਪੂਰਨ ਹਾਂ! ਮੇਰਾ ਇਕ ਛੋਟਾ ਜਿਹਾ ਦਬਾਅ ਪੂਰੇ ਦੇਸ਼ ਨੂੰ ਬਦਲ ਸਕਦਾ ਹੈ!" ਮੈਂ ਤਰਕ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਕਿਹਾ, "ਤੁਸੀਂ ਵਧਾ-ਚੜ੍ਹਾ ਕੇ ਕਹਿ ਰਹੇ ਹੋ। ਤੁਸੀਂ 10 ਉਂਗਲੀਆਂ 'ਚੋਂ ਬਸ ਇਕ ਉਂਗਲੀ ਹੋ।" ਉਂਗਲੀ ਨੇ ਆਤਮ-ਸੰਤੁਸ਼ਟ ਹੋ ਕੇ ਕਿਹਾ, "ਹਾਂ, ਪਰ ਮੈਂ ਚੁਣੀ ਹੋਈ ਹਾਂ। ਚੋਣ ਕਮਿਸ਼ਨ ਨੇ ਖੁਦ ਇਹ ਹੁਕਮ ਦਿੱਤਾ ਹੈ। ਵੋਟਾਂ ਵਾਲੇ ਦਿਨ ਉਹ ਮੈਨੂੰ ਇਕ ਸ਼ਾਹੀ ਬੈਂਗਨੀ ਨਿਸ਼ਾਨ ਨਾਲ ਸਨਮਾਨਿਤ ਕਰਨਗੇ।

ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਲੋਕਤੰਤਰ ਮੇਰੇ ਅੱਗੇ ਨਤਮਸਤਕ ਹੈ। ਤੁਹਾਡੇ ਹੱਥ ਦੀ ਕੋਈ ਹੋਰ ਉਂਗਲੀ ਇਹ ਦਾਅਵਾ ਨਹੀਂ ਕਰ ਸਕਦੀ।"

ਸੱਚ ਹੈ, ਹੈ ਨਾ? ਖੱਬੀ ਤਰਜਨੀ ਉਂਗਲੀ 'ਤੇ ਲਗਾਈ ਗਈ ਉਹ ਅਮਿਟ ਸਿਆਹੀ, ਇਸ ਸਾਧਾਰਨ ਉਂਗਲੀ ਨੂੰ ਰਾਸ਼ਟਰੀ ਨਾਇਕ ਬਣਾ ਦਿੰਦੀ ਹੈ। ਕੁਝ ਦਿਨਾਂ ਤੱਕ ਉਹ ਬੈਂਗਨੀ ਰੰਗ ਦੇ ਮਾਣ ਨਾਲ ਸਜੀ ਘੁੰਮਦੀ ਰਹਿੰਦੀ ਹੈ ਜਦਕਿ ਬਾਕੀ ਸਾਰੀਆਂ ਉਂਗਲੀਆਂ ਖਾਮੋਸ਼ ਈਰਖਾ ਨਾਲ ਦੇਖਦੀਆਂ ਰਹਿੰਦੀਆਂ ਹਨ।

ਅਤੇ ਉਹ ਸਿਆਹੀ ਕਿੰਨੀ ਚਮਕਦੀ ਹੈ! ਕੋਈ ਵੀ ਸਾਬਣ, ਸੈਨੀਟਾਈਜ਼ਰ ਜਾਂ ਰਗੜ ਕੇ ਉਸ ਨੂੰ ਮਿਟਾ ਨਹੀਂ ਸਕਦਾ। ਜੇਕਰ ਤੁਸੀਂ ਗਲਤ ਵਿਅਕਤੀ ਨੂੰ ਵੋਟ ਦਿੱਤੀ ਹੈ ਤਾਂ ਅਪਰਾਧਬੋਧ ਵੀ ਉਸ ਨੂੰ ਨਹੀਂ ਧੋ ਸਕਦਾ। ਇਹ ਇਕ ਅਜਿਹਾ ਟੈਟੂ ਹੈ ਜੋ ਨਾ ਸਿਰਫ ਇਹ ਦਰਸਾਉਂਦਾ ਹੈ ਕਿ ਤੁਸੀਂ ਕਿਥੇ ਰਹੇ ਹੋ ਸਗੋਂ ਇਹ ਵੀ ਕਿ ਤੁਸੀਂ ਕੀ ਕੀਤਾ ਹੈ, ਤੁਹਾਡੀ ਪਸੰਦ ਕੀ ਹੈ। ਇਹ ਆਪਣੀ ਆਵਾਜ਼ ਅਤੇ ਆਪਣੀ ਜ਼ਿੰਮੇਵਾਰੀ ਦਾ ਪ੍ਰਤੀਕ ਹੈ। ਪਰ ਮੈਨੂੰ ਮੰਨਣਾ ਪਵੇਗਾ ਕਿ ਮੇਰੀ ਉਂਗਲੀ ਦਾ ਮਾਣ ਗਲਤ ਨਹੀਂ ਹੈ ਕਿਉਂਕਿ ਇਕ ਪਲ ਦੇ ਲਈ ਇਹ ਲੋਕਤੰਤਰ ਹੀ ਹੈ ਜੋ ਸਿੱਧਾ ਖੜ੍ਹਾ ਹੈ, ਦੋਸ਼ ਲਗਾਉਣ ਲਈ ਨਹੀਂ ਸਗੋਂ ਪੁਸ਼ਟੀ ਕਰਨ ਲਈ ਇਸ਼ਾਰਾ ਕਰ ਰਿਹਾ ਹੈ ਕਿ ਮੈਂ ਵੋਟ ਦਿੱਤੀ ਹੈ। ਅਤੇ ਫਿਰ ਵੀ ਅਸੀਂ ਕਿੰਨੀ ਜਲਦੀ ਉਸ ਮਾਣ ਨੂੰ ਮਿਟਣ ਦਿੰਦੇ ਹਾਂ! ਇਕ ਵਾਰ ਸਿਆਹੀ ਗਾਇਬ ਹੋ ਜਾਏ ਤਾਂ ਉਸ ਦੀ ਅਸਲੀ ਕੀਮਤ ਵੀ ਮਿਟ ਜਾਂਦੀ ਹੈ। ਅਸੀਂ ਭ੍ਰਿਸ਼ਟਾਚਾਰ, ਜਬਰ-ਜ਼ਨਾਹ, ਲਿੰਚਿੰਗ ਅਤੇ ਟੁੱਟੇ ਵਾਅਦਿਆਂ 'ਤੇ ਉਂਗਲੀ ਉਠਾਉਣਾ ਬੰਦ ਕਰ ਦਿੰਦੇ ਹਾਂ। ਇਸ ਦੀ ਬਜਾਏ ਅਸੀਂ ਸੋਸ਼ਲ ਮੀਡੀਆ 'ਤੇ ਸਕ੍ਰਾਲ ਕਰਨ ਅਤੇ ਸਿਆਸੀ ਚੁਟਕੁਲੇ ਫਾਰਵਰਡ ਕਰਨ 'ਚ ਇਸ ਦੀ ਵਰਤੋਂ ਕਰਦੇ ਹਾਂ।

"ਕੀ ਤੁਹਾਨੂੰ ਪਤਾ ਹੈ ਕਿ ਮੈਨੂੰ ਸਭ ਤੋਂ ਵੱਧ ਕੀ ਦੁੱਖ ਦਿੰਦਾ ਹੈ? ਅੱਜ ਮੇਰੀ ਉਂਗਲੀ ਨੇ ਰੁੱਸ ਕੇ ਪੁੱਛਿਆ, 5 ਸਾਲ 'ਚ ਬਸ ਇਕ ਵਾਰ ਹੀ ਮੇਰੀ ਅਹਿਮੀਅਤ ਹੁੰਦੀ ਹੈ! ਤੁਸੀਂ ਮੈਨੂੰ ਸੈਲਫੀ ਲਈ ਦਿਖਾਉਂਦੇ ਹੋ, ਫਿਰ ਭੁੱਲ ਜਾਂਦੇ ਹੋ ਕਿ ਮੈਂ ਹਾਂ ਵੀ!" ਹੁਣ ਕੀ? ਮੈਂ ਆਹ ਭਰੀ, ਮੈਂ ਇਸ ਤੋਂ ਇਨਕਾਰ ਨਹੀਂ ਕਰ ਸਕਦਾ ਕਿਉਂਕਿ ਇਹ ਸੱਚ ਹੈ। ਮੇਰੀ ਇਹ ਛੋਟੀ ਜਿਹੀ ਉਂਗਲੀ, ਜੇਕਰ ਸਹੀ ਤਰੀਕੇ ਨਾਲ ਇਸਤੇਮਾਲ ਕੀਤੀ ਜਾਏ ਤਾਂ ਸਰਕਾਰਾਂ ਨੂੰ ਡੇਗ ਸਕਦੀ ਹੈ, ਇਮਾਨਦਾਰਾਂ ਨੂੰ ਉੱਪਰ ਉਠਾ ਸਕਦੀ ਹੈ ਅਤੇ ਸੱਤਾ 'ਚ ਬੈਠੇ ਲੋਕਾਂ ਨੂੰ ਯਾਦ ਦਿਵਾ ਸਕਦੀ ਹੈ ਕਿ ਉਨ੍ਹਾਂ ਨੂੰ ਕਿਸ ਨੇ ਇਥੇ ਬਿਠਾਇਆ ਹੈ।

ਤਾਂ ਹਾਂ ਮੇਰੀ ਨਿਮਰ ਤਰਜਨੀ ਉਂਗਲੀ ਨੂੰ ਮਾਣ ਕਰਨ ਦਾ ਪੂਰਾ ਹੱਕ ਹੈ ਕਿਉਂਕਿ ਦੋਸ਼ ਦਿਖਾਉਣ ਵਾਲੀਆਂ ਉਂਗਲੀਆਂ ਨਾਲ ਭਰੇ ਇਸ ਦੇਸ਼ 'ਚ, ਇਹ ਉਂਗਲੀ ਦੇਸ਼ ਨੂੰ ਸਹੀ ਦਿਸ਼ਾ ਦਿਖਾ ਰਹੀ ਹੈ ਅਤੇ ਜਦੋਂ ਤੁਸੀਂ ਆਪਣੀ ਤਸਵੀਰ ਬੈਂਗਨੀ ਰੰਗ ਦੀ ਉਸ ਰਾਜਸੀ ਛਟਾ 'ਚ ਗੁਦਵਾਉਂਦੇ ਹੋਏ ਦੇਖੋ ਤਾਂ ਉਸ ਨੂੰ ਉੱਚਾ ਲਹਿਰਾਉਣ ਦੇਵੋ, ਹੰਕਾਰ 'ਚ ਨਹੀਂ, ਸਗੋਂ ਧੰਨਵਾਦ 'ਚ।

ਕਿਉਂਕਿ ਇਹ ਸਿਰਫ ਤੁਹਾਡੀ ਉਂਗਲੀ 'ਤੇ ਲਿਖਿਆ ਇਕ ਨਿਸ਼ਾਨ ਨਹੀਂ ਹੈ। ਇਹ ਇਕ ਰਾਸ਼ਟਰ ਦੀ ਕਹਾਣੀ 'ਤੇ ਇਕ ਨਾਗਰਿਕ ਦੇ ਹਸਤਾਖਰ ਹਨ। ਹੁਣ ਕੀ ਇਹ ਅੰਗੂਠੇ ਦੀ ਸਲਾਮੀ ਵੀ ਨਹੀਂ ਹੋਵੇਗੀ?

-ਰਾਬਰਟ ਕਲੀਮੈਂਟਸ

# 'ਦੇਸ਼ ਦੇ ਕਈ ਹਿੱਸਿਆਂ 'ਚ ਸਰਗਰਮ' ਲੁਟੇਰਨ ਲਾੜੀਆਂ ਦੇ ਗਿਰੋਹ !

ਕੁਝ ਸੂਬਿਆਂ 'ਚ ਲਿੰਗ ਅਨੁਪਾਤ ਵਿਗੜ ਜਾਣ ਕਾਰਨ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਘਟ ਗਈ ਹੈ। ਇਸ ਕਾਰਨ ਮੁੰਡਿਆਂ ਦੇ ਵਿਆਹਾਂ 'ਚ ਮੁਸ਼ਕਲ ਆ ਰਹੀ ਹੈ। ਇਸੇ ਦਾ ਬੇਲੋੜਾ ਲਾਭ ਉਠਾਉਂਦੇ ਹੋਏ ਦੇਸ਼ 'ਚ ਲੋੜਵੰਦਾਂ ਨੂੰ ਫਸਾ ਕੇ ਆਪਣੇ ਗਿਰੋਹ ਦੀਆਂ ਔਰਤਾਂ ਨਾਲ 'ਨਕਲੀ ਵਿਆਹ' ਕਰਵਾਉਣ ਵਾਲੇ ਠੱਗਾਂ ਦੇ ਗਿਰੋਹ ਕਾਇਮ ਹੋ ਗਏ ਹਨ।

ਇਨ੍ਹਾਂ ਗਿਰੋਹਾਂ ਨਾਲ ਕੰਮ ਕਰਨ ਵਾਲੀਆਂ 'ਲੁਟੇਰਨ ਲਾੜੀਆਂ' 'ਵਿਆਹ' ਤੋਂ ਕੁਝ ਹੀ ਦਿਨਾਂ ਅੰਦਰ ਆਪਣੇ 'ਸਹੁਰੇ ਪਰਿਵਾਰ ਵਾਲਿਆਂ' ਦੀ ਜਮ ?ਹਾਪੂੰਜੀ 'ਤੇ ਹੱਥ ਸਾਫ ਕਰ ਕੇ ਫਰਾਰ ਹੋ ਜਾਂਦੀਆਂ ਹਨ। ਇਸ ਦੀਆਂ ਇਸੇ ਸਾਲ ਦੀਆਂ ਕੁਝ ਉਦਾਹਰਣਾਂ ਹੇਠਾਂ ਦਰਜ ਹਨ:

21 ਮਈ ਨੂੰ 'ਸਵਾਈ ਮਾਧੋਪੁਰ' (ਰਾਜਸਥਾਨ) ਜ਼ਿਲੇ ਦੀ 'ਮਾਨ ਟਾਊਨ' ਥਾਣਾ ਪੁਲਸ ਨੇ 'ਅਨੁਰਾਧਾ' ਨਾਮੀ ਇਕ 23 ਸਾਲਾ 'ਲੁਟੇਰਨ ਲਾੜੀ' ਨੂੰ ਘੱਟੋ-ਘੱਟ 25 ਲੋਕਾਂ ਨੂੰ ਵਿਆਹ ਦੇ ਨਾਂ 'ਤੇ ਠੱਗਣ ਦੇ ਦੋਸ਼ ਹੇਠ 'ਭੋਪਾਲ' (ਮੱਧ ਪ੍ਰਦੇਸ਼) ਤੋਂ ਗ੍ਰਿਫਤਾਰ ਕੀਤਾ। ਉਹ ਲੋੜਵੰਦ ਲੋਕਾਂ ਨਾਲ ਵਿਆਹ ਦਾ ਨਾਟਕ ਕਰਦੀ ਅਤੇ ਕੁਝ ਹੀ ਦਿਨਾਂ 'ਚ ਉਨ੍ਹਾਂ ਦੇ ਗਹਿਣਿਆਂ ਅਤੇ ਨਕਦੀ ਆਦਿ 'ਤੇ ਹੱਥ ਸਾਫ ਕਰ ਕੇ ਫਰਾਰ ਹੋ ਜਾਂਦੀ ਸੀ।

14 ਜੁਲਾਈ ਨੂੰ 'ਫਿਰੋਜ਼ਾਬਾਦ' (ਉੱਤਰ ਪ੍ਰਦੇਸ਼) ਪੁਲਸ ਨੇ ਵਿਆਹ ਦੇ ਨਾਂ 'ਤੇ ਲੁੱਟ-ਮਾਰ ਕਰਨ ਵਾਲੇ ਅੰਤਰਰਾਜੀ ਗੈਂਗ ਨੂੰ ਬੇਨਕਾਬ ਕਰ ਕੇ 2 ਲੁਟੇਰਨ ਲਾੜੀਆਂ ਸਮੇਤ 5 ਸ਼ਾਤਿਰਾਂ ਨੂੰ ਗ੍ਰਿਫਤਾਰ ਕਰ ਕੇ ਜੇਲ ਭੇਜਿਆ। ਇਹ ਗੈਂਗ ਵੱਖ-ਵੱਖ ਸੂਬਿਆਂ 'ਚ ਹੁਣ ਤੱਕ ਇਨ੍ਹਾਂ ਦੋਹਾਂ ਲੁਟੇਰਨ ਲਾੜੀਆਂ ਦਾ 8 ਲਾੜਿਆਂ ਨਾਲ 'ਨਕਲੀ ਵਿਆਹ' ਕਰਵਾ ਕੇ ਉਨ੍ਹਾਂ ਨੂੰ ਲੁੱਟ ਚੁੱਕਾ ਹੈ।

ਇਸ ਗੈਂਗ ਦੇ ਮੈਂਬਰ 'ਅਜੇ ਪ੍ਰਕਾਸ਼' ਅਤੇ 'ਅਮਰ' ਖੁਦ ਨੂੰ ਲਾੜੀਆਂ ਦੇ ਰਿਸ਼ਤੇਦਾਰ ਦੱਸ ਕੇ ਆਪਣੇ ਗਿਰੋਹ ਦੀਆਂ ਕੁੜੀਆਂ ਨਾਲ 'ਨਕਲੀ ਵਿਆਹ' ਕਰਵਾ ਕੇ ਮੁੰਡੇ ਵਾਲਿਆਂ ਕੋਲੋਂ ਮੋਟੀ ਰਕਮ ਵਸੂਲਦੇ ਸਨ ਅਤੇ ਇਹ ਕੁੜੀਆਂ 'ਵਿਆਹ' ਤੋਂ ਕੁਝ ਦਿਨ ਬਾਅਦ ਹੀ ਆਪਣੇ ਸਹੁਰੇ ਪਰਿਵਾਰ ਦੇ ਪੈਸਿਆਂ 'ਤੇ ਹੱਥ ਸਾਫ ਕਰ ਕੇ ਫਰਾਰ ਹੋ ਜਾਂਦੀਆਂ ਸਨ।

ਇਸ ਗੈਂਗ ਨੇ 'ਚਿਤੌੜਗੜ੍ਹ' (ਰਾਜਸਥਾਨ) ਵਿਖੇ 3, ਹਰਿਆਣਾ 'ਚ 2 ਅਤੇ ਉੱਤਰ ਪ੍ਰਦੇਸ਼ 'ਚ 3 ਅਜਿਹੇ ਹੀ ਵਿਆਹ ਕਰਵਾਏ ਸਨ। ਇਹ ਗੈਂਗ ਇਕ ਸੂਬੇ 'ਚ 1-2 ਵਿਆਹਾਂ ਨੂੰ ਅੰਜਾਮ ਦੇਣ ਪਿੱਛੋਂ ਦੂਜੇ ਸੂਬੇ 'ਚ ਚਲਾ ਜਾਂਦਾ ਸੀ।

1 ਅਗਸਤ ਨੂੰ 'ਨਾਗਪੁਰ' (ਮਹਾਰਾਸ਼ਟਰ) 'ਚ ਪੁਲਸ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਰਹਿਣ ਵਾਲੇ ਘੱਟੋ-ਘੱਟ 8 ਵਿਆਹੇ ਮਰਦਾਂ ਨਾਲ ਵਿਆਹ ਕਰ ਕੇ ਉਨ੍ਹਾਂ ਨੂੰ ਠੱਗਣ ਦੇ ਦੋਸ਼ 'ਚ ਡੇਢ ਸਾਲ ਤੋਂ ਫਰਾਰ ਚੱਲ ਰਹੀ 'ਲੁਟੇਰਨ ਲਾੜੀ' 'ਸਮੀਰਾ ਫਾਤਿਮਾ' ਨੂੰ ਗ੍ਰਿਫਤਾਰ ਕੀਤਾ। ਉੱਚ ਸਿੱਖਿਆ



ਪ੍ਰਾਪਤ ਅਤੇ ਸਕੂਲ 'ਚ ਅਧਿਆਪਿਕਾ ਰਹਿ ਚੁੱਕੀ 'ਸਮੀਰਾ' ਸੋਸ਼ਲ ਮੀਡੀਆ ਰਾਹੀਂ ਵਿਆਹੇ ਮਰਦਾਂ ਨੂੰ ਆਪਣੇ ਪ੍ਰੇਮ ਜਾਲ 'ਚ ਫਸਾਉਂਦੀ ਸੀ।

ਉਹ ਖੁਦ ਨੂੰ ਤਲਾਕਸ਼ੁਦਾ ਦੱਸ ਕੇ ਹਮਦਰਦੀ ਹਾਸਲ ਕਰਦੀ ਅਤੇ ਕਹਿੰਦੀ, "ਮੈਨੂੰ ਸਹਾਰਾ ਦਿਓ, ਮੈਂ ਦੂਜੀ ਪਤਨੀ ਬਣ ਕੇ ਰਹਾਂਗੀ।" ਇਸ ਬਹਾਨੇ ਉਹ ਮਰਦ ਨਾਲ ਵਿਆਹ ਕਰਦੀ ਅਤੇ ਫਿਰ ਜਲਦੀ ਹੀ ਝਗੜਾ ਕਰ ਕੇ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੰਦੀ ਸੀ।

26 ਸਤੰਬਰ ਨੂੰ 'ਨਾਗੌਰ' (ਰਾਜਸਥਾਨ) 'ਚ ਪੁਲਸ ਨੇ ਵਿਆਹ ਦੇ ਨਾਂ 'ਤੇ ਲੋਕਾਂ ਕੋਲੋਂ ਲੱਖਾਂ ਰੁਪਏ ਠੱਗਣ ਵਾਲੇ ਇਕ ਵੱਡੇ ਗਿਰੋਹ ਦਾ ਪਰਦਾਫਾਸ਼ ਕਰ ਕੇ ਇਕ 'ਲੁਟੇਰਨ ਲਾੜੀ' ਸਮੇਤ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ।

ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ 'ਨਾਗੌਰ' ਦੇ 'ਸ਼ਾਂਤੀ ਲਾਲ ਦਰਜੀ' ਨਾਮੀ ਵਿਅਕਤੀ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਕੁਝ ਲੋਕਾਂ ਨੇ ਉਸ ਦੇ ਬੇਟੇ ਦਾ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਉਸ ਕੋਲੋਂ 2.50 ਲੱਖ ਰੁਪਏ ਠੱਗ ਲਏ।

ਅਤੇ ਹੁਣ 9-10 ਅਕਤੂਬਰ ਦੀ ਰਾਤ ਨੂੰ 'ਅਲੀਗੜ੍ਹ' (ਉੱਤਰ ਪ੍ਰਦੇਸ਼) 'ਚ ਬਿਹਾਰ ਤੋਂ ਲਿਆਂਦੀਆਂ ਗਈਆਂ 12 'ਲੁਟੇਰਨ ਲਾੜੀਆਂ' ਜਿਨ੍ਹਾਂ ਦੇ 12 ਵੱਖ-ਵੱਖ ਨੌਜਵਾਨਾਂ ਨਾਲ ਵਿਆਹ ਕਰਵਾਏ ਗਏ ਸਨ, ਕਰਵਾਚੌਥ ਦਾ ਵਰਤ ਅਤੇ ਪੂਜਾ ਕਰਨ ਦਾ ਨਾਟਕ ਕਰਨ ਤੋਂ ਬਾਅਦ ਆਪਣੇ 'ਸਹੁਰੇ ਪਰਿਵਾਰ ਵਾਲਿਆਂ' ਦੇ ਘਰਾਂ 'ਚੋਂ ਕੁੱਲ 30 ਲੱਖ ਰੁਪਏ ਤੋਂ ਵੱਧ ਦੇ ਗਹਿਣੇ ਅਤੇ ਨਕਦੀ ਲੈ ਕੇ ਗਾਇਬ ਹੋ ਗਈਆਂ।

ਇਸ ਸੰਬੰਧੀ ਹੁਣ ਤੱਕ 4 ਪਰਿਵਾਰਾਂ ਨੇ ਸ਼ਿਕਾਇਤਾਂ ਦਰਜ ਕਰਵਾਈਆਂ ਹਨ, ਜਿਨ੍ਹਾਂ 'ਚ ਦੱਸਿਆ ਗਿਆ ਹੈ ਕਿ 'ਲਾੜੀਆਂ' ਰਾਤ ਨੂੰ ਖਾਣਾ ਬਣਾਉਣ ਪਿੱਛੋਂ ਫਰਾਰ ਹੋ ਗਈਆਂ। ਪੁਲਸ ਦਲਾਲ 'ਮੁਕੇਸ਼' ਅਤੇ ਉਸ ਦੀ ਪਤਨੀ ਕੋਲੋਂ ਪੁੱਛਗਿੱਛ ਅਤੇ ਦੌੜੀਆਂ ਲਾੜੀਆਂ ਦੇ ਟਿਕਾਣਿਆਂ ਦੀ ਜਾਣਕਾਰੀ ਇਕੱਠੀ ਕਰਨ ਤੋਂ ਇਲਾਵਾ 8 ਹੋਰਨਾਂ ਪਰਿਵਾਰਾਂ ਨਾਲ ਸੰਪਰਕ ਕਰਨ ਦਾ ਯਤਨ ਕਰ ਰਹੀ ਹੈ।

ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਅੱਜ ਲੋੜਵੰਦ ਲੋਕਾਂ ਨੂੰ ਵਿਆਹ ਕਰਵਾਉਣ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਲੁੱਟਣ ਵਾਲੀਆਂ 'ਲੁਟੇਰਨ ਲਾੜੀਆਂ' ਦੇ ਗਿਰੋਹ ਸਰਗਰਮ ਹਨ। ਇਸ ਲਈ ਵਿਆਹ ਕਰਵਾਉਣ ਦੇ ਚੱਕਰ 'ਚ ਇਸ ਤਰ੍ਹਾਂ ਦੇ ਗਿਰੋਹਾਂ ਤੋਂ ਬਚ ਕੇ ਰਹਿਣ ਅਤੇ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰਨ ਤੋਂ ਬਾਅਦ ਹੀ ਰਿਸ਼ਤਾ ਕਰਨਾ ਚਾਹੀਦਾ ਹੈ।

-ਵਿਜੇ ਕੁਮਾਰ






# ਨਵੇਂ ਨਹੀਂ ਹਨ ਹਸਤੀਆਂ ਦੀ ਵਿਰਾਸਤ ’ਤੇ ਵਿਵਾਦ

ਭਾਰਤ ਵਿਚ ਅਮੀਰ ਅਤੇ ਮਸ਼ਹੂਰ ਵਿਅਕਤੀਆਂ ਦੀ ਦੌਲਤ ਦੀ ਵੰਡ ਅਕਸਰ ਵਿਵਾਦਾਂ ਵਿਚ ਘਿਰੀ ਰਹਿੰਦੀ ਹੈ। ਕਰਿਸ਼ਮਾ ਕਪੂਰ ਅਤੇ ਉਸ ਦੇ ਸਾਬਕਾ ਪਤੀ, ਉਦਯੋਗਪਤੀ ਸੰਜੇ ਕਪੂਰ ਦੀ ਜਾਇਦਾਦ ਨੂੰ ਲੈ ਕੇ ਦਿੱਲੀ ਹਾਈ ਕੋਰਟ ਵਿਚ ਚੱਲ ਰਹੇ ਵਿਵਾਦ ਨੇ ਸਮਾਜ ਅਤੇ ਕਾਨੂੰਨੀ ਪ੍ਰਣਾਲੀ ਦੇ ਕਈ ਪਹਿਲੂਆਂ ਨੂੰ ਉਜਾਗਰ ਕੀਤਾ ਹੈ। ਇਸ ਜਾਇਦਾਦ ਵਿਵਾਦ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਇਹ ਸਮੱਸਿਆ ਨਾ ਸਿਰਫ਼ ਕਪੂਰ ਪਰਿਵਾਰ ਵਿਚ ਸਗੋਂ ਦੇਸ਼ ਭਰ ਦੇ ਕਈ ਅਮੀਰ ਪਰਿਵਾਰਾਂ ਵਿਚ ਵੀ ਆਮ ਹੈ, ਜਿਸ ਵਿਚ ਅਕਸਰ ਨਿੱਜੀ ਸਬੰਧ ਅਤੇ ਕਾਨੂੰਨੀ ਪੇਚੀਦਗੀਆਂ ਸ਼ਾਮਲ ਹੁੰਦੀਆਂ ਹਨ।

ਸੰਜੇ ਕਪੂਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਜਾਇਦਾਦ ਜਿਸਦੀ ਕੀਮਤ ਲਗਭਗ 30,000 ਕਰੋੜ ਰੁਪਏ ਆਂਕੀ ਜਾਂਦੀ ਹੈ, ਨੂੰ ਲੈ ਕੇ ਕਰਿਸ਼ਮਾ ਕਪੂਰ ਦੀ ਧੀ ਸਮਾਇਰਾ ਅਤੇ ਪੁੱਤਰ ਕਿਆਨ ਨੇ ਆਪਣੀ ਮਤਰੇਈ ਮਾਂ ਪ੍ਰਿਆ ਸਚਦੇਵ ਕਪੂਰ ਅਤੇ ਹੋਰਨਾਂ ’ਤੇ ਦੋਸ਼ ਲਾਇਆ ਹੈ ਕਿ ਉਹ ਦੋਵਾਂ ਬੱਚਿਆਂ ਦੇ ਅਧਿਕਾਰਾਂ ਨੂੰ ਹੜੱਪ ਰਹੀ ਹੈ। ਉਨ੍ਹਾਂ ਨੇ ਸੰਜੇ ਕਪੂਰ ਦੀ ਆਖਰੀ ਵਸੀਅਤ ਦੀ ਜਾਇਜ਼ਤਾ ਨੂੰ ਚੁਣੌਤੀ ਦੇਣ ਲਈ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਹੈ। ਬੱਚਿਆਂ ਦੇ ਵਕੀਲ ਨੇ ਦੋਸ਼ ਲਗਾਇਆ ਕਿ ਵਸੀਅਤ ਵਿਚ ਗੰਭੀਰ ਗਲਤੀਆਂ ਹਨ ਅਤੇ ਇਹ ਉਸਦੀ ਮੌਤ ਤੋਂ ਸਿਰਫ਼ ਸੱਤ ਹਫ਼ਤਿਆਂ ਬਾਅਦ ਹੀ ਪੇਸ਼ ਕੀਤੀ ਗਈ ਸੀ।

ਬੱਚਿਆਂ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਹਿੱਸੇ ਦਾ ਭਰੋਸਾ ਦਿੱਤਾ ਸੀ, ਪਰ ਅਚਾਨਕ ਪੇਸ਼ ਕੀਤੀ ਗਈ ਵਸੀਅਤ ਵਿਚ ਉਨ੍ਹਾਂ ਦੀ ਜਾਇਦਾਦ ਦਾ ਕੋਈ ਜ਼ਿਕਰ ਨਹੀਂ ਹੈ। ਇਸ ਦੌਰਾਨ, ਪ੍ਰਿਆ ਸਚਦੇਵ ਕਪੂਰ ਦਾ ਦਾਅਵਾ ਹੈ ਕਿ ਸਮਾਇਰਾ ਅਤੇ ਕਿਆਨ ਨੂੰ ਪਹਿਲਾਂ ਹੀ ਆਰ. ਕੇ. ਫੈਮਿਲੀ ਟਰੱਸਟ ਰਾਹੀਂ 1,900 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ। ਹਾਲਾਂਕਿ, ਬੱਚਿਆਂ ਦੇ ਅਨੁਸਾਰ, ਉਨ੍ਹਾਂ ਨੂੰ ਅਜੇ ਤੱਕ ਉਸ ਪੈਸੇ ਦੀ ਕੋਈ ਕਿਸ਼ਤ ਨਹੀਂ ਮਿਲੀ ਹੈ। ਇਸ ਗੰਭੀਰ ਕਾਨੂੰਨੀ ਲੜਾਈ ਵਿਚ ਸੰਜੇ ਕਪੂਰ ਦੀ ਮਾਂ ਰਾਣੀ ਕਪੂਰ ਨੇ ਵੀ ਆਪਣੀ ਨੂੰਹ ਪ੍ਰਿਆ ਖਿਲਾਫ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿਚ ਦੋਸ਼ ਲਗਾਇਆ ਗਿਆ ਹੈ ਕਿ ਵਸੀਅਤ ਨਾਲ ਛੇੜਛਾੜ ਕੀਤੀ ਗਈ ਹੈ ਅਤੇ ਜਾਇਦਾਦ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਤਬਦੀਲ ਕੀਤੀ ਜਾ ਰਹੀ ਹੈ।

ਭਾਰਤ ਵਿਚ ਜਾਇਦਾਦ ਦੀ ਵਿਰਾਸਤ ਲਈ ਦੋ ਮੁੱਖ ਆਧਾਰ ਹੁੰਦੇ ਹਨ- ਵਸੀਅਤਨਾਮਾ (ਵਿਲ) ਅਤੇ ਉੱਤਰਾਧਿਕਾਰ ਕਾਨੂੰਨ (ਸਕਸੈਸ਼ਨ ਲਾਅ)। ਜੇਕਰ ਕਿਸੇ ਵਿਅਕਤੀ ਨੇ ਇਕ ਜਾਇਜ਼ ਵਸੀਅਤ ਬਣਾਈ ਹੈ, ਤਾਂ ਜਾਇਦਾਦ ਉਸ ਅਨੁਸਾਰ ਵੰਡੀ ਜਾਂਦੀ ਹੈ। ਜੇਕਰ ਵਸੀਅਤ ਵਿਚ ਕੋਈ ਅੰਤਰ ਜਾਂ ਵਿਵਾਦ ਹੈ ਜਾਂ ਜੇਕਰ ਕੋਈ ਵਸੀਅਤ ਬਿਲਕੁਲ



ਨਹੀਂ ਹੈ, ਤਾਂ 1925 ਦਾ ਭਾਰਤੀ ਉੱਤਰਾਧਿਕਾਰ ਐਕਟ ਲਾਗੂ ਹੁੰਦਾ ਹੈ।

ਜ਼ਿਆਦਾਤਰ ਜਾਇਦਾਦ ਵਿਵਾਦ ਇਨ੍ਹਾਂ ਸਥਿਤੀਆਂ ’ਚ ਆਉਂਦੇ ਹਨ-ਵਸੀਅਤ ਦੀ ਪ੍ਰਮਾਣਿਕਤਾ (ਛੇੜਛਾੜ ਜਾਂ ਜ਼ਬਰਦਸਤੀ ਤਿਆਰੀ), ਸਾਰੇ ਜਾਇਜ਼ ਵਾਰਿਸਾਂ ਨੂੰ ਉਨ੍ਹਾਂ ਦੇ

**ਰਜਨੀਸ਼ ਕਪੂਰ**

ਬਣਦੇ ਅਧਿਕਾਰ ਪ੍ਰਾਪਤ ਕਰਨ ਵਿਚ ਅਸਫਲਤਾ, ਵਸੀਅਤ ਦੇ ਤਕਨੀਕੀ ਮੁੱਦੇ (ਸਬੂਤ, ਗਵਾਹ, ਮਿਤੀ ਜਾਂ ਡਾਕਟਰੀ ਸਥਿਤੀ) ਜਾਂ ਪਰਿਵਾਰ ਦੇ ਅੰਦਰ ਭਾਵਨਾਤਮਕ ਅਤੇ ਸਮਾਜਿਕ ਟਕਰਾਅ। ਸੁਪਰੀਮ ਕੋਰਟ ਨੇ ਕਈ ਮਾਮਲਿਆਂ ਵਿਚ ਪਰਿਵਾਰਕ ਜਾਇਦਾਦ ਵਿਵਾਦਾਂ ’ਤੇ ਫੈਸਲਾ ਸੁਣਾਇਆ ਹੈ ਜੋ ਭਾਰਤ ਵਿਚ ਵਸੀਅਤ ਅਤੇ ਵਿਰਾਸਤ ਕਾਨੂੰਨ ਨੂੰ ਸਪੱਸ਼ਟ ਕਰਦੇ ਹਨ। ਇਨ੍ਹਾਂ ਵਿਚ ਸਾਂਝੀਆਂ ਵਸੀਅਤਾਂ ਦੀ ਜਾਇਜ਼ਤਾ ਅਤੇ ਵਾਰਿਸਾਂ ਨੂੰ ਉਚਿਤ ਹਿੱਸਾ ਦੇਣ ਲਈ ਦਿਸ਼ਾ-ਨਿਰਦੇਸ਼ ਸ਼ਾਮਲ ਹਨ। ਕੁਝ ਮਾਮਲਿਆਂ ਵਿਚ, ਅਦਾਲਤਾਂ ਨੇ ਸਾਂਝੀਆਂ ਵਸੀਅਤਾਂ ਨੂੰ ਮਾਨਤਾ ਦਿੱਤੀ ਹੈ ਅਤੇ ਵਾਰਿਸਾਂ ਨੂੰ ਮੁਆਵਜ਼ਾ ਦਿੱਤਾ ਹੈ। ਜਾਇਦਾਦ ਵਿਵਾਦਾਂ ਨੂੰ ਹੱਲ ਕਰਨ ਲਈ ਅਦਾਲਤ ਪਹਿਲਾਂ ਵਸੀਅਤ ਦੀ ਪ੍ਰਮਾਣਿਕਤਾ ਦੀ ਜਾਂਚ ਕਰਦੀ ਹੈ। ਵਸੀਅਤ ਕਾਨੂੰਨੀ ਤੌਰ ’ਤੇ ਰਜਿਸਟਰਡ ਹੋਣੀ ਚਾਹੀਦੀ ਹੈ (ਮੌਜੂਦ ਗਵਾਹ, ਦਸਤਾਵੇਜ਼ ਦੀ ਮਿਤੀ ਅਤੇ ਜਾਇਦਾਦ ਦਾ ਸਪੱਸ਼ਟ ਜ਼ਿਕਰ)। ਜੇਕਰ ਵਸੀਅਤ ਜਾਇਜ਼ ਸਾਬਤ ਹੁੰਦੀ ਹੈ, ਤਾਂ ਜਾਇਦਾਦ ਉਸ ਅਨੁਸਾਰ ਵੰਡੀ ਜਾਂਦੀ ਹੈ। ਜੇਕਰ ਵਸੀਅਤ ਸਾਬਤ ਨਹੀਂ ਹੁੰਦੀ ਜਾਂ ਕੋਈ ਗਲਤਫਹਿਮੀ ਹੁੰਦੀ ਹੈ, ਤਾਂ ਅਦਾਲਤ ਵਿਰਾਸਤ ਕਾਨੂੰਨ ਅਨੁਸਾਰ ਭੈਣਾਂ, ਬੱਚਿਆਂ, ਜੀਵਨ ਸਾਥੀ, ਮਾਪਿਆਂ ਆਦਿ ਨੂੰ ਬਰਾਬਰ ਹਿੱਸਾ ਦਿੰਦੀ ਹੈ।

ਦੇਸ਼ ਦੇ ਬਹੁਤ ਸਾਰੇ ਅਮੀਰ ਅਤੇ ਵੱਡੇ ਪਰਿਵਾਰਾਂ ਵਿਚ ਵਿਰਾਸਤ ਵਿਵਾਦ ਇਕ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਮੁੱਦਾ ਹੈ। ਅੰਬਾਨੀ, ਮੋਦੀ, ਓਬਰਾਏ ਅਤੇ ਕਪੂਰ ਆਦਿ ਪਰਿਵਾਰਾਂ ਵਿਚ ਦੌਲਤ ਅਤੇ ਸ਼ਕਤੀ ਦੀ ਲੜਾਈ ਕਾਨੂੰਨੀ ਅਤੇ ਮੀਡੀਆ ਦੇ ਧਿਆਨ ਦਾ ਕੇਂਦਰ ਬਣ ਗਈ ਹੈ। ਮੁੱਖ ਕਾਰਨਾਂ ਵਿਚ ਪਰਿਵਾਰ ਅਤੇ ਨਿੱਜੀ ਇੱਛਾਵਾਂ ਦੇ ਅੰਦਰ ਸੰਚਾਰ ਦੀ ਘਾਟ, ਪਰਿਵਾਰਕ ਟਰੱਸਟ ਅਤੇ ਗੁੰਝਲਦਾਰ ਸ਼ੇਅਰਹੋਲਡਿੰਗ ਢਾਂਚੇ, ਅਸਪੱਸ਼ਟ ਵਸੀਅਤਾਂ, ਕਾਨੂੰਨੀ ਦਸਤਾਵੇਜ਼ਾਂ ਵਿਚ ਤਕਨੀਕੀ ਗਲਤੀਆਂ ਅਤੇ ਸੁਆਰਥ ਸ਼ਾਮਲ ਹਨ। ਇਹ ਘਟਨਾਵਾਂ ਸਮਾਜ ਅਤੇ ਕਾਨੂੰਨ ਲਈ ਮਹੱਤਵਪੂਰਨ ਸਬਕ ਦਿੰਦੀਆਂ ਹਨ। ਹਰੇਕ ਵਿਅਕਤੀ ਕੋਲ ਇਕ ਸਪੱਸ਼ਟ, ਪਾਰਦਰਸ਼ੀ ਅਤੇ ਕਾਨੂੰਨੀ ਤੌਰ ’ਤੇ ਦਸਤਾਵੇਜ਼ੀ ਵਸੀਅਤ ਹੋਣੀ ਚਾਹੀਦੀ ਹੈ। ਪਰਿਵਾਰਾਂ ਨੂੰ ਜਨਤਕ ਤੌਰ ’ਤੇ ਟਕਰਾਅ ਨੂੰ ਵਧਾਉਣ ਦੀ ਬਜਾਏ ਗੱਲਬਾਤ ਰਾਹੀਂ ਵਿਵਾਦਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਦਾਲਤਾਂ ਨਿਆਂ ਦੇਣ ਵਿਚ ਨਿਰਪੱਖ ਹਨ ਪਰ ਲੰਬੀਆਂ ਕਾਨੂੰਨੀ ਲੜਾਈਆਂ ਪਰਿਵਾਰਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਸਮਾਜਿਕ ਸਰੋਤਾਂ ਨੂੰ ਬਰਬਾਦ ਕਰਦੀਆਂ ਹਨ। ਆਉਣ ਵਾਲੀਆਂ ਪੀੜ੍ਹੀਆਂ ਵਿਚ ਜਾਇਦਾਦ ਦੇ ਵਿਵਾਦਾਂ ਤੋਂ ਬਚਣ ਲਈ ਜਾਇਦਾਦ ਦੀ ਵਧੇਰੇ ਪਾਰਦਰਸ਼ਤਾ ਜ਼ਰੂਰੀ ਹੈ।

ਸੰਜੇ ਕਪੂਰ ਅਤੇ ਕਰਿਸ਼ਮਾ ਕਪੂਰ ਦੇ ਬੱਚਿਆਂ ਵਿਚਕਾਰ ਜਾਇਦਾਦ ਦਾ ਵਿਵਾਦ ਦਰਸਾਉਂਦਾ ਹੈ ਕਿ ਜਾਇਦਾਦ ਦੀ ਵੰਡ ਦਾ ਮੁੱਦਾ ਸਿਰਫ਼ ਪੈਸੇ ਤੱਕ ਸੀਮਤ ਨਹੀਂ ਹੈ; ਇਸ ਵਿਚ ਰਿਸ਼ਤੇ, ਭਰੋਸੇਯੋਗਤਾ ਅਤੇ ਸਮਾਜਿਕ ਸਥਿਤੀ ਵੀ ਸ਼ਾਮਲ ਹੈ। ਭਾਰਤ ਵਿਚ, ਵਸੀਅਤਾਂ ਅਤੇ ਜਾਇਦਾਦਾਂ ਦੀ ਵੰਡ ਸਿਰਫ਼ ਕਾਨੂੰਨ ਦਾ ਮਾਮਲਾ ਨਹੀਂ ਹੈ, ਸਗੋਂ ਪਰਿਵਾਰਕ ਸੱਭਿਆਚਾਰ, ਸੰਚਾਰ ਅਤੇ ਇਮਾਨਦਾਰੀ ਦਾ ਪ੍ਰਤੀਬਿੰਬ ਵੀ ਹੈ। ਸਿਰਫ਼ ਇਕ ਸਮਾਜ ਜੋ ਪਾਰਦਰਸ਼ਤਾ ਅਤੇ ਨਿਆਂ ਨੂੰ ਤਰਜੀਹ ਦਿੰਦਾ ਹੈ, ਉਹ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਜਾਇਦਾਦ ਦੇ ਅਧਿਕਾਰ ਸੁਰੱਖਿਅਤ ਕਰ ਸਕਦਾ ਹੈ। ਸ਼ਾਇਦ ਕਿਸੇ ਨੇ ਜਾਇਦਾਦ ਅਤੇ ਵਸੀਅਤਾਂ ਬਾਰੇ ਚੰਗੀ ਤਰ੍ਹਾਂ ਲਿਖਿਆ ਹੈ : “ਜੇ ਤੁਸੀਂ ਆਪਣੀ ਵਸੀਅਤ ਲਿਖਦੇ ਹੋ, ਤਾਂ ਤੁਹਾਨੂੰ ਇਸ ਅਸਲੀਅਤ ਦਾ ਅਹਿਸਾਸ ਹੋਵੇਗਾ। ਤੁਹਾਡੀ ਆਪਣੀ ਜਾਇਦਾਦ ਵਿਚ ਤੁਹਾਡਾ ਕੋਈ ਹਿੱਸਾ ਕਿਤੇ ਨਹੀਂ ਹੈ।”

# ਰਹੱਸ ਭਰਿਆ ਸੁਨੇਹਾ



ਇਹ ਗੱਲ ਮੇਰੇ ਦਾਦਾ ਜੀ ਨੇ ਸੁਣਾਈ ਸੀ। ਪੁਰਾਣੇ ਜ਼ਮਾਨੇ ਵਿਚ ਆਪਸੀ ਗੱਲਬਾਤ ਦੇ ਸਾਧਨ ਨਹੀਂ ਸਨ। ਲੋਕ ਵਪਾਰ ਦੇ ਸਿਲਸਿਲੇ ਵਿਚ ਦੂਰ-ਦੁਰਾਡੇ ਪਿੰਡਾਂ ਵਿਚ ਨਿਕਲ ਜਾਂਦੇ ਸਨ, ਉਹ ਆਪਣੇ ਘਰ ਵਾਲਿਆਂ ਨੂੰ ਸੁਨੇਹਾ ਭੇਜਣਾ ਚਾਹੁੰਣ ਤਾਂ ਕੋਈ ਖ਼ਤ-ਪੱਤਰ ਨਹੀਂ ਸਨ ਭੇਜ ਸਕਦੇ। ਸਿਰਫ਼ ਉਨ੍ਹਾਂ ਦਾ ਜੋ ਕੋਈ ਸਾਥੀ ਘਰ ਪਰਤ ਰਿਹਾ ਹੋਵੇ, ਉਸ ਨੂੰ ਸੁਨੇਹਾ ਸੁਣਾ ਕੇ ਦੱਸ ਦਿੰਦੇ ਸਨ।

**ਗੁਰਸ਼ਰਨ ਸਿੰਘ ਨਰੂਲਾ**

ਇਕ ਵਾਰ ਇਕ ਸਾਥੀ ਜਦੋਂ ਪਿੰਡ ਜਾਣ ਲੱਗਾ ਤਾਂ, ਉਸ ਦੇ ਮਿੱਤਰ ਨੇ ਕਿਹਾ ਕਿ ਮੇਰਾ ਸੰਦੇਸ਼ਾ ਲੈਂਦਾ ਜਾਹ, ਜਾ ਕੇ ਮੇਰੇ ਪਰਿਵਾਰ ਨੂੰ ਸੁਣਾ ਦਈਂ। ਸੁਨੇਹਾ ਸੀ : ਤਿੰਨ ਅਠੀਆਂ ਦੋ ਬਾਹਰੀਆਂ ਤੇ ਬੀਸੇ ਉਤੇ ਚੌਕ, ਜੇ ਤੂ ਸੁੱਘੜ ਸੁਜਾਨ ਹੈਂ, ਸੱਤ, ਅੱਠ-ਨੌਂ ਰੋਕ।

ਜਦੋਂ ਉਹ ਆਪਣੇ ਘਰ ਪਹੁੰਚਾ, ਉਹ ਦੋਸਤ ਦੇ ਘਰ ਵੀ ਗਿਆ ਤੇ ਉਸ ਦੀ ਪਤਨੀ ਨੂੰ ਇਹ ਸੁਨੇਹਾ ਦਿੰਦਾ, ਕੁਝ ਦਿਨ ਬਾਅਦ ਜਦੋਂ ਉਹ ਵਾਪਸ ਜਾਣ ਲੱਗਾ ਤਾਂ ਉਸ ਦੀ ਪਤਨੀ ਨੇ ਵਾਪਸੀ ਸੁਨੇਹਾ ਆਪਣੇ ਪਤੀ ਨੂੰ ਇੰਜ ਦਿੱਤਾ:

**ਤੇਤੀਓਂ ਤ੍ਰਿਹਾ ਕਰ, ਸੋਲ੍ਹੋਂ ਪੰਜ ਘਟਾਅ,**
**ਜੇ ਤੂੰ ਸੁੱਘੜ ਸੁਜਾਨ ਹੈ ਨੌਂ ਦੋ ਲੇਖੇ ਲਾ।**

ਉਹ ਸੁਨੇਹਾ ਲੈ ਕੇ ਚੱਲਿਆ ਗਿਆ ਤੇ ਇਹ ਅਜੀਬ ਜਿਹਾ ਸੁਨੇਹਾ ਉਸ ਨੇ ਆਪਣੇ ਮਿੱਤਰ ਨੂੰ ਸੁਣਾ ਦਿੱਤਾ। ਉਸ ਦਾ ਮਿੱਤਰ ਸਮਝ ਗਿਆ ਕਿ ਮੈਂ ਉਸ ਨੂੰ ਚੌਵੀ ਰੁਪਏ ਦਿੱਤੇ ਸਨ ਪਰ ਉਸ ਨੇ ਉਸ ਦੀ ਪਤਨੀ ਨੂੰ ਸਿਰਫ਼ ਗਿਆਰਾਂ ਰੁਪਏ ਦਿੱਤੇ ਹਨ, ਭਾਵ ਤੇਰਾਂ ਰੁਪਏ ਘੱਟ। ਉਸ ਨੇ ਉਸ ਨੂੰ ਉਸੇ ਵਕਤ ਨੱਪ ਲਿਆ ਅਤੇ ਕਿਹਾ ਕਿ ਜਿਹੜੇ ਤੂੰ ਤੇਰਾਂ ਰੁਪਏ ਘੱਟ ਦਿੱਤੇ ਹਨ, ਕੱਢ ਕੇ ਮੈਨੂੰ ਵਾਪਸ ਦੇ। ਇਹ ਭੇਤ ਸੁਨੇਹਾ ਵਿਚ ਹੀ ਛੁਪਿਆ ਸੀ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
“Authorised IRS E-file Provider”
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਇਨਕਲਾਬ

ਸੱਚ ਦੀ ਨਵੀਓਂ ਨਵੀਂ ਬਹਾਰ,
ਝੂਠ ਦੀ ਪੰਡ ਹੋਈ ਤਾਰ ਤਾਰ,
ਕਹਿੰਦਾ ਤਾਲੀ ਠੋਕੋ ਯਾਰ ।
ਇੱਕ ਦੂਜੇ ਨੂੰ ਚੋਭਾਂ ਲਾ ਕੇ ,
ਵਿਰੋਧੀ ਲੈਂਦੇ ਨੇ ਚਟਕਾਰੇ।
ਓਟ ਆਸਰਾ ਮਿਲਿਆ ਨਾ ਕਿਤਿਓਂ ,
ਫਿਰਦੇ ਨੇ ਨਸ਼ਿਆਂ ਦੇ ਮਾਰੇ ।
ਲੋਕਾਂ ਫ਼ਤਵਾ ਦਿੱਤਾ ਬਹੁਸੰਮਤੀ ਦਾ ,
ਹੁਣ ਕੀਹਨੂੰ ਬਣਾਵਣ ਯਾਰ।
ਸੱਚ ਦੀ ਨਵੀਓਂ ਨਵੀਂ ਬਹਾਰ ,
ਝੂਠ ....।
ਕੈਪਟਨ ਤੇ ਬਾਦਲ ਖੇਡਣ ,
ਗੌਲਫ ਕਦੀ ਪੀਲ ਪਲਾਂਘੜਾ।
ਵਾਰੋ ਵਾਰੀ ਕਰਦੇ ਸੀ ਪੰਜਾਬ ਤੇ ਰਾਜ।
ਲੋਕਾਂ ਨੂੰ ਕਹਿੰਦੇ ਸੀ ਸੇਵਕ ਤੁਹਾਡੇ ,
ਮਹਿਲਾਂ ਤੋਂ ਹੀ ਹੁੰਦਾ ਸੀ ਕੰਮਕਾਜ।
ਉੱਤਰ ਕਾਟੋ ਮੈਂ ਚੜ੍ਹਾਂ ਵਾਲੀ ਕਹਾਵਤ,
ਅੰਦਰਖਾਤੇ ਵਾਲੀ ਸਾਂਝ ਦਾ ਨਾ ਖੁੱਲ੍ਹਦਾ ਪਾਜ਼
ਰਾਜਸੀ ਕੁਰੱਪਸ਼ਨ ਦਾ ਨਾ ਹੋਇਆ ਖਾਤਮਾ ,
ਆਮ ਜਨਤਾ ਰੋਂਦੀ ਰਹੀ ਜ਼ਾਰੋ ਜ਼ਾਰ।
ਸੱਚ ਦੀ ਨਵੀਓਂ ਨਵੀਂ ਬਹਾਰ,
ਝੂਠ ....।
ਜਾਤਾਂ ਫਿਰਕਿਆਂ ਚ ਵੰਡੀਆਂ ਪਾ ਕੇ ,
ਗੈਂਗਸਟਰਾਂ ਨੂੰ ਬਣਾਇਆ ਯਾਰ।
ਨਿਰਪੱਖਤਾ ਦਾ ਫੱਟਾ ਲਟਕਾ ਕੇ,
ਵਿਰੋਧੀ ਨੂੰ ਬਰਫ ਚ ਲਾ ਕੇ ਕਰਦੇ ਠੰਢਾਠਾਰ
ਆਖਰੀ ਉਮਰੇ ਬਿੱਲੇ ਸੌ ਸੌ ਚੂਹੇ ਖਾ ਕੇ ਹੱਜ ਨੂੰ ਚੱਲੇ,
ਕਹਿੰਦੇ ਕੁਝ ਨ੍ਹੀਂ ਖਾਣਾ ਹੁਣ ਸਭ ਮੁਰਦਾਬਾਦ
ਬਲੂੰਗੜਿਆਂ ਦਾ ਕੀ ਬਣੂੰ ਫਿਕਰ ਖਾਈ ਜਾਵੇ
ਆਪਣੇ ਝੋਲੀ ਚੁੱਕ ਹੀ ਭੱਜ ਗਏ ਸਣੇ ਖ਼ਿਤਾਬ
ਸੱਚ ਦੀ ਨਵੀਓਂ ਨਵੀਂ ਬਹਾਰ ,
ਝੂਠ ....।
ਲੋਕਾਂ ਦੇ ਭਾਣੇ ਤਾਂ ਹੋਲੀ ਆਈ ,
ਸਾਨੂੰ ਤਾਂ ਨੀਂਦ ਨਾ ਆਵੇ ਯਾਰ।
ਹੁਣ ਤਾਂ ਤਿਣਕਾ ਵੀ ਭਾਰੀ ਲੱਗਦਾ,
ਕੰਜ ਵਾਂਗੂੰ ਉਤਾਰਨ ਲੱਗਿਆਂ ਪੈਂਸ਼ਨ ਦਾ ਭਾਰ
ਹੁਣ ਤਾਂ ਸੀਸਵਾਂ ਨਾ ਚੰਗਾ ਲੱਗੇ ਪਟਿਆਲਾ,
ਦੂਰ ਦੁਰਾਡੇ ਦੀ ਲੰਬੀ ਤੇ ਨਾ ਜਲਾਲਾਬਾਦ।
ਸਿੱਧੂ ਖਚਰੀਆਂ ਗੱਲਾਂ ਕਰ ਕਰ ਕੇ,
ਸਾਡੇ ਜ਼ਖ਼ਮਾਂ ਤੇ ਛਿੜਕੇ ਤੇਜ਼ਾਬ।
ਉਹ ਵੀ ਕੈਪਟਨ ਨੂੰ ਨਿਹੋਰੇ ਮਾਰੇ ,
ਬਾਹਮਣ ਆਪ ਤਾਂ ਡੁੱਬਿਆ ਜਜਮਾਨਾਂ
ਨੂੰ ਵੀ ਲੈ ਡੁੱਬਿਆ ਜਨਾਬ।
ਸੱਚ ਦੀ ਨਵੀਓਂ ਨਵੀਂ ਬਹਾਰ ,
ਝੂਠ ਦੀ ਪੰਡ ਹੋਈ ਤਾਰ ਤਾਰ,
ਕਹਿੰਦਾ ਤਾਲੀ ਠੋਕੋ ਯਾਰ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂ ਜ਼ਿਲ੍ਹਾ ਪਟਿਆਲਾ**
98784-69639

## ਕਿਸਮਤ

ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ,
ਦੇਵੀਂ ਹੌਸਲਾ ਹਰ ਗੱਲ ਦਾ ਜਵਾਬ ਉਸ ਕੋਲ ਹੋਵੇਂ,
ਕਿਸੇ ਦੇ ਸ਼ਹਾਰੇ ਤੇ ਨਾ ਹੋਵੇ ਨਾ ਟਿਕੀ,
ਹਰ ਮੁਸ਼ਕਿਲ ਦਾ ਉਸ ਕੋਲ ਹੱਲ ਹੋਵੇਂ,
ਅੱਜ ਹੋਵੇ ਭਾਂਵੇ ਕੱਲ ਹੋਵੇਂ,
ਇੱਕ ਰੱਬ ਤੇ ਹੋਵੇ ਆਸ ਰੱਖੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ।

ਹਰ ਅੱਖ ਦਾ ਨੂਰ ਹੋਵੇ ਆਪਣੇ ਭੈਣ ਭਾਈਆ ਤੋਂ ਨਾ ਦੂਰ ਹੋਵੇ,
ਮਿਲਣ ਲਈ ਉਨ੍ਹਾਂ ਨੂੰ ਨਾ ਉਹ ਮਜਬੂਰ ਹੋਵੇ,
ਤਿਲ-ਤਿਲ ਕਰਕੇ ਨਾ ਉਹ ਚੂਰ ਹੋਵੇ,
ਜੋ ਰੋਂਦੀ ਨਾ ਜਾਵੇ ਆਪਣਿਆ ਤੋਂ ਜਰੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ ।

ਚਲ ਬਸ ਕਰ ਚਹਿਲਾ ਜੋ ਕਰਨ ਸੌ ਭਰਨ ਗਏ,
ਕਿਸੇ ਦੀ ਧੀ ਨੂੰ ਦੁਖੀ ਕਰਕੇ ਫਿਰ ਆਪਣੀ ਨੂੰ ਵੀ ਕਰਨਗੇ,
ਰੱਬਾ ਹੱਥ ਜੋੜ ਕੇ ਅਰਜ ਮੇਰੀ ਧੀਆ ਦੀ ਹਰ ਗੱਲ ਤੂੰ ਸੁਣੀ,
ਦੇਵੀਂ ਹੌਂਸਲਾ ਆਪਣੇ ਪੈਰਾ ਤੇ ਰਹੇ ਖੜ੍ਹੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ।

**ਮਨਪ੍ਰੀਤ ਕੌਰ ਚਹਿਲ**
84377 52216

## ਮੁਰਦੇ....

ਮੇਰੇ ਸਹਿਰ 'ਚ ਮੁਰਦੇ ਰਹਿੰਦੇ ਨੇ,
ਨਾ ਬੋਲਦੇ ਨਾ ਕੁੱਝ ਕਹਿੰਦੇ ਨੇ।
ਮੂੰਹ ਖੋਲ੍ਹਣ ਤੋਂ ਵੀ ਡਰਦੇ ਨੇ,
ਚੁੱਪ ਰਹਿ ਕੇ ਹੀ ਗਮ ਸਹਿੰਦੇ ਨੇ।
ਮੇਰੇ ਸਹਿਰ.....

ਭਾਵੇਂ ਮਾਰ ਸੁੱਟੋ ਜਾਂ ਵੱਢ ਦਿਓ,
ਬੇਸੱਕ ਘਰਾਂ 'ਚੋਂ ਬਾਹਰ ਕੱਢ ਦਿਓ।
ਆਪੋ ਆਪਣੇ ਲੈ ਕੇ ਝੰਡੇ ਚਾਹੇ,
ਮੱਥੇ ਤੇ ਇਹਨਾਂ ਦੇ ਗੱਡ ਦਿਓ।
ਪਰ ਲੱਭਣਾ ਪੈਣਾ ਇਹਨਾਂ ਨੂੰ,
ਇਹ ਲੁੱਕ-ਲੁੱਕ ਜੋ ਬਹਿੰਦੇ ਨੇ।
ਮੇਰੇ ਸਹਿਰ......

ਇਹ ਠੋਕਰਾਂ ਖਾ ਕੇ ਪਲਦੇ ਹਨ,
ਬੱਸ ਅੰਦਰੋਂ-ਅੰਦਰ ਗਲਦੇ ਹਨ।
ਆਪੇ ਹੀ ਅੱਗ ਬਾਲਦੇ ਤੇ,
ਆਪ ਹੀ ਉਸ ਵਿੱਚ ਜਲਦੇ ਹਨ।
ਮਾੜੀ ਜਿਹੀ ਠੁੱਡ ਮਾਰਨ ਤੇ ਇਹ,
ਕੱਚੀ ਭੀਤ ਵਾਂਗਰਾਂ ਢਹਿੰਦੇ ਨੇ।
ਮੇਰੇ ਸਹਿਰ....

ਕਦੇ ਭੁੱਲ-ਭੁਲੇਖੇ ਹੱਸਦੇ ਇਹ,
ਨਾ ਦੁੱਖ ਕਿਸੇ ਨੂੰ ਦੱਸਦੇ ਇਹ।
ਜਿੱਥੇ ਕਦਰ ਨਹੀਂ ਇਨਸਾਨਾਂ ਦੀ,
ਓਸ ਜਗ੍ਹਾ ਤੇ ਜਾ ਕੇ ਵੱਸਦੇ ਇਹ।
ਇਹ ਵਾਂਗ ਗੁਲਾਮਾਂ ਕੰਮ ਕਰਦੇ,
ਤੇ ਨਿੱਤ ਮੰਜਿਆਂ ਵਾਗੂੰ ਡਹਿੰਦੇ ਨੇ।
ਮੇਰੇ ਸਹਿਰ 'ਚ ਮੁਰਦੇ ਰਹਿੰਦੇ ਨੇ ਨਾ ਬੋਲਦੇ
ਨਾ ਕੁੱਝ ਕਹਿੰਦੇ ਨੇ।



**ਮਨਜੀਤ ਕੌਰ ਧੀਮਾਨ,**
**ਸੇਰਪੁਰ, ਲੁਧਿਆਣਾ।**
**ਸੰ:9464633059**

## ਸ਼ਿਕਾਰੀ ਅਤੇ ਪੰਛੀ

ਆਇਆ ਸ਼ਿਕਾਰੀ ਭੋਲ੍ਹਾ ਬਣਕੇ,
ਬ੍ਰਿਛ ਥੱਲੇ ਸੀ ਰੁਕਿਆ।
ਉੱਪਰ ਬੈਠੇ ਪੰਛੀ ਤੱਕਣ,
ਇਹ ਥੱਲੇ ਕਿਓਂ ਝੁਕਿਆ।

ਉੱਡ ਚੱਲੀਏ ਆਪਾਂ ਇੱਥੋਂ
ਸਾਨੂੰ ਖ਼ਤਰਾ ਜਾਪੇ।
ਹੋਰ ਕਿਤੇ ਜਾਨ ਸਾਡੀ ਨੂੰ
ਪੈ ਨਾ ਜਾਣ ਸਿਆਪੇ।

ਲੱਗੇ ਕਰਨ ਵਿਚਾਰਾਂ ਪੰਛੀ
ਨਾਲ ਬੱਚਿਆਂ ਨੂੰ ਲੈ ਕੇ।
ਕਈ ਅਜੇ ਸੁਲਾਹਾਂ ਕਰਦੇ,
ਇੱਕ ਦੂਜੇ ਨਾਲ ਬਹਿ ਕੇ।

ਏਨੇ ਨੂੰ ਸੀ ਤੀਰ ਉਸ ਨੇ,
ਬੁੱਕਲ ਵਿੱਚੋਂ ਕੱਢਿਆ।
ਸਿੱਧਾ ਕਰ ਨਿਸ਼ਾਨਾ ਉਸ ਸੀ
ਵੱਲ ਪੰਛੀਆਂ ਛੱਡਿਆ।

ਕਈ ਤਾਂ ਬੇਰਾ ਵਾਂਗੂ ਡਿੱਗੇ ,
ਲੋਟਣੀਆਂ ਸੀ ਖਾ ਕੇ।
ਕੁੱਝ ਮਰਗੇ, ਕੁੱਝ ਤੜਫੇ ਪੰਛੀ
ਡਿੱਗੇ ਥੱਲੇ ਆ ਕੇ।

ਚੁੱਕ ਕੇ ਵਿੱਚ ਝੋਲੀ ਦੇ ਪਾਏ
ਸ਼ਿਕਾਰੀ ਖੁਸ਼ੀ ਮਨਾਏ।
ਧਰਤੀ ਦਾ ਸ਼ਿੰਗਾਰ ਸੀ ਉਸ ਨੇ
ਮਿੰਟਾਂ ਵਿੱਚ ਮੁਕਾਏ।

ਕਿੱਥੋਂ ਸੁੱਖ ਭਾਲੇ ਫਿਰ ਬੰਦਾ
ਕੁਦਰਤ ਬਦਲਾ ਲੈਂਦੀ।
ਸਭ ਕੁੱਝ ਵੇਖੀ ਜਾਵੇ 'ਪੱਤੋ',
ਪਹਿਲਾਂ ਨੀਂ ਕੁੱਝ ਕਹਿੰਦੀ।

**ਹਰਪ੍ਰੀਤ ਪੱਤੋ**
94658-21417

## ਪੰਥ ਦਾ ਦਾਸ

ਜਦ ਪਹਿਲੀ ਹੋਸ਼ ਸੰਭਾਲੀ ਮੈਂ,
ਕੁਝ ਬਾਤਾਂ ਬਾਪੂ ਦੱਸੀਆਂ ਸੀ,
ਇੱਕ ਦਿਨ ਫੌਜਾਂ ਚੜ੍ਹ ਹਰਮੰਦਿਰ ਨੂੰ
ਟੈਂਕਾਂ ਤੇ ਤੋਪਾਂ ਕੱਸੀਆਂ ਸੀ,

ਉਨ੍ਹਾਂ ਰੱਜ ਕੇ ਕਹਿਰ ਕਮਾਇਆ
ਸਾਡੇ ਪੰਥ ਨੂੰ ਲਾਂਬੂ ਲਾਇਆ ਸੀ,
ਸਾਡਾ ਉੱਚਾ-ਸੁੱਚਾ ਸ਼੍ਰੀ ਅਕਾਲ ਤਖਤ
ਜ਼ਾਲਮਾਂ ਗੋਲਿਆਂ ਨਾਲ ਢਹਾਇਆ ਸੀ

ਇਹ ਸੁਣ ਕੇ ਦਰਦ ਕਹਾਣੀ ਮੈਂ
ਮੁੜਕੇ ਰਾਹ ਉਸੇ ਨੂੰ ਪੈ ਗਿਆ ਸੀ,
ਕੌਮ ਦੀ ਸੇਵਾ ਕਰਨ ਦੀ ਖਾਤਿਰ
ਮੈਂ ਸੱਚੇ ਦਰ ਤੇ ਢਹਿ ਪਿਆ ਸੀ,

ਦਿੱਲੀ ਤੱਖਤ ਕਿਸਾਨਾਂ ਉੱਤੇ
ਕਾਲੇ ਕਾਨੂੰਨ ਜਦ ਲਗਾਏ ਸੀ
ਵਿੱਚ ਮੋਰਚੇ ਭਰੀ ਹਾਜ਼ਰੀ ਮੈਂ
ਮੋਦੀ ਸ਼ਾਹ ਵੰਗਾਰੇ ਸੀ,

ਇੱਕ ਚਿਹਰਾ ਪ੍ਰਦੇਸ਼ ਤੋਂ ਆਇਆ
ਮੈਂ ਉਹਦਾ ਸਾਥ ਦਿੱਤਾ ਸੀ
ਖਾਲਸਾ ਵਹੀਰ ਦੇ ਨਾਮ ਉੱਤੇ
ਮੈਂ ਪੂਰਾ ਪ੍ਰਚਾਰ ਕੀਤਾ ਸੀ,

ਹਰ ਇੱਕ ਨੂੰ ਗੱਲ ਨਾਲ ਲਾ ਲਿਆ
ਮੇਰਾ ਗੁਨਾਹ ਸਿਰਫ ਐਨਾ ਸੀ,
ਪਰ ਸੱਚ ਸੁਣੇ ਬਿਨ ਅਪਣਇਆ ਨੇ
ਮੈਨੂੰ ਗੱਦਾਰ ਬਣਾ ਦਿੱਤਾ ਸੀ,

ਸਾਰੇ ਪਾਸੇ ਹਾਹਾਕਾਰ ਮੱਚ ਗਈ
ਇੱਕੀ-ਦੁੱਕੀ ਵੀ ਗੱਦਾਰ ਦੱਸ ਗਈ,
ਹੁਣ ਓਟ ਸੱਚੇ ਕਰਤਾਰ ਉੱਤੇ
ਜੋ ਸੱਚ ਦੀਆਂ ਸੱਚ ਨਬੇੜੇਗਾ,
ਨਈ ਤਾਂ ਦੂਜਿਆਂ ਵਾਂਗਰ
ਮੇਰਾ ਅੰਤ ਗਵਾਹੀ ਭਰੂਗਾ,

ਜਦ ਤੁਰਿਆ ਦੀਪ ਦੇ ਰਾਹੇ ਮੈਂ
ਸਭ ਪਤਾ ਸੀ ਪੰਧ ਨਿਭਾਉਣਾ ਪਊ
ਕੀ ਫਾਇਦਾ ਸਮਾਂ ਜੇ ਸਾਂਭਿਆਂ ਨਾ
ਪਛਤਾ ਕੇ ਮਗਰੋਂ ਰੋਣਾ ਪਊ

ਹੁਣ ਲੱਗਦਾ ਟੈਗ ਗੱਦਾਰੀ ਦਾ
ਮੈਨੂੰ ਖੂਨ ਡੋਲ ਕੇ ਧੋਣਾ ਪਊ
ਹੁਣ ਲੱਗਦਾ ਟੈਗ ਗੱਦਾਰੀ ਦਾ
ਮੈਨੂੰ ਖੂਨ ਡੋਲ ਕੇ ਧੋਣਾ ਪਊ

**ਲਵਪ੍ਰੀਤ ਸਿੰਘ ਤੂਫਾਨ**

## ਜੰਗ

ਬੰਬਾਂ ਦੀ ਵਾਸੜ ਦੇ ਹੇਠਾਂ,
ਇਨਸਾਨੀਅਤ ਰੋਂਦੀ ਵੇਖੀ ਮੈਂ।
ਕੋਈ ਮਸਤੀ ਵਿੱਚ ਮਸਰੂਫ ਫਿਰੇ,
ਕੋਈ ਜਾਨ ਲੁਕੋਂਦੀ ਵੇਖੀ ਮੈਂ।
ਹੋ ਰਹੀ ਪਰਖ ਆਪਣੇ ਬੇਗਾਨੇ ਦੀ,
ਵਕਤ ਪਏ ਤੋਂ ਕੌਣ ਖੜਦਾ ਏ,
ਬੇਗਾਨੀ ਤਾਕਤ ਦਾ ਨਾ ਮਾਨ ਕਰੀਏ,
ਭਲਾ ਕੌਣ ਕਿਸੇ ਪਿਛੇ ਲੜਦਾ ਏ।
ਦੋ ਤਾਕਤਾਂ ਦੀ ਇੱਕ ਜਿਦ ਬਦਲੇ,
ਘਾਣ ਹੋ ਰਿਹਾ ਲੱਖਾਂ ਮਾਸੂਮਾਂ ਦਾ।
ਖੜੇ ਦੂਰ ਤਮਾਸਾ ਦੇਖ ਰਹੇ,
ਕੌਣ ਦੇਵੇ ਸਾਥ ਮਜਲੂਮਾਂ ਦਾ।
ਜਿਹੜੇ ਬਚਕੇ ਆਏ ਇਧਰ ਉਧਰ,
ਮਨਾਓ ਜਸਨ, ਧੰਨ ਭਾਗਨੇ।
ਪਰ ਉਹ ਵੀ ਜਿਹੜੇ ਮਰ ਰਹੇ,
ਕਿਸੇ ਦੀ ਤਾਂ ਔਲਾਦ ਨੇ।
ਘਰ ਢਹਿਗੇ ਖਾਣ ਲਈ ਅੰਨ ਹੈਨੀ,
ਘਾਹ ਖਾਣ ਲਈ ਲੋਕ ਮਜਬੂਰ ਹੋਏ।
ਕੌਣ ਕਹੇ ਜਾਕੇ ਡਾਢਿਆਂ ਨੂੰ,
ਬੇਗੁਨਾਹਾਂ ਤੋਂ ਕੀ ਕਸੂਰ ਹੋਏ।
ਸਭ ਚਾਹੁੰਦੇ ਦੁਨੀਆਂ ਜਿੱਤਣ ਨੂੰ,
ਕੋਈ ਆਪਣੇ ਆਪ ਨੂੰ ਜਿੱਤੇ ਨਾ।
ਢੇਰੀ ਆਖਰ ਸਭਨਾਂ ਹੋ ਜਾਣਾ,
ਇੱਥੇ ਚੱਲਣ ਕਿਸੇ ਦੇ ਸਿੱਕੇ ਨਾ।
ਅਲੀ ਜੁਲਮ ਦੀ ਵੀ ਕੋਈ ਹੱਦ ਹੁੰਦੀ,
ਕੀੜੀ ਹਾਥੀ ਨੂੰ ਰੁਲਾਉਂਦੀ ਵੇਖੀ ਮੈਂ।
ਬੰਬਾਂ ਦੀ ਵਾਸੜ ਦੇ ਹੇਠਾਂ,
ਇਨਸਾਨੀਅਤ ਰੋਂਦੀ ਵੇਖੀ ਮੈਂ।

**ਮੁਖਤਿਆਰ ਅਲੀ**
98728.96450

## ਅਖਾਣ ਪੱਥਰ 'ਤੇ ਲੀਕ !

'ਸੌ ਦਿਨ' ਚੋਰ ਦੇ ਹੁੰਦੇ ਨੇ ਬਹੁਤ ਭਾਵੇਂ
ਦਿਨ ਸਾਧ ਦਾ ਹੁੰਦਾ ਨਜ਼ਦੀਕ ਯਾਰੋ।
ਮਾਤਾ ਚੋਰ ਦੀ 'ਕੋਠੀ ਵਿਚ ਮੂੰਹ' ਰੱਖੇ
ਹੱਸੇ ਦੁਨੀਆਂ ਤੇ ਨਾਲ ਸ਼ਰੀਕ ਯਾਰੋ।
ਖਾਂਦੇ ਚੋਰਾਂ ਨੂੰ ਹੁਬ ਹੁਬ ਕੇ ਦੇਖੀਏ ਨਾ
ਪੈ ਰਹੀ ਕੁੱਟ ਹੀ ਦੇਖਣੀ ਠੀਕ ਯਾਰੋ।
ਮਿਣਦੇ 'ਕੱਪੜੇ ਚੋਰੀ' ਦੇ ਨਾਲ ਡਾਂਗਾਂ
ਆਵੇ ਯਾਦ ਜਦ ਨਿਕਲੇ ਚੀਕ ਯਾਰੋ।
ਇਹ 'ਅਖਾਣ' ਜੋ ਬੈਂਤ ਦੇ ਵਿਚ ਵਰਤੇ
ਝੂਠੇ ਨਹੀਂ ਇਹ ਪੱਥਰ 'ਤੇ ਲੀਕ ਯਾਰੋ।
ਚਲਦੀ 'ਬਾਬੇ ਦੀ ਚੱਕੀ' ਬੇਸ਼ੱਕ ਹੌਲੀ
ਪੀਂਹਦੀ ਹੁੰਦੀ ਐ ਬਹੁਤ ਬਰੀਕ ਯਾਰੋ !



**-ਤਰਲੋਚਨ ਸਿੰਘ ਦੁਪਾਲਪੁਰ**
78146-92724

## ਵਿਛੋੜੇ ਦਾ ਗੀਤ

ਤੇਰੀ ਯਾਦ ਸਤਾਏ ਮੈਨੂੰ ਨੀਂਦ ਨਾ ਆਏ।
ਤਾਰੇ ਗਿਣ ਗਿਣ ਰਾਤ, ਬਿਤਾਵਾਂ ਸੱਜਣਾਂ।

ਉਡੀਕਾਂ ਤੇਰੀਆਂ ਦੇ ਵਿਚ, ਖੜ੍ਹੀ ਹੋਵਾਂ ਗਲੀ ਵਿਚ
ਅੱਡੀ ਚੁੱਕ ਚੁੱਕ ਦੇਖਾਂ, ਤੇਰਾ ਰਾਹ ਸੱਜਣਾਂ,
ਜੇ ਤੂੰ ਘਰ ਵਿਚ ਆਵੇਂ, ਮੈਨੂੰ ਗਲ ਨਾਲ ਲਾਵੇਂ,
ਦਿਲ ਖੋਲ ਦੱਸਾਂ ਤੈਨੂੰ, ਮੈਂ ਚਿੰਤਵਾਂ ਸੱਜਣਾਂ।

ਤੂੰ ਪੀੜਾ ਦਾ ਪਰਾਗਾ, ਮੇਰੀ ਝੋਲੀ ਵਿਚ ਪਾਇਆ,
ਮੁੜ ਘਰ ਨਹੀਂ ਆਇਆ, ਸਾਡਾ ਕਿਵੇਂ ਸੱਜਣਾਂ
ਜਦੋਂ ਯਾਦ ਤੇਰੀ ਆਵੇ, ਦਿਲ ਥੰਮਿਆ ਨਾਜਾਵੇ,
ਨਾਲ ਗ਼ਮਾਂ ਦੇ ਹੀ ਆਪਾਂ, ਮੈਂ ਸਤਾਵਾਂ ਸੱਜਣਾਂ।

ਪੌਣ ਠੰਢੀ ਜਦੋਂ ਵੱਗੇ, ਮੈਨੂੰ ਕੁਝ ਵੀ ਨਾ ਫੱਬੇ,
ਸੁੰਨੀ ਸੇਜ ਪਈ ਵੱਢੇ, ਤੇਰੇ ਬਿਨਾਂ ਸੱਜਣਾਂ,
ਘਰ ਛੁੱਟੀ ਲੈ ਕੇ ਆ ਜਾ, ਮੇਰੇ ਸੀਨੇ ਠੰਢ ਪਾ ਜਾ,
ਮੈਨੂੰ ਮੁਖੜਾ ਦਿਖਾ ਜਾ, ਔਸੀਆਂ ਪਾਵਾਂ ਸੱਜਣਾਂ।

ਜਦੋਂ ਕਾਂ ਬਨ੍ਹੇਰੇ ਬੋਲੇ, ਭੇਦ ਆਉਣ ਦਾ ਉਹ ਖੋਲ੍ਹੇ,
ਕੁੱਟ ਚੂਰੀਆਂ ਮੈਂ ਪਾਵਾਂ, ਨਾਲ ਹੀ ਆਣ-ਭੋਲੇ,
ਸੁਨੇਹਾ ਔਣ ਦਾ ਲਿਆਵੇ, ਮੇਰੇ ਮਨ ਨੋ ਉਹ ਭਾਵੇ
ਤੇਰੇ ਰਾਹਾਂ ਵਿਚ ਪਲਕਾਂ, ਵਿਛਾਵਾਂ ਸੱਜਣਾਂ।

ਦੀਵਾ ਆਸਾਂ ਦਾ ਬਣਾਵਾਂ, ਤੇਲ ਹੰਝੂਆਂ ਦਾ ਪਾਵਾਂ,
ਵਿਚ ਦੁੱਖਾਂ ਨੋ ਜਲਹਵਾਂ, ਪਲ ਪਲ ਸੱਜਣਾਂ,
ਸਿਆਹੀ ਹੰਝੂਆਂ ਦੀ ਬਣਾ ਕੇ, ਪੱਟੀ ਸੱਧਰਾਂ ਦੀ ਸਜਾ ਕੇ,
'ਹਜ਼ੂਰ' ਆਪਣੇ ਹੀ ਦੁੱਖਾਂ ਤਾਈਂ ਲਿਖਵਾਵਾਂ ਸੱਜਣਾਂ



**ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)**
**ਕੋਠੀ ਨੰ. 2426, ਸਾਊਥ ਵਾਸਕੋ ਰੋਡ**
**ਕੌਵਨ ਵੇ ਲਿਵਰਮੋਰ**
925-660-5977

## ਕਵਿਤਾ

ਖੌਰੂ ਪਾਂਦਾ ਸੋਚਾਂ ਵਾਲਾ, ਝੁੱਲਿਆ ਤੂਫਾਨ ਐਸਾ,
ਵੱਡੇ ਬੋਹੜ ਬਾਬੇ ਜੋ, ਮੂੱਧੇ ਸਿਰ ਭਾਰ ਡਿੱਗੇ।

ਕੱਟਿਆਂ ਦੀ ਬਲੀ ਦਿੱਤੀ, ਬੱਕਰੀ ਦਾ ਦੁੱਧ ਚੋਇਆ,
ਜਗ੍ਹਾ ਜਗ੍ਹਾ ਮੱਥੇ ਟੇਕੇ, ਅੱਧ ਵਿਚਕਾਰ ਡਿੱਗੇ।

ਪਾਠ, ਜਗਰਾਤੇ, ਨਾਲੇ, ਹਵਨ ਕਰਾਏ ਭਾਵੇਂ,
ਝੱਲਣੀ ਨਮੋਸ਼ੀ ਪਈ, ਐਸੇ ਇਸ ਵਾਰ ਡਿੱਗੇ।

ਸਾਧਾਂ ਦੀ ਭਵਿੱਖਬਾਣੀ, ਕੋਈ ਵੀ ਨਾ ਸੱਚ ਹੋਈ,
ਰੁਤਬੇ ਜੋ ਮਾਣਦੇ ਸੀ, ਹੋ ਕੇ ਤਾਰ ਤਾਰ ਡਿੱਗੇ।

ਅਜਬ ਗਜਬ ਸੈਲੀ, ਸੋਹਣੀ ਸ਼ਬਦਾਵਲੀ,
ਰੋਹਬ ਵੀ ਰੱਖਦੇ ਸੀ, ਐਸੇ ਫਨਕਾਰ ਡਿੱਗੇ।

ਗੱਡੀ ਲਾਲ ਬੱਤੀ ਵਾਲੀ, ਹੁੰਦੀ ਸੀ ਹਮੇਸ਼ਾ ਥੱਲੇ,
ਚੂਰ ਸੀ ਜੋ ਹਉਮੈ 'ਚ, ਉਹ ਆਖਰਕਾਰ ਡਿੱਗੇ।

ਰਹਿੰਦੇ ਸੀ ਹਮੇਸ਼ਾ ਜੋ, ਸੱਤਾ ਵਾਲੇ ਨਸੇ ਵਿੱਚ,
ਆਪ ਤਾਂ ਉਹ ਡਿੱਗੇ ਹੀ, ਨਾਲ ਕਈ ਯਾਰ ਡਿੱਗੇ।

ਲੋਕ ਹਿੱਤਾਂ ਲਈ ਕਦੇ, ਸੋਚਿਆ 'ਗੁਸੀਲ' ਨੇ ਨਾ,
ਫੇਰ ਦਿੱਤਾ ਝਾੜੂ ਲੋਕਾਂ, ਉੱਚੇ ਕਿਰਦਾਰ ਡਿੱਗੇ।

**ਗੁਰਦਰਸ਼ਨ ਸਿੰਘ ਗੁਸੀਲ**

# ਇੰਟਰਨਸ਼ਿਪ: ਡਿਜੀਟਲ ਇੰਡੀਆ ਲਈ ਭਵਿੱਖ ਲਈ ਤਿਆਰ ਨੌਜਵਾਨਾਂ ਦਾ ਨਿਰਮਾਣ

21ਵੀਂ ਸਦੀ ਵਿੱਚ, ਭਾਰਤ ਦਾ ਮਾਰਗਦਰਸ਼ਕ ਮੰਤਰ – 'ਡਿਜੀਟਲ ਫਸਟ' – ਇੱਕ ਤਕਨੀਕੀ ਇੱਛਾ ਤੋਂ ਕਿਤੇ ਵੱਧ ਬਣ ਗਿਆ ਹੈ। ਇਹ ਇੱਕ ਪਰਿਵਰਤਨਸ਼ੀਲ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ ਜੋ ਦੇਸ਼ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਲਈ ਸਿੱਖਿਆ, ਨਵੀਨਤਾ ਅਤੇ ਸ਼ਾਸਨ ਨੂੰ ਏਕੀਕ੍ਰਿਤ ਕਰਦਾ ਹੈ। ਇਸ ਪਰਿਵਰਤਨ ਦੇ ਕੇਂਦਰ ਵਿੱਚ ਇੱਕ ਮਹੱਤਵਪੂਰਨ ਸਾਧਨ ਹੈ – ਇੰਟਰਨਸ਼ਿਪ। ਇੱਕ ਵਾਰ ਇੱਕ ਸੰਖੇਪ ਕੰਮ ਦੇ ਤਜਰਬੇ ਵਜੋਂ ਦੇਖਿਆ ਜਾਂਦਾ ਸੀ, ਇੰਟਰਨਸ਼ਿਪ ਅੱਜ ਰੁਜ਼ਗਾਰਯੋਗਤਾ, ਰਚਨਾਤਮਕਤਾ ਅਤੇ ਅਨੁਕੂਲਤਾ ਪੈਦਾ ਕਰਨ ਲਈ ਢਾਂਚਾਗਤ ਪਲੇਟਫਾਰਮ ਵਜੋਂ ਖੜ੍ਹੀ ਹੈ, ਜੋ ਵਿਦਿਆਰਥੀਆਂ ਨੂੰ ਤੇਜ਼ੀ ਨਾਲ ਵਿਕਸਤ ਹੋ ਰਹੀ ਵਿਸ਼ਵ ਅਰਥਵਿਵਸਥਾ ਵਿੱਚ ਵਧਣ-ਫੁੱਲਣ ਲਈ ਤਿਆਰ ਕਰਦੀ ਹੈ।

ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) 2020 [ਭਾਗ 4.26, 11.8, ਅਤੇ 17.8] ਵਿੱਚ ਸ਼ਾਮਲ, ਇੰਟਰਨਸ਼ਿਪ ਹੁਣ ਅਕਾਦਮਿਕ ਸਿੱਖਿਆ ਲਈ ਪੈਰੀਫਿਰਲ ਐਡ-ਆਨ ਨਹੀਂ ਹਨ; ਇਹ ਭਾਰਤ ਦੇ ਸਿੱਖਿਆ ਢਾਂਚੇ ਦਾ ਇੱਕ ਅਨਿੱਖੜਵਾਂ ਅੰਗ ਹਨ। ਇਹ ਸਿਧਾਂਤਕ ਹਦਾਇਤਾਂ ਨੂੰ ਵਿਹਾਰਕ ਅਨੁਭਵ ਨਾਲ ਮਿਲਾਉਂਦੇ ਹਨ, ਇਹ ਯਕੀਨੀ ਬਣਾਉਂਦੇ ਹਨ ਕਿ ਗ੍ਰੈਜੂਏਟ ਨਾ ਸਿਰਫ਼ ਗਿਆਨ ਨਾਲ, ਸਗੋਂ ਹੁਨਰ, ਵਿਸ਼ਵਾਸ ਅਤੇ ਮਾਨਸਿਕਤਾ ਨਾਲ ਵੀ ਕਾਰਜਬਲ ਵਿੱਚ ਦਾਖਲ ਹੁੰਦੇ ਹਨ ਤਾਂ ਜੋ ਇਸਨੂੰ ਅਰਥਪੂਰਨ ਢੰਗ ਨਾਲ ਲਾਗੂ ਕੀਤਾ ਜਾ ਸਕੇ। ਪ੍ਰਭਾਵਸ਼ਾਲੀ ਇੰਟਰਨਸ਼ਿਪਾਂ ਦੀ ਤਿਆਰੀ ਅੰਡਰਗ੍ਰੈਜੂਏਟ ਸਿੱਖਿਆ ਦੇ ਪਹਿਲੇ ਸਾਲ ਤੋਂ ਹੀ ਸ਼ੁਰੂ ਹੁੰਦੀ ਹੈ। ਦੇਸ਼ ਭਰ ਦੀਆਂ ਸੰਸਥਾਵਾਂ ਨੇ ਏਆਈਸੀਟੀਈ ਆਈਡੀਆ ਲੈਬਜ਼ ਵਰਗੇ ਨਵੀਨਤਾ ਕੇਂਦਰ ਸਥਾਪਤ ਕੀਤੇ ਹਨ, ਜੋ ਵਿਦਿਆਰਥੀਆਂ ਨੂੰ ਉੱਭਰ ਰਹੀਆਂ ਤਕਨਾਲੋਜੀਆਂ ਦੀ ਹੱਥੀਂ ਪੜਚੋਲ ਕਰਨ ਦੀ ਆਗਿਆ ਦਿੰਦੇ ਹਨ। ਇੱਥੇ, ਉਹ ਪ੍ਰਯੋਗ ਕਰਨਾ, ਡਿਜ਼ਾਈਨ ਕਰਨਾ ਅਤੇ ਪ੍ਰੋਟੋਟਾਈਪ ਬਣਾਉਣਾ ਸਿੱਖਦੇ ਹਨ।

ਵਿਦਿਆਰਥੀ ਸਮਾਰਟ ਇੰਡੀਆ ਹੈਕਾਥੌਨ, ਐਮਐਸਐਮਈ ਹੈਕਾਥੌਨ, ਅਤੇ ਸਟਾਰਟਅੱਪ ਇੰਡੀਆ ਚੈਲੇਂਜ ਵਰਗੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਵੀ ਹਿੱਸਾ ਲੈਂਦੇ ਹਨ, ਜਿੱਥੇ ਉਹ ਅਸਲ-ਸੰਸਾਰ ਦੀਆਂ ਸਮੱਸਿਆਵਾਂ ਦੇ ਵਿਹਾਰਕ ਹੱਲ ਵਿਕਸਤ ਕਰਦੇ ਹਨ। ਇਹ ਅਨੁਭਵ ਨਾ ਸਿਰਫ਼ ਉਨ੍ਹਾਂ ਦੇ ਤਕਨੀਕੀ ਹੁਨਰਾਂ ਨੂੰ ਨਿਖਾਰਦੇ ਹਨ ਬਲਕਿ ਟੀਮ ਵਰਕ, ਸੰਚਾਰ ਅਤੇ ਲੀਡਰਸ਼ਿਪ ਯੋਗਤਾਵਾਂ ਨੂੰ ਵੀ ਉਤਸ਼ਾਹਿਤ ਕਰਦੇ ਹਨ।

ਇਹਨਾਂ ਦੇ ਪੂਰਕ ਵਰਕਸ਼ਾਪਾਂ, ਸੈਮੀਨਾਰ ਅਤੇ ਖੋਜ-ਅਧਾਰਤ ਪ੍ਰੋਜੈਕਟ ਹਨ ਜੋ ਸਮਝ ਨੂੰ ਡੂੰਘਾ ਕਰਦੇ ਹਨ। ਵਿਦਿਆਰਥੀ ਕਲੱਬਾਂ, ਆਈਈਈਈ , ਅਇਐਸਟੀਈ, ਅਤੇ ਆਈਈਟੀਈ ਵਰਗੇ ਪੇਸ਼ੇਵਰ ਸਮਾਜਾਂ, ਅਤੇ ਉੱਦਮਤਾ ਸੈੱਲਾਂ ਰਾਹੀਂ, ਸਿਖਿਆਰਥੀ ਬਹੁ-ਅਨੁਸ਼ਾਸਨੀ ਐਕਸਪੋਜ਼ਰ ਪ੍ਰਾਪਤ ਕਰਦੇ ਹਨ। ਉਦਯੋਗਾਂ, ਪੇਂਡੂ ਭਾਈਚਾਰਿਆਂ ਅਤੇ ਖੋਜ ਸੰਗਠਨਾਂ ਦੇ ਖੇਤਰੀ ਦੌਰੇ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਨੂੰ ਹੋਰ ਵਧਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਕਲਾਸਰੂਮ ਸੰਕਲਪਾਂ ਨੂੰ ਅਸਲ-ਜੀਵਨ ਦੀਆਂ ਚੁਣੌਤੀਆਂ ਨਾਲ ਜੋੜਨ ਵਿੱਚ ਮਦਦ ਮਿਲਦੀ ਹੈ। ਜਦੋਂ ਤੱਕ ਵਿਦਿਆਰਥੀ ਰਸਮੀ ਇੰਟਰਨਸ਼ਿਪ ਵਿੱਚ ਕਦਮ ਰੱਖਦੇ ਹਨ, ਉਹ ਗਿਆਨ ਨੂੰ ਯੋਗਤਾ ਵਿੱਚ ਬਦਲਣ ਲਈ ਤਿਆਰ ਹੁੰਦੇ ਹਨ। ਸਟਾਰਟ-ਅੱਪਸ, ਕਾਰਪੋਰੇਸ਼ਨਾਂ, ਖੋਜ ਸੰਸਥਾਵਾਂ, ਜਾਂ ਗੈਰ-ਸਰਕਾਰੀ ਸੰਗਠਨਾਂ ਨਾਲ ਕੰਮ ਕਰਦੇ ਹੋਏ, ਉਹ ਸੰਗਠਨਾਤਮਕ ਸੱਭਿਆਚਾਰ, ਪ੍ਰੋਜੈਕਟ ਪ੍ਰਬੰਧਨ ਅਤੇ ਸਹਿਯੋਗ ਦੇ ਮੁੱਲ ਬਾਰੇ ਸਿੱਖਦੇ ਹਨ। ਉਹਨਾਂ ਨੂੰ ਆਪਣੀਆਂ ਸ਼ਕਤੀਆਂ ਦਾ ਵਿਸ਼ਲੇਸ਼ਣ ਕਰਨ, ਉਦੇਸ਼ਾਂ ਦੇ ਬਿਆਨ (ਐਸਓਪੀ) ਰਾਹੀਂ ਪ੍ਰਤੀਬਿੰਬਤ ਕਰਨ, ਅਤੇ ਗੁੰਝਲਦਾਰ ਸਮੱਸਿਆਵਾਂ 'ਤੇ ਡਿਜ਼ਾਈਨ ਸੋਚ ਨੂੰ ਲਾਗੂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।



ਤਕਨੀਕੀ ਵਿਕਾਸ ਤੋਂ ਪਰੇ, ਇੰਟਰਨਸ਼ਿਪ ਨਰਮ ਹੁਨਰਾਂ ਅਤੇ ਨੈਤਿਕਤਾ-ਹਮਦਰਦੀ, ਇਮਾਨਦਾਰੀ, ਟੀਮ ਵਰਕ ਅਤੇ ਪੇਸ਼ੇਵਰਤਾ – ਨੂੰ ਪਾਲਦੇ ਹਨ। ਇਹ ਉਹ ਗੁਣ ਹਨ ਜਿਨ੍ਹਾਂ ਨੂੰ ਅੱਜ ਮਾਲਕ ਅਕਾਦਮਿਕ ਯੋਗਤਾ ਦੇ ਨਾਲ-ਨਾਲ ਮਹੱਤਵ ਦਿੰਦੇ ਹਨ। ਇਸ ਤਰ੍ਹਾਂ ਇੰਟਰਨਸ਼ਿਪ ਦਾ ਤਜਰਬਾ ਸੰਪੂਰਨ ਸਿੱਖਣ ਦੀ ਇੱਕ ਪ੍ਰਕਿਰਿਆ ਬਣ ਜਾਂਦਾ ਹੈ – ਨਾ ਸਿਰਫ਼ ਕੰਮ ਕਰਨ ਦੇ ਤਰੀਕੇ ਨੂੰ ਖੋਜਣ ਦੀ, ਸਗੋਂ ਸੋਚਣ, ਸੰਚਾਰ ਕਰਨ ਅਤੇ ਅਗਵਾਈ ਕਰਨ ਦੇ ਤਰੀਕੇ ਨੂੰ ਵੀ।

**ਉਦੇਸ਼ ਅਤੇ ਵਿਆਪਕ ਪ੍ਰਭਾਵ** : ਇੰਟਰਨਸ਼ਿਪ ਦਾ ਕੇਂਦਰੀ ਟੀਚਾ ਸਿੱਖਣ ਨੂੰ ਕਲਾਸਰੂਮ ਦੀਆਂ ਕੰਧਾਂ ਤੋਂ ਪਰੇ ਵਧਾਉਣਾ ਹੈ। ਇਹ ਅਨੁਭਵੀ ਅਤੇ ਹਾਈਬ੍ਰਿਡ ਸਿੱਖਣ ਨੂੰ ਉਤਸ਼ਾਹਿਤ ਕਰਦੇ ਹਨ, ਵਿਦਿਆਰਥੀਆਂ ਨੂੰ ਉਦਯੋਗਿਕ, ਖੋਜ ਅਤੇ ਭਾਈਚਾਰਕ ਵਾਤਾਵਰਣ ਪ੍ਰਣਾਲੀਆਂ ਨਾਲ ਜੁੜਨ ਦੇ ਯੋਗ ਬਣਾਉਂਦੇ ਹਨ। ਅਜਿਹਾ ਕਰਨ ਨਾਲ, ਇਹ ਸਿਖਿਆਰਥੀਆਂ ਨੂੰ ਉੱਦਮੀ ਮਾਨਸਿਕਤਾ ਵਿਕਸਤ ਕਰਨ ਅਤੇ ਭਵਿੱਖ ਦੇ ਵਿਘਨਾਂ ਦੇ ਅਨੁਕੂਲ ਹੋਣ ਦੇ ਯੋਗ ਜੀਵਨ ਭਰ ਸਿੱਖਣ ਵਾਲੇ ਬਣਨ ਵਿੱਚ ਮਦਦ ਕਰਦੇ ਹਨ। ਇੰਟਰਨਸ਼ਿਪ ਦੇਸ਼ ਦੀਆਂ ਸਟੀਮ (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਕਲਾ ਅਤੇ ਗਣਿਤ) ਸਮਰੱਥਾਵਾਂ ਨੂੰ ਵੀ ਮਜ਼ਬੂਤ ਕਰਦੀਆਂ ਹਨ। ਵਿਦਿਆਰਥੀ ਤਕਨੀਕੀ ਪੇਸ਼ਕਾਰੀਆਂ, ਸਮੂਹ ਚਰਚਾਵਾਂ ਅਤੇ ਹੱਥੀਂ ਪ੍ਰਯੋਗਾਂ ਵਿੱਚ ਸ਼ਾਮਲ ਹੁੰਦੇ ਹਨ, ਵਿਸ਼ਲੇਸ਼ਣਾਤਮਕ ਅਤੇ ਰਚਨਾਤਮਕ ਸੋਚ ਨੂੰ ਵਧਾਉਂਦੇ ਹਨ। ਬਹੁਤ ਸਾਰੀਆਂ ਇੰਟਰਨਸ਼ਿਪਾਂ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਿਆਂ (ਐਸਡੀਜੀ) ਨਾਲ ਵੀ ਮੇਲ ਖਾਂਦੀਆਂ ਹਨ, ਵਿਦਿਆਰਥੀਆਂ ਨੂੰ ਟਿਕਾਊ ਨਵੀਨਤਾਵਾਂ ਅਤੇ ਸਮਾਜਿਕ ਜ਼ਿੰਮੇਵਾਰੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਦੀਆਂ ਹਨ। ਡਿਜ਼ਾਈਨ ਸੋਚ, ਸਿਮੂਲੇਸ਼ਨ ਟੂਲਸ ਅਤੇ ਰੀਅਲ-ਟਾਈਮ ਡੇਟਾ ਦੇ ਸੰਪਰਕ ਰਾਹੀਂ, ਵਿਦਿਆਰਥੀ ਸਿਧਾਂਤਕ ਅਭਿਆਸਾਂ ਤੋਂ ਪ੍ਰੋਟੋਟਾਈਪਾਂ ਦੇ ਵਿਕਾਸ ਅਤੇ ਟੈਸਟਿੰਗ ਵੱਲ ਵਧਦੇ ਹਨ। ਉਹ ਦੇਖਦੇ ਹਨ ਕਿ ਵੱਖ-ਵੱਖ ਵਿਭਾਗ – ਆਰ ਅਤੇ ਡੀ, ਮਾਰਕੀਟਿੰਗ, ਉਤਪਾਦਨ, ਅਤੇ ਗੁਣਵੱਤਾ ਭਰੋਸਾ – ਇੱਕ ਸੰਗਠਨ ਦੇ ਅੰਦਰ ਕਿਵੇਂ ਗੱਲਬਾਤ ਕਰਦੇ ਹਨ। ਬਹੁਤ ਸਾਰੇ ਮਾਰਕੀਟ ਖੋਜ ਕਰਦੇ ਹਨ, ਐਸਪੀਐਸਐਸ, ਜੀਏਐਸਪੀ ਅਤੇ ਆਰ ਵਰਗੇ ਸਾਧਨਾਂ ਦੀ ਵਰਤੋਂ ਕਰਕੇ ਡੇਟਾ ਇਕੱਠਾ ਕਰਦੇ ਹਨ, ਅਤੇ ਅਸਲ ਖਪਤਕਾਰਾਂ ਜਾਂ ਭਾਈਚਾਰਕ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੇ ਕਾਰਜਸ਼ੀਲ ਹੱਲ ਪ੍ਰਸਤਾਵਿਤ ਕਰਦੇ ਹਨ।



ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

**ਇੰਟਰਨਸ਼ਿਪਾਂ ਰਾਹੀਂ ਹੁਨਰਮੰਦੀ** : ਭਾਰਤ ਵਰਗੀ ਹੁਨਰ-ਸੰਚਾਲਿਤ ਅਰਥਵਿਵਸਥਾ ਵਿੱਚ, ਇੰਟਰਨਸ਼ਿਪ ਰੁਜ਼ਗਾਰਯੋਗਤਾ ਦੇ ਅਧਾਰ ਵਜੋਂ ਕੰਮ ਕਰਦੀ ਹੈ। ਰਾਸ਼ਟਰੀ ਪ੍ਰਮੁੱਖ ਪ੍ਰੋਗਰਾਮ ਸਰਗਰਮੀ ਨਾਲ ਅਕਾਦਮਿਕ ਅਤੇ ਉਦਯੋਗ ਨੂੰ ਜੋੜ ਰਹੇ ਹਨ। ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਵਿਦਿਆਰਥੀਆਂ ਨੂੰ 500 ਤੋਂ ਵੱਧ ਭਾਈਵਾਲ ਸੰਗਠਨਾਂ ਨਾਲ ਜੋੜਦੀ ਹੈ – ਜਿਸ ਵਿੱਚ ਮਹਾਰਤਨ, ਨਵਰਤਨ ਅਤੇ ਮਿਨੀਰਤਨ ਕੰਪਨੀਆਂ ਸ਼ਾਮਲ ਹਨ – ਮੁੱਖ ਖੇਤਰਾਂ ਵਿੱਚ ਪ੍ਰੋਜੈਕਟ-ਅਧਾਰਤ ਸਿਖਲਾਈ ਦੀ ਸਹੂਲਤ ਪ੍ਰਦਾਨ ਕਰਦੀ ਹੈ।

ਡਿਜੀਟਲ ਇੰਡੀਆ ਇੰਟਰਨਸ਼ਿਪ ਪ੍ਰੋਗਰਾਮ ਇਸਨੂੰ ਹੋਰ ਅੱਗੇ ਲੈ ਜਾਂਦਾ ਹੈ, ਸਾਈਬਰ ਸੁਰੱਖਿਆ, ਕਲਾਉਡ ਕੰਪਿਊਟਿੰਗ, ਬਲਾਕਚੈਨ, ਕੁਆਂਟਮ ਤਕਨਾਲੋਜੀ ਅਤੇ ਡਿਜੀਟਲ ਫੋਰੈਂਸਿਕ ਵਰਗੀਆਂ ਪ੍ਰਮੁੱਖ ਤਕਨਾਲੋਜੀਆਂ ਵਿੱਚ ਪਲੇਸਮੈਂਟ ਦੀ ਪੇਸ਼ਕਸ਼ ਕਰਦਾ ਹੈ। ਇਹ ਇਮਰਸਿਵ ਅਨੁਭਵ ਇਹ ਯਕੀਨੀ ਬਣਾਉਂਦੇ ਹਨ ਕਿ ਗ੍ਰੈਜੂਏਟ ਵਿਸ਼ਵ ਪੱਧਰ 'ਤੇ ਸੰਬੰਧਿਤ ਯੋਗਤਾਵਾਂ ਨਾਲ ਲੈਸ ਹਨ। ਐਸਟੀਈਐਮ ਵਿੱਚ ਔਰਤਾਂ ਲਈ, ਵਿਗਿਆਨ ਵਿਦੂਸ਼ੀ ਵਰਗੀਆਂ ਪਹਿਲਕਦਮੀਆਂ – ਟਾਟਾ ਇੰਸਟੀਚਿਊਟ ਆਫ਼ ਫੰਡਾਮੈਂਟਲ ਰਿਸਰਚ ਅਤੇ ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ ਦੇ ਵਿਚਕਾਰ ਇੱਕ ਸਹਿਯੋਗ-ਭੌਤਿਕ ਵਿਗਿਆਨ ਅਤੇ ਸੰਬੰਧਿਤ ਖੇਤਰਾਂ ਵਿੱਚ ਪੜ੍ਹਾਈ ਕਰਨ ਵਾਲੀਆਂ ਔਰਤਾਂ ਲਈ ਵਿਸ਼ੇਸ਼ ਖੋਜ ਇੰਟਰਨਸ਼ਿਪ ਪ੍ਰਦਾਨ ਕਰਦੀਆਂ ਹਨ। ਇਹ ਉੱਨਤ ਵਿਗਿਆਨਕ ਖੋਜ ਵਿੱਚ ਲਿੰਗ ਪਾੜੇ ਨੂੰ ਪੂਰਾ ਕਰਨ ਵਿੱਚ ਮਦਦ ਕਰ ਰਿਹਾ ਹੈ। ਡਿਜੀਟਲ ਨਿਰਮਾਣ ਅਤੇ ਪੀਐਲਸੀ ਪ੍ਰੋਗਰਾਮਿੰਗ ਵਰਗੇ ਖੇਤਰਾਂ ਨੂੰ ਕਵਰ ਕਰਦੇ ਹੋਏ, ਇਹ ਥੋੜ੍ਹੇ ਸਮੇਂ ਦੇ ਮਾਡਿਊਲ ਮਾਹਰ ਸਲਾਹ-ਮਸ਼ਵਰੇ ਅਧੀਨ ਸਿਧਾਂਤ ਨੂੰ ਅਭਿਆਸ ਨਾਲ ਜੋੜਦੇ ਹਨ। ਐਨਸੀਵੀਈਟੀ ਦੁਆਰਾ ਪ੍ਰਮਾਣਿਤ ਅਤੇ ਰਾਸ਼ਟਰੀ ਹੁਨਰ ਯੋਗਤਾ ਫਰੇਮਵਰਕ (ਐਨਐਸਕਿਊਐਫ) ਨਾਲ ਜੁੜੇ ਹੋਏ, ਇਹ ਅਕਸਰ ਪੂਰੇ ਪੈਮਾਨੇ ਦੀਆਂ ਇੰਟਰਨਸ਼ਿਪਾਂ ਦੇ ਪੂਰਵਗਾਮੀ ਵਜੋਂ ਕੰਮ ਕਰਦੇ ਹਨ – ਰੁਜ਼ਗਾਰਯੋਗਤਾ ਅਤੇ ਭਵਿੱਖ ਦੀ ਨੌਕਰੀ ਦੀ ਤਿਆਰੀ ਨੂੰ ਵਧਾਉਂਦੇ ਹਨ।

ਇੰਟਰਨਸ਼ਿਪਾਂ ਨੂੰ ਹੁਣ ਅਕਾਦਮਿਕ ਬੈਂਕ ਆਫ਼ ਕ੍ਰੈਡਿਟ (ਏਬੀਸੀ) ਪ੍ਰਣਾਲੀ ਰਾਹੀਂ ਉੱਚ ਸਿੱਖਿਆ ਵਿੱਚ ਸਹਿਜੇ ਹੀ ਜੋੜਿਆ ਗਿਆ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਆਪਣੇ ਵਿਹਾਰਕ ਤਜ਼ਰਬਿਆਂ ਲਈ ਅਕਾਦਮਿਕ ਕ੍ਰੈਡਿਟ ਪ੍ਰਾਪਤ ਕਰਨ ਦੀ ਆਗਿਆ ਮਿਲਦੀ ਹੈ। ਇਹ ਅਨੁਕੂਲਤਾ ਇਹ ਯਕੀਨੀ ਬਣਾਉਂਦੀ ਹੈ ਕਿ ਇੰਟਰਨਸ਼ਿਪਾਂ ਕੀਮਤੀ ਉਦਯੋਗ ਐਕਸਪੋਜ਼ਰ ਦੀ ਪੇਸ਼ਕਸ਼ ਕਰਦੇ ਹੋਏ ਡਿਗਰੀ ਪੂਰਾ ਕਰਨ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਉਂਦੀਆਂ ਹਨ। ਬਹੁਤ ਸਾਰੀਆਂ ਸੰਸਥਾਵਾਂ ਵਿਦਿਆਰਥੀਆਂ ਨੂੰ ਆਪਣੇ ਇੰਟਰਨਸ਼ਿਪ ਦੇ ਕੰਮ ਨੂੰ ਕੈਪਸਟੋਨ ਪ੍ਰੋਜੈਕਟਾਂ ਜਾਂ ਸਟਾਰਟ-ਅੱਪਸ, ਐਮਐਸਐਮਈ, ਜਾਂ ਅਕਾਦਮਿਕ ਪ੍ਰਯੋਗਸ਼ਾਲਾਵਾਂ ਦੇ ਨਾਲ ਖੋਜ ਅਧਿਐਨਾਂ ਵਿੱਚ ਵਧਾਉਣ ਲਈ ਉਤਸ਼ਾਹਿਤ ਕਰਦੀਆਂ ਹਨ। ਅਜਿਹੀਆਂ ਪਹਿਲਕਦਮੀਆਂ ਠੋਸ ਨਤੀਜਿਆਂ ਵੱਲ ਲੈ ਜਾਂਦੀਆਂ ਹਨ – ਖੋਜ ਪ੍ਰਕਾਸ਼ਨ, ਪ੍ਰੋਟੋਟਾਈਪ, ਅਤੇ ਇੱਥੋਂ ਤੱਕ ਕਿ ਬੌਧਿਕ ਸੰਪਤੀ ਫਾਈਲਿੰਗ ਵੀ। ਨਵੀਨਤਾ ਦਾ ਇਹ ਸੱਭਿਆਚਾਰ ਨਾ ਸਿਰਫ਼ ਵਿਦਿਆਰਥੀਆਂ ਦੇ ਵਿਸ਼ਵਾਸ ਨੂੰ ਵਧਾਉਂਦਾ ਹੈ ਬਲਕਿ ਭਾਰਤ ਦੀ ਗਿਆਨ ਅਰਥਵਿਵਸਥਾ ਨੂੰ ਵੀ ਮਜ਼ਬੂਤ ਕਰਦਾ ਹੈ।

**ਕੇਸ ਸਟੱਡੀਜ਼** : ਭਾਰਤ ਭਰ ਵਿੱਚ, ਕਈ ਪਹਿਲਕਦਮੀਆਂ ਇੰਟਰਨਸ਼ਿਪ ਈਕੋਸਿਸਟਮ ਦੀ ਵਧਦੀ ਡੂੰਘਾਈ ਦੀ ਉਦਾਹਰਣ ਦਿੰਦੀਆਂ ਹਨ:

ਇਲੈਕਟ੍ਰਾਨਿਕਸ ਅਤੇ ਆਈਟੀ ਮੰਤਰਾਲੇ ਦੇ ਅਧੀਨ, ਐਨਆਈਈਐਲਆਈਟੀ ਡਿਜੀਟਲ ਯੂਨੀਵਰਸਿਟੀ, ਏਆਈ, ਸਾਈਬਰ ਸੁਰੱਖਿਆ, ਕਲਾਉਡ ਕੰਪਿਊਟਿੰਗ, ਅਤੇ ਸੈਮੀਕੰਡਕਟਰ ਡਿਜ਼ਾਈਨ ਵਿੱਚ 100 ਤੋਂ ਵੱਧ ਡਿਜੀਟਲ ਕੋਰਸ ਪੇਸ਼ ਕਰਦੀ ਹੈ, ਜੋ ਕਿ ਅਕਾਦਮਿਕ ਅਤੇ ਉਦਯੋਗ ਨੂੰ ਜੋੜਨ ਲਈ ਮਾਈਕ੍ਰੋਸਾਫਟ ਅਤੇ ਡਿਕਸਨ ਵਰਗੇ ਵਿਸ਼ਵਵਿਆਪੀ ਨੇਤਾਵਾਂ ਨਾਲ ਸਾਂਝੇਦਾਰੀ ਕਰਦੀ ਹੈ। ਚਿੱਪ ਟੂ ਸਟਾਰਟਅੱਪ, ਇੱਕ ਹੋਰ ਐਮਈਟੀਵਾਈ ਪਹਿਲ, ਵਿਦਿਆਰਥੀਆਂ ਨੂੰ ਸਵਦੇਸ਼ੀ ਸੈਮੀਕੰਡਕਟਰ ਚਿਪਸ ਡਿਜ਼ਾਈਨ ਕਰਨ ਲਈ ਉਤਸ਼ਾਹਿਤ ਕਰਦੀ ਹੈ, ਜੋ ਕਿ ਭਾਰਤ ਦੇ ਤਕਨੀਕੀ ਸਵੈ-ਨਿਰਭਰਤਾ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੀ ਹੈ। ਨੈਸ਼ਨਲ ਕਰੀਅਰ ਸਰਵਿਸ, ਮਾਈਕ੍ਰੋਸਾਫਟ ਦੇ ਸਹਿਯੋਗ ਨਾਲ, ਆਪਣੀ ਡਿਜੀਸਕਸ਼ਮ ਪਹਿਲਕਦਮੀ ਦੇ ਤਹਿਤ ਡਿਜੀਟਲ ਹੁਨਰ ਅਤੇ ਕਰੀਅਰ ਸਹਾਇਤਾ ਪ੍ਰਦਾਨ ਕਰਦਾ ਹੈ, ਖਾਸ ਤੌਰ 'ਤੇ ਔਰਤਾਂ ਅਤੇ ਅਪਾਹਜ ਨੌਕਰੀ ਲੱਭਣ ਵਾਲਿਆਂ ਨੂੰ ਲਾਭ ਪਹੁੰਚਾਉਂਦਾ ਹੈ। ਇੱਕ ਹੁਨਰਮੰਦ ਭਾਰਤ ਵੱਲ ਭਾਰਤ ਦਾ ਇੰਟਰਨਸ਼ਿਪ ਈਕੋਸਿਸਟਮ ਭਵਿੱਖ ਲਈ ਤਿਆਰ ਕਾਰਜਬਲ ਦੀ ਨੀਂਹ ਹੈ। ਸਿਧਾਂਤਕ ਸਿੱਖਿਆ ਨੂੰ ਅਸਲ-ਸੰਸਾਰ ਸਮੱਸਿਆ-ਹੱਲ ਨਾਲ ਜੋੜ ਕੇ, ਇੰਟਰਨਸ਼ਿਪ ਵਿਦਿਆਰਥੀਆਂ ਨੂੰ ਨਵੀਨਤਾਕਾਰਾਂ, ਖੋਜਕਰਤਾਵਾਂ ਅਤੇ ਉੱਦਮੀਆਂ ਵਿੱਚ ਬਦਲ ਦਿੰਦੀ ਹੈ। ਜਿਵੇਂ-ਜਿਵੇਂ ਦੇਸ਼ ਵਿਕਾਸ ਭਾਰਤ 02047 ਵੱਲ ਅੱਗੇ ਵਧ ਰਿਹਾ ਹੈ, ਇਹ ਪਹਿਲਕਦਮੀਆਂ ਭਾਰਤ ਨੂੰ ਹੁਨਰ ਵਿਕਾਸ, ਖੋਜ ਅਤੇ ਡਿਜੀਟਲ ਨਵੀਨਤਾ ਵਿੱਚ ਵਿਸ਼ਵਵਿਆਪੀ ਲੀਡਰਸ਼ਿਪ ਵੱਲ ਲੈ ਜਾ ਰਹੀਆਂ ਹਨ। ਸਿੱਖਿਆ, ਉਦਯੋਗ ਅਤੇ ਸ਼ਾਸਨ ਵਿਚਕਾਰ ਤਾਲਮੇਲ ਪੇਸ਼ੇਵਰਾਂ ਦੀ ਇੱਕ ਪੀੜ੍ਹੀ ਨੂੰ ਪੋਸ਼ਣ ਦੇ ਰਿਹਾ ਹੈ ਜੋ ਨਾ ਸਿਰਫ਼ ਰੁਜ਼ਗਾਰ ਯੋਗ ਹਨ ਬਲਕਿ ਭਵਿੱਖ ਦੇ ਸਮਰੱਥ ਹਨ – ਇੱਕ ਸਵੈ-ਨਿਰਭਰ, ਗਿਆਨ-ਸੰਚਾਲਿਤ ਭਾਰਤ ਬਣਾਉਣ ਲਈ ਤਿਆਰ ਹਨ।

# ਚੁਣੌਤੀ ਭਰੀ ਘੜੀ



ਡਾ. ਬਲਬੀਰ ਸਿੰਘ ਢੋਲ

ਸੰਨ 2007 ਵਿੱਚ ਮੇਰੀ ਨਿਯੁਕਤੀ ਬਤੌਰ ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ (ਡੀ.ਟੀ.ਓ.) ਮੁਕਤਸਰ ਵਿਖੇ ਸੀ। ਇਹ ਵਿਧਾਨ ਸਭਾ ਚੋਣਾਂ ਦਾ ਸਾਲ ਸੀ। ਡੀ.ਟੀ.ਓ. ਮੁਕਤਸਰ ਲੰਬੀ ਹਲਕੇ ਦਾ ਰਿਟਰਨਿੰਗ ਅਫਸਰ ਹੁੰਦਾ ਹੈ। ਲੰਬੀ ਹਲਕਾ ਪੰਜਾਬ ਦਾ ਉਹ ਹਲਕਾ ਹੈ ਜਿਥੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੋਣ ਲੜਦੇ ਰਹੇ। ਉਸ ਸਮੇਂ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਉਮੀਦਵਾਰ ਸਨ। ਇਸ ਤੋਂ ਪਹਿਲਾਂ ਉਹ ਚਾਰ ਵਾਰ ਮੁੱਖ ਮੰਤਰੀ ਰਹਿ ਚੁੱਕੇ ਸਨ ਅਤੇ ਪੰਜਵੀਂ ਵਾਰ ਦੇ ਸੰਭਾਵੀ ਮੁੱਖ ਮੰਤਰੀ ਸਨ। ਬਤੌਰ ਰਿਟਰਨਿੰਗ ਅਫਸਰ ਉਨ੍ਹਾਂ ਨੇ ਮੇਰੇ ਕੋਲ ਨਾਮਜ਼ਦਗੀ ਪੇਪਰ ਭਰੇ ਸਨ।

ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹਰੇਕ ਉਮੀਦਵਾਰ ਨੂੰ ਆਪਣੀ ਜਾਇਦਾਦ, ਕੋਰਟ ਕੇਸ ਆਦਿ ਦੇ ਵੇਰਵੇ ਨਸ਼ਰ ਕਰਨੇ ਹੁੰਦੇ ਹਨ ਅਤੇ ਰਿਟਰਨਿੰਗ ਅਫਸਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਇਹ ਵੇਰਵੇ ਜਨਤਕ ਕਰੇ। ਇਸ ਲਈ ਬਾਹਰ ਨੋਟਿਸ ਬੋਰਡ ਤੇ ਇਹ ਵੇਰਵੇ ਚਿਪਕਾਉਣੇ ਵੀ ਹੁੰਦੇ ਹਨ। ਇਸ ਸਬੰਧੀ ਮੇਰੇ ਵੱਲੋਂ ਵੀ ਇਹ ਕਾਰਵਾਈ ਕੀਤੀ ਗਈ।

ਨਾਮਜ਼ਦਗੀ ਪੱਤਰ ਭਰਨ ਤੋਂ ਅਗਲੇ ਦਿਨ ਇੱਕ ਵਿਅਕਤੀ ਮੇਰੇ ਦਫਤਰ ਆਇਆ ਅਤੇ ਕਹਿਣ ਲੱਗਾ ਕਿ ਤੁਸੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਜਾਇਦਾਦ/ ਕੋਰਟ ਕੇਸਾਂ ਬਾਰੇ ਵੇਰਵੇ ਨਹੀਂ ਲਗਾਏ ਗਏ। ਮੈਂ ਹੈਰਾਨ ਹੋਇਆ ਅਤੇ ਸਹਿਜ ਸੁਭਾਅ ਹੀ ਉਸ ਨੂੰ ਕਿਹਾ ਕਿ ਮੈਨੂੰ ਯਕੀਨ ਹੈ ਕਿ ਮੈਂ ਲਗਵਾਏ ਸਨ। ਪਰ ਹਾਂ ਜੇ ਕਰ ਉਥੋਂ ਕਿਸੇ ਨੇ ਉਤਾਰ ਦਿੱਤੇ ਤਾਂ ਮੈਂ ਫਿਰ ਤੋਂ ਲਗਵਾ ਦਿੰਦਾ ਹਾਂ। ਮੈਂ ਸੋਚਿਆ ਗੱਲ ਖਤਮ ਹੋ ਗਈ।

ਪਰ ਉਸ ਤੋਂ ਅਗਲੇ ਦਿਨ ਅਖ਼ਬਾਰਾਂ ਵਿੱਚ ਖ਼ਬਰਾਂ ਛਪ ਗਈਆਂ ਕਿ ਰਿਟਰਨਿੰਗ ਅਫਸਰ ਨੇ ਪੇਪਰ ਭਰਨ ਤੋਂ ਅਗਲੇ ਦਿਨ ਕਹਿਣ ਤੋਂ ਬਾਅਦ ਹੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਜਾਇਦਾਦ ਸਬੰਧੀ ਵੇਰਵੇ ਚਿਪਕਾਏ ਹਨ। ਨਾਲ ਹੀ ਦਫ਼ਤਰੀ ਕਰਮਚਾਰੀ ਦੀ ਪੇਪਰ ਚਿਪਕਾਉਣ ਸਮੇਂ ਦੀ ਫੋਟੋ ਲਗਾ ਦਿੱਤੀ। ਮੈਨੂੰ ਸਾਰੀ ਅਸਲੀਅਤ ਪਤਾ ਸੀ ਪਰ ਕਿਉਂਕਿ ਚੋਣਾਂ ਦਾ ਕੰਮ ਬੜਾ ਨਾਜ਼ੁਕ ਹੁੰਦਾ ਹੈ। ਤਤਕਾਲੀ ਡੀ.ਸੀ., ਜੋ ਜ਼ਿਲ੍ਹੇ ਦਾ ਚੋਣ ਅਫਸਰ ਹੁੰਦਾ ਹੈ ਅਤੇ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਮੈਨੂੰ ਫੋਨ ਤੇ ਫੋਨ ਆਉਣੇ ਸ਼ੁਰੂ ਹੋ ਗਏ। ਇਥੋਂ ਤੱਕ ਵੀ ਕਿਹਾ ਗਿਆ ਕਿ ਇੰਨੀ ਵੱਡੀ ਗ਼ਲਤੀ ਕਿਵੇਂ ਹੋ ਗਈ। ਮੈਨੂੰ ਆਪਣੀ ਬਦਲੀ ਹੀ ਨਹੀਂ ਸਗੋਂ ਬਿਨਾ ਕੀਤੀ ਗਲਤੀ ਦੀ ਸਜ਼ਾ ਮਿਲਣ ਦਾ ਡਰ ਸਤਾਉਣ ਲੱਗ ਪਿਆ।

ਮੈਂ ਇਹ ਵੀ ਸਿੱਖਿਆ ਸੀ ਕਿ ਸਰਵਿਸ, ਖਾਸ ਤੌਰ 'ਤੇ ਚੋਣ ਡਿਊਟੀ ਵਿੱਚ ਘਬਰਾਹਟ ਨਾਲੋਂ ਠਰ੍ਹੰਮੇ ਨਾਲ ਸੋਚ ਸਮਝ ਹੀ ਕੰਮ ਆਉਂਦੀ ਹੈ। ਮੈਂ ਆਪਣੇ ਬਚਾਅ ਲਈ ਦਿਮਾਗ 'ਤੇ ਬੋਝ ਪਾਉਣ ਲੱਗਾ। ਇਹ ਖ਼ਬਰ ਨਾਮਜ਼ਦਗੀ ਪੱਤਰ ਭਰਨ ਤੋਂ ਤੀਜੇ ਦਿਨ ਦੀ ਸੀ। ਮੈਂ ਝੱਟ ਹੀ ਨਾਮਜ਼ਦਗੀ ਪੱਤਰ ਭਰਨ ਤੋਂ ਅਗਲੇ ਦਿਨ ਭਾਵ ਇੱਕ ਦਿਨ ਪਿਛਲੇ ਅਖ਼ਬਾਰ ਮੰਗਵਾਏ। ਸਟਾਫ਼ ਨੂੰ ਨਾਲ ਬਿਠਾਇਆ ਅਤੇ ਉਹ ਸਾਰੀਆਂ ਅਖ਼ਬਾਰਾਂ ਦੀਆਂ ਖ਼ਬਰਾਂ ਇਕੱਠੀਆਂ ਕੀਤੀਆਂ ਜਿਨ੍ਹਾਂ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਮੇਤ ਉਸ ਵਿਧਾਨ ਸਭਾ ਦੇ ਬਾਕੀ ਦੇ ਉਮੀਦਵਾਰਾਂ ਦੇ ਵੇਰਵੇ ਦਰਜ ਸਨ। ਫਟਾ-ਫਟ ਡੀ.ਸੀ. ਸਾਹਿਬ ਅਤੇ ਚੋਣ ਕਮਿਸ਼ਨ ਨੂੰ ਫੋਨ ਕੀਤੇ ਕਿ ਮੈਂ ਆਪ ਜੀ ਨੂੰ ਸਪਸ਼ਟੀਕਰਨ ਭੇਜ ਰਿਹਾ ਹਾਂ ਕਿ ਅਗਲੇ ਦਿਨ ਦੀਆਂ ਅਖ਼ਬਾਰਾਂ ਵਿੱਚ ਜਾਇਦਾਦ ਸਬੰਧੀ ਵੇਰਵੇ ਤਾਂ ਹੀ ਲੱਗੇ ਸਨ ਜੇਕਰ ਮੈਂ ਜਨਤਕ ਕੀਤੇ ਸਨ, ਇਹ ਤਾਂ ਐਵੇਂ ਕੋਈ ਵਿਅਕਤੀ ਸ਼ਰਾਰਤ ਕਰ ਗਿਆ ਹੈ ਜੀ।

ਅਖ਼ਬਾਰਾਂ ਦੀਆਂ ਕਾਤਰਾਂ ਸਮੇਤ ਲਿਖਤੀ ਜਵਾਬ ਮੇਲ ਰਾਹੀਂ ਤੁਰੰਤ ਅਤੇ ਬਾਅਦ ਵਿੱਚ ਲਿਖਤੀ ਕਾਪੀ ਭੇਜ ਦਿੱਤੀ। ਇਸ ਤਰ੍ਹਾਂ ਜੋ ਸਮਾਂ ਮੈਂ ਚੰਗੇ ਕੰਮਾਂ ਲਈ ਲਾਉਣਾ ਸੀ ਉਹ ਚੁਣੌਤੀ ਭਰੀ ਘੜੀ ਵਿੱਚੋਂ ਨਿਕਲਣ ਲਈ ਲੱਗ ਗਿਆ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD